@Qpatrika @qaumipatrika punjabi instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

ਦਿਲ्ली, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Monday, 9 June 2025

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸੋਮਵਾਰ 9 ਜੂਨ 2025, 26 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 209, qpatrika@gmail.com ਫੋਨ : 9971359517 www.qaumipatrika.org

# ‘ਖਾਲਿਸਤਾਨ’ ਦੀ ਮੰਗ ਕੌਣ ਕਰ ਰਿਹਾ ਹੈ?

## ਸਿਆਸੀ ਰਣਨੀਤੀਆਂ ਅਤੇ ਮੀਡੀਆ ਦੀ ਗਲਤ ਪੇਸ਼ਕਾਰੀ ਦਾ ਪਰਦਾਫਾਸ਼

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 8 ਜੂਨ: “ਖਾਲਿਸਤਾਨ”ਸ਼ਬਦ, ਜੋ ਕਿ ਸਿੱਖਾਂ ਲਈ ਇਕ ਵੱਖਰਾ ਦੇਸ਼ ਬਣਾਉਣ ਦੀ ਗੱਲ ਕਰਦਾ ਹੈ, ਭਾਰਤ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ। ਹਾਲਾਂਕਿ ਇਹ ਵਿਚਾਰ ਆਜ਼ਾਦੀ ਤੋਂ ਬਾਅਦ ਕਦੇ-ਕਦੇ ਸਾਹਮਣੇ ਆਇਆ, ਪਰ 1980ਵਿਆਂ ਦੇ ਦੌਰਾਨ , ਖ਼ਾਸ ਕਰਕੇ ਉਪਰੇਸ਼ਨ ਬਲੂ ਸਟਾਰ ਅਤੇ 1984 ਦੇ ਸਿੱਖ ਕਤਲੇਆਮ ਤੋਂ ਬਾਅਦ , ਇਸ ਨੇ ਇਕ ਗੰਭੀਰ ਰੂਪ ਧਾਰਨ ਕੀਤਾ। ਪਰ ਅੱਜ ਇਹ ਸਿੱਧਾ ਸਵਾਲ ਖੜਾ ਹੋ ਰਿਹਾ ਹੈ: ਕੀ ਭਾਰਤ ਵਿੱਚ ਅੱਜ ਕੋਈ ਰਜਿਸਟਰਡ ਸਿਆਸੀ ਪਾਰਟੀ ਖਾਲਿਸਤਾਨ ਦੀ ਮੰਗ ਕਰ ਰਹੀ ਹੈ? ਕੀ ਕੋਈ ਚੁਣਿਆ ਹੋਇਆ ਸਿਆਸੀ ਆਗੂ ਅਜਿਹੀ ਮੰਗ ਕਰ ਰਿਹਾ ਹੈ? ਇਸਦਾ ਸਾਫ਼ ਅਤੇ ਸਿਧਾ ਜਵਾਬ ਹੈ: ਨਹੀਂ। ਭਾਰਤ ਵਿੱਚ ਅੱਜ ਕੋਈ ਵੀ ਰਜਿਸਟਰਡ ਪਾਰਟੀ ਜਾਂ ਪ੍ਰਮੁੱਖ ਆਗੂ ਖਾਲਿਸਤਾਨ ਦੀ ਮੰਗ ਨਹੀਂ ਕਰ ਰਿਹਾ। 1984 ਦੇ ਦਹਾਕੇ ਦੀ ਤਰ੍ਹਾਂ ਅੱਜ ਵੀ ਸਿੱਖ ਕੌਮ ਦੇ ਸਵਾਲਾਂ ਅਤੇ ਅਧਿਕਾਰਾਂ ਨੂੰ, ਜਾਇਜ਼ ਨਿਆਂ ਦੀ ਮੰਗ ਨੂੰ, ਅਕਸਰ ÷ਖਾਲਿਸਤਾਨੀ ਸੋਚ÷ ਦੇ ਝੂਠੇ ਟੈਗ ਹੇਠ ਦੱਬਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਕੁਝ ਅਖ਼ਬਾਰੀ ਤੇ ਇਲੈਕਟ?ਰਾਨਿਕ ਮੀਡੀਆ ਚੈਨਲਾਂ ਅਤੇ ਕੁਝ ਸਿਆਸੀ ਗਰੁੱਪਾਂ ਵਲੋਂ ਹਰ ਉਸ ਸਿੱਖ ਆਵਾਜ਼ ਨੂੰ ਖਾਲਿਸਤਾਨੀ ਆਖਿਆ ਗਿਆ, ਜਿਸ ਨੇ ਕਿਸੇ ਤਰ੍ਹਾਂ ਦਾ ਪ੍ਰਸ਼ਨ ਪੁੱਛਿਆ ਹੋਵੇ, ਕਿਸਾਨੀ ਹੱਕ ਲਈ ਆਵਾਜ਼ ਉਠਾਈ ਹੋਵੇ ਜਾਂ ਹੱਕਾਂ ਦੀ ਗੱਲ ਕੀਤੀ ਹੋਵੇ।

ਇਹ ਰਣਨੀਤੀਆਂ:

- ●ਸਿੱਖ ਜਨਤਾ ਦੀ ਆਵਾਜ਼ ਨੂੰ ਦਬਾਉਣ ਲਈ।
- ●ਭਾਰਤੀ ਭਾਈਚਾਰੇ ਵਿਚ ਡਰ ਅਤੇ ਫੁਟ ਪੈਦਾ ਕਰਨ ਲਈ।
- ●ਆਮ ਲੋਕਾਂ ਦੀਆਂ ਮੁੱਹਤਵਪੂਰਨ ਮਸਲਿਆਂ ਤੋਂ ਧਿਆਨ ਹਟਾਉਣ ਲਈ।

ਜੇਕਰ ਭਾਰਤ ਵਿੱਚ ਕੋਈ ਵੀ ਵਿਅਕਤੀ ਜਾਂ ਜਥੇਬੰਦੀ ਵਾਸਤਵ ਵਿੱਚ ਖਾਲਿਸਤਾਨ ਦੀ ਮੰਗ ਕਰ ਰਹੀ ਹੈ, ਤਾਂ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਜਨਤਾ ਦੇ ਸਾਹਮਣੇ ਸਾਫ਼ ਤੌਰ ਤੇ ਉਨ੍ਹਾਂ ਦੇ ਨਾਮ ਉਜਾਗਰ ਕਰੇ। ਨਹੀਂ ਤਾਂ ਖਾਮੋਸ਼ੀ ਅਤੇ ਇਸ਼ਾਰਿਆਂ ਵਿਚ ਆਰੋਪ ਲਗਾਉਣ ਦੀ ਰੀਤ ਨਾਲ ਮਾਸੂਮ ਲੋਕਾਂ ਦੇ ਖਿਲਾਫ਼ ਤਨਾਅ ਅਤੇ ਵਿਦਵੈਸ਼ ਫੈਲਦਾ ਹੈ।

ਸਿੱਖ ਕੌਮ ਨੇ ਭਾਰਤ ਦੀ ਆਜ਼ਾਦੀ, ਏਕਤਾ ਅਤੇ ਸਰਹੱਦੀ ਸੁਰੱਖਿਆ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਹਨ। ਅਜਿਹੇ ਕੌਮ ਦੇ ਸਤਿਕਾਰਯੋਗ ਭੂਮਿਕਾ ਨੂੰ ਵਿਸ਼ਵਾਸਘਾਤੀ ਦੱਸਣਾ ਘਿਨੌਣੀ ਚਾਲ ਹੈ। ਸਿੱਖ ਭਾਈਚਾਰੇ ਅਤੇ ਇਨਸਾਫ਼ ਚਾਹੁਣ ਵਾਲੇ ਲੋਕਾਂ ਵਲੋਂ ਭਾਰਤ ਸਰਕਾਰ ਕੋਲੋਂ ਇਹ ਮੰਗ ਕੀਤੀ ਜਾਂਦੀ ਹੈ:

1. ਜੇ ਕੋਈ ਖਾਲਿਸਤਾਨ ਦੀ ਮੰਗ ਕਰਦਾ ਹੈ ਤਾਂ ਉਸਦਾ ਨਾਂ ਅਤੇ ਸਬੂਤ ਜਨਤਾ ਸਾਹਮਣੇ ਰੱਖੇ ਜਾਣ।
2. ਸਿੱਖਾਂ ਦੇ ਹਰ ਹੱਕੀ ਮਤਲਬ ਜਾਂ ਆਵਾਜ਼ ਨੂੰ ਖਾਲਿਸਤਾਨੀ ਆਖਣ ਦੀ ਪ੍ਰਥਾ ਤੁਰੰਤ ਬੰਦ ਕੀਤੀ ਜਾਵੇ।
3. ਅਜਿਹੇ ਮੀਡੀਆ ਹਾਊਸਾਂ ਖਿਲਾਫ਼ ਕਾਰਵਾਈ ਹੋਵੇ ਜੋ ਬੇਬੁਨਿਆਦ ਖਬਰਾਂ ਪੈਦਾ ਕਰਦੇ ਹਨ।

ਭਾਰਤ ਦਾ ਲੋਕਤੰਤਰ ਸੱਚ, ਇਨਸਾਫ਼ ਅਤੇ ਨੈਤਿਕਤਾ ਉੱਤੇ ਖੜਾ ਹੋਣਾ ਚਾਹੀਦਾ ਹੈ ਨਾਂ ਕਿ ਡਰ, ਰਣਨੀਤੀਆਂ ਅਤੇ ਝੂਠੇ ਦੋਸ਼ਾਂ ਉੱਤੇ।




# ਇਤਿਹਾਸਕ ਗੁਰਦੁਆਰਿਆਂ ਦੀ ਵਾਪਸੀ ਲਈ ਸਿੱਖ ਕੌਮ ਦੀ ਜ਼ੋਰਦਾਰ ਮੰਗ

ਵਿਸ਼ੇਸ਼ ਰਿਪੋਰਟ
**ਗੁਰਚਰਨ ਸਿੰਘ ਬੱਬਰ**

ਨਵੀਂ ਦਿੱਲੀ, 8 ਜੂਨ: ਸਿੱਖ ਧਰਮ ਦੇ ਪਹਿਲੇ ਗੁਰੂ, ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਤਿੰਨ ਇਤਿਹਾਸਕ ਗੁਰਦੁਆਰਿਆਂ ਦੀ ਤਬਾਹੀ ਅਤੇ ਕਬਜ਼ੇ ਨੂੰ ਲੈ ਕੇ ਸਿੱਖ ਕੌਮ ਨੇ ਇੱਕ ਵਾਰ ਫਿਰ ਜ਼ੋਰਦਾਰ ਮੰਗ ਚੁੱਕੀ ਹੈ ਕਿ ਇਨ੍ਹਾਂ ਪਵਿੱਤਰ ਥਾਵਾਂ ਨੂੰ ਤੁਰੰਤ ਮੁੜ ਸਥਾਪਤ ਕੀਤਾ ਜਾਵੇ ਅਤੇ ਸਿੱਖ ਕੌਮ ਨੂੰ ਇਹਨਾਂ ਦੀ ਮਾਲਕੀ ਵਾਪਸ ਦਿੱਤੀ ਜਾਵੇ । ਇਹਨਾਂ ਗੁਰਦੁਆਰਿਆਂ ਨੂੰ ਪਹਿਲਾਂ ਅਪਰਾਧੀਆਂ ਨੇ ਨਸ਼ਟ ਕੀਤਾ ਅਤੇ ਫਿਰ ਸਰਕਾਰੀ ਏਜੰਸੀਆਂ ਵੱਲੋਂ ਭੀ ਬੇਰੁਖੀ ਨਾਲ ਉਨ੍ਹਾਂ ਦੀ ਅਣਦੇਖੀ ਕੀਤੀ ਗਈ। ਇਹ ਤਿੰਨ ਗੁਰਦੁਆਰੇ ਸਿੱਖ ਧਰਮ ਦੇ ਇਤਿਹਾਸ, ਸੱਭਿਆਚਾਰ ਅਤੇ ਆਤਮਕ ਵਿਰਾਸਤ ਨਾਲ ਗਹਿਰੀ ਤਰ੍ਹਾਂ ਜੁੜੇ ਹੋਏ ਹਨ ।

**1. ਸ਼੍ਰੀ ਗਿਆਨ ਗੋਦੜੀ ਸਾਹਿਬ, ਹਰਿਦੁਆਰ - ਏਕਤਾ ਦਾ ਪ੍ਰਤੀਕ ਮਿਟਾਇਆ ਗਿਆ**

ਹਰਿ ਕੀ ਪੌੜੀ, ਹਰਿਦੁਆਰ ‘ਤੇ ਸਥਿਤ ਸ਼੍ਰੀ ਗਿਆਨ ਗੋਦੜੀ ਸਾਹਿਬ ਉਹ ਇਤਿਹਾਸਕ ਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਇਕਤਾ, ਪਿਆਰ ਅਤੇ ਭਾਈਚਾਰੇ ਦਾ ਉਪਦੇਸ਼ ਦਿੱਤਾ। ਇਹ ਗੁਰਦੁਆਰਾ ਨਵੰਬਰ 1984 ਦੇ ਕਤਲੇਆਮ ਮਗਰੋਂ ਤਬਾਹ ਕਰ ਦਿੱਤਾ ਗਿਆ। ਤਬ ਤੋਂ ਲੈ ਕੇ ਅੱਜ ਤੱਕ ਸਿੱਖ ਕੌਮ ਵੱਲੋਂ ਇਸ ਦੀ ਮੁੜ-ਸਥਾਪਨਾ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਨੂੰ ਸਧਾਰਨ ਤੌਰ ’ਤੇ ਸਰਕਾਰ ਨੇ ਨਜ਼ਰਅੰਦਾਜ਼ ਕੀਤਾ ਹੈ।

**2. ਸ਼੍ਰੀ ਮੰਗੂ ਮਠ ਸਾਹਿਬ, ਜਗੰਨਾਥ ਪੁਰੀ - ਜ਼ਮੀਰ ਦੀ ਗਿਰਫ਼ਤ ਵਿੱਚ ਪਵਿੱਤਰ ਸਥਾਨ**

ਉੜੀਸਾ ਦੇ ਜਗੰਨਾਥ ਪੁਰੀ ਵਿਖੇ ਸਥਿਤ ਸ਼੍ਰੀ ਮੰਗੂ ਮਠ ਸਾਹਿਬ ਉਹ ਪਵਿੱਤਰ ਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਚਰਚਾ ਕੀਤੀ ਸੀ। ਅੱਜ ਇਹ ਗੁਰਦੁਆਰਾ ਸਥਾਨਕ ਅਨਾਏਤ ਤੱਤਾਂ ਅਤੇ ਸਰਕਾਰੀ ਏਜੰਸੀਆਂ ਦੇ ਕਬਜ਼ੇ ਹੇਠ ਹੈ। ਸਿੱਖ ਕੌਮ ਨੂੰ ਨਾਂ ਹੀ ਇਥੇ ਗੁਰਦੁਆਰਾ ਬਣਾਉਣ ਦੀ ਇਜਾਜ਼ਤ ਮਿਲੀ ਹੈ, ਨਾਂ ਹੀ ਮਾਲਕੀ ਦਾ ਹੱਕ।









**3. ਸ਼੍ਰੀ ਡੰਗ ਮਾਰ ਸਾਹਿਬ, ਸਿੱਖਿਮ - ਗੁਰੂ ਦੀ ਯਾਦ ਮਿਟਾ ਦਿੱਤੀ ਗਈ**

ਸਿੱਖਿਮ ਵਿੱਚ ਸਥਿਤ ਸ਼੍ਰੀ ਡੰਗ ਮਾਰ ਸਾਹਿਬ, ਜਿੱਥੇ ਗੁਰੂ ਨਾਨਕ ਦੇਵ ਜੀ ਉੱਤਰ-ਪੂਰਬੀ ਭਾਰਤ ਦੇ ਯਾਤਰਾ ਦੌਰਾਨ ਠਹਿਰੇ ਸਨ, ਉਸ ਪਵਿੱਤਰ ਥਾਂ ਨੂੰ ਵੀ ਤਬਾਹ ਕਰ ਦਿੱਤਾ ਗਿਆ। ਸਿੱਖ ਕੌਮ ਦੀਆਂ ਲਗਾਤਾਰ ਮੰਗਾਂ ਦੇ ਬਾਵਜੂਦ, ਅੱਜ ਤੱਕ ਨਾ ਤਾਂ ਕੋਈ ਜਾਂਚ ਹੋਈ ਹੈ, ਨਾ ਹੀ ਇਨ੍ਹਾਂ ਥਾਵਾਂ ਦੀ ਮੁੜ-ਸਥਾਪਨਾ ਲਈ ਕੋਈ ਕਦਮ ਚੁੱਕਿਆ ਗਿਆ ਹੈ।

**ਸਿੱਖ ਸੰਗਠਨਾਂ, ਧਾਰਮਿਕ ਅਧਿਆਪਕਾਂ ਅਤੇ ਵਿਦਵਾਨਾਂ ਨੇ ਸਰਕਾਰ ਕੋਲ ਮੰਗ ਰੱਖੀ ਹੈ ਕਿ:**

ਇਨ੍ਹਾਂ ਇਤਿਹਾਸਕ ਸਥਾਵਾਂ ਦੀ ਜਾਂਚ ਲਈ ਉੱਚ ਪੱਧਰੀ ਕਮਿਸ਼ਨ ਬਣਾਇਆ ਜਾਵੇ

ਗੁਰਦੁਆਰਿਆਂ ਦੀ ਮੁੜ-ਸਥਾਪਨਾ ਅਤੇ ਇਮਾਰਤਾਂ ਦੀ ਮਰੰਮਤ ਕੀਤੀ ਜਾਵੇ

ਇਨ੍ਹਾਂ ਸਥਾਨਾਂ ਦੀ ਮਾਲਕੀ ਸਿੱਖ ਪੰਥ ਨੂੰ ਵਾਪਸ ਸੌਂਪੀ ਜਾਵੇ

ਸਿੱਖ ਇਤਿਹਾਸ ਨੂੰ ਮਿਟਾਇਆ ਨਹੀਂ ਜਾ ਸਕਦਾ। ਇਹ ਇਤਿਹਾਸ ਸਾਡੀ ਸ਼ਨਾਖਤ ਹੈ। ਇਹ ਸਾਡਾ ਅਧਿਕਾਰ ਹੈ। ਇਹ ਸਾਡੇ ਗੁਰੂ ਨਾਨਕ ਦੇਵ ਜੀ ਦੀ ਸਿਧਾਂਤਕ ਵਿਰਾਸਤ ਹੈ। ਇਨ੍ਹਾਂ ਗੁਰਦੁਆਰਿਆਂ ਦੀ ਵਾਪਸੀ ਸਿੱਖ ਕੌਮ ਲਈ ਸਿਰਫ਼ ਧਾਰਮਿਕ ਮਾਮਲਾ ਨਹੀਂ, ਸਤਿਕਾਰ ਅਤੇ ਇਨਸਾਫ ਦਾ ਮਾਮਲਾ ਹੈ। ਸਿੱਖ ਕੌਮ ਦਾ ਇਹ ਸਾਫ਼ ਸੁਨੇਹਾ ਹੈ ਕਿ ਅਸੀਂ ਇਨ੍ਹਾਂ ਇਤਿਹਾਸਕ ਗੁਰਦੁਆਰਿਆਂ ਤੋਂ ਬਿਨਾਂ ਕਦੇ ਵੀ ਪਿੱਛੇ ਨਹੀਂ ਹਟਾਂਗੇ। ਇਨਸਾਫ ਲੈ ਕੇ ਰਹਾਂਗੇ।

## ਕਾਂਗਰਸ ਨੇ ਪ੍ਰਧਾਨ ਮੰਤਰੀ ਮੋਦੀ ’ਤੇ ਅਸੰਵੇਦਨਸ਼ੀਲਤਾ ਦਾ ਲਾਇਆ ਦੋਸ਼

ਨੈਸ਼ਨਲ ਡੈਸਕ, 8 ਜੂਨ: ਕਾਂਗਰਸ ਨੇ ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਮਣੀਪੁਰ ਦੇ ਲੋਕਾਂ ਦੇ ਦੁੱਖਾਂ ਪ੍ਰਤੀ ਅਸੰਵੇਦਨਸ਼ੀਲ ਹੋਣ ਦਾ ਦੋਸ਼ ਲਗਾਇਆ, ਕਿਉਂਕਿ ਰਾਜ ਦੇ ਕੁਝ ਹਿੱਸਿਆਂ ਵਿੱਚ ਹਿੰਸਾ ਦੀਆਂ ਘਟਨਾਵਾਂ ਮੁੜ ਸਾਹਮਣੇ ਆਈਆਂ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ’ਤੇ ਇੱਕ ਪੋਸਟ ਵਿੱਚ ਕਿਹਾ ਕਿ ਮਣੀਪੁਰ ਦੇ ਲੋਕਾਂ ਦਾ ਦਰਦ, ਦੁੱਖ ਅਤੇ ਬੇਵਸੀ ਹੁਣ ਵੀ ਖ਼ਤਮ ਹੋਣ ਦਾ ਨਾਮ ਨਹੀਂ ਲੈ ਰਹੀ, ਕਿਉਂਕਿ ਪਿਛਲੇ 24 ਘੰਟਿਆਂ ਵਿੱਚ ਰਾਜ ਦੇ ਪੰਜ ਜ਼ਿਲ੍ਹੇ ਇੰਫਾਲ ਪੱਛਮੀ, ਇੰਫਾਲ ਪੂਰਬੀ, ਥੌਬਲ, ਕਾਕਚਿੰਗ ਅਤੇ ਬਿਸ਼ਨੂਪੁਰ ਫਿਰ ਤੋਂ ਹਿੰਸਾ ਦੀ ਲਪੇਟ ਵਿਚ ਆ ਚੁੱਕੇ ਹਨ। ਪੁਲਸ ਨੇ ਦੱਸਿਆ ਕਿ ਮੀਤੇਈ ਸੰਗਠਨ ਦੇ ਨੇਤਾ ਅਰੰਬਾਈ ਤੇਂਗੋਲ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਹੋਏ ਹਿੰਸਕ ਵਿਰੋਧ ਪ੍ਰਦਰਸ਼ਨਾਂ ਤੋਂ ਇੱਕ ਦਿਨ ਬਾਅਦ ਐਤਵਾਰ ਨੂੰ ਸਥਿਤੀ ਤਣਾਅਪੂਰਨ ਬਣੀ ਰਹੀ। ਪ੍ਰਸ਼ਾਸਨ ਨੇ ਇੰਫਾਲ ਘਾਟੀ ਦੇ ਪੰਜ ਜ਼ਿਲ੍ਹਿਆਂ ਵਿੱਚ ਕਰਫਿਊ ਲਗਾ ਦਿੱਤਾ ਅਤੇ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ।

# ਰਾਹੁਲ ਦੇ ਦੋਸ਼ਾਂ ’ਤੇ ਚੋਣ ਕਮਿਸ਼ਨ ਦੀ ਦੋ ਟੂਕ

ਕੌਮੀ ਪਤ੍ਰਿਕਾ
**ਪਤਰ ਪਰੇਰਕ**

ਨਵੀਂ ਦਿੱਲੀ, 8 ਜੂਨ: ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ’ਚ ਧਾਂਦਲੀ ਦੇ ਦੋਸ਼ਾਂ ਸੰਬੰਧੀ ਰਾਹੁਲ ਗਾਂਧੀ ਦੇ ਲੇਖ ’ਤੇ ਚੋਣ ਕਮਿਸ਼ਨ ਤੋਂ ਸਪੱਸ਼ਟੀਕਰਨ ਮੰਗੇ ਜਾਣ ਤੋਂ ਇਕ ਦਿਨ ਬਾਅਦ, ਕਮਿਸ਼ਨ ਨਾਲ ਜੁੜੇ ਸੂਤਰਾਂ ਨੇ ਐਤਵਾਰ ਨੂੰ ਕਿਹਾ ਕਿ ਇਹ ਸੰਵਿਧਾਨਕ ਸੰਸਥਾ ਉਦੋਂ ਹੀ ਜਵਾਬ ਦੇਵੇਗੀ ਜਦੋਂ ਵਿਰੋਧੀ ਧਿਰ ਦੇ ਨੇਤਾ ਸਿੱਧੇ ਤੌਰ ’ਤੇ ਪੱਤਰ ਭੇਜਣਗੇ। ਆਪਣੇ ਸੰਪਰਕ ਅਭਿਆਨ ਦੇ ਤਹਿਤ, ਚੋਣ ਕਮਿਸ਼ਨ ਨੇ ਸਾਰੀਆਂ 6 ਰਾਸ਼ਟਰੀ ਪਾਰਟੀਆਂ ਨੂੰ ਵੱਖ-ਵੱਖ ਗੱਲਬਾਤ ਲਈ ਸੱਦਾ ਦਿੱਤਾ ਸੀ, ਜਦਕਿ ਪੰਜ ਹੋਰ ਪਾਰਟੀਆਂ ਨੇ ਕਮਿਸ਼ਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ, ਪਰ ਕਾਂਗਰਸ ਨੇ 15 ਮਈ ਦੀ ਮੀਟਿੰਗ ਰੱਦ ਕਰ ਦਿੱਤੀ। ਰਾਹੁਲ ਗਾਂਧੀ ਵੱਲੋਂ ਮਹਾਰਾਸ਼ਟਰ ਦੇ ਪੋਲਿੰਗ ਸਟੇਸ਼ਨਾਂ ਦੀ ਸ਼ਾਮ ਦੀ ਸੀਸੀਟੀਵੀ ਫੁਟੇਜ ਮੰਗੇ ਜਾਣ ਸੰਬੰਧੀ ਇਕ ਸਵਾਲ ਦੇ ਜਵਾਬ ’ਚ ਸੂਤਰਾਂ ਨੇ ਕਿਹਾ




ਕਿ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ, ਚੋਣ ਪਟੀਸ਼ਨ ਦਾਇਰ ਹੋਣ ’ਤੇ ਪੋਲਿੰਗ ਸਟੇਸ਼ਨਾਂ ਦੀ ਸੀਸੀਟੀਵੀ ਫੁਟੇਜ ਦੀ ਜਾਂਚ ਸਿਰਫ ਸੰਬੰਧਤ ਹਾਈ ਕੋਰਟ ਹੀ ਕਰ ਸਕਦੀ ਹੈ। ਕਮਿਸ਼ਨ ਦੇ ਇਕ ਅਧਿਕਾਰੀ ਨੇ ਕਿਹਾ ਕਿ ਚੋਣਾਂ ਦੀ ਸ਼ੁੱਧਤਾ ਦੇ ਨਾਲ-ਨਾਲ ਵੋਟਰਾਂ ਦੀ ਗੋਪਨੀਯਤਾ ਦੀ ਰਾਖੀ ਲਈ ਚੋਣ ਕਮਿਸ਼ਨ ਅਜਿਹਾ ਕਰਦਾ ਹੈ। ਰਾਹੁਲ ਗਾਂਧੀ ਵੋਟਰਾਂ ਦੀ ਗੋਪਨੀਯਤਾ ਦਾ ਉਲੰਘਣ ਕਿਉਂ ਕਰਨਾ ਚਾਹੁੰਦੇ ਹਨ, ਜਿਸ ਦੀ ਚੋਣ ਕਾਨੂੰਨਾਂ ਅਨੁਸਾਰ ਚੋਣ ਕਮਿਸ਼ਨ ਨੂੰ ਰਾਖੀ ਕਰਨੀ ਪੈਂਦੀ ਹੈ? ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਗੜਬੜੀ ਨਾਲ ਨਜਿੱਠਣ ਲਈ ਗਾਂਧੀ ਨੂੰ ਹਾਈ ਕੋਰਟਾਂ ’ਤੇ ਭਰੋਸਾ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਵੋਟਰ ਸੂਚੀ ’ਚ ਹੇਰਾਫੇਰੀ ਦਾ ਦੋਸ਼ ਲਗਾ ਕੇ ਗਾਂਧੀ ਨੇ ਅਸਲ ਵਿਚ ਆਪਣੀ ਹੀ ਪਾਰਟੀ ਵੱਲੋਂ ਨਿਯੁਕਤ ਬੂਥ ਪੱਧਰ ਦੇ ਏਜੰਟਾਂ ਅਤੇ ਮਹਾਰਾਸ਼ਟਰ ’ਚ ਆਪਣੀ ਪਾਰਟੀ ਦੇ ਉਮੀਦਵਾਰਾਂ ਵੱਲੋਂ ਨਿਯੁਕਤ ਪੋਲਿੰਗ ਤੇ ਗਿਣਤੀ ਏਜੰਟਾਂ ’ਤੇ ਸਵਾਲ ਉਠਾਏ ਹਨ।

## ਐੱਨ.ਡੀ.ਏ. ਸਰਕਾਰ ਨੇ 11 ਸਾਲਾਂ ’ਚ ਔਰਤਾਂ ਦੀ ਅਗਵਾਈ ਵਾਲੇ ਵਿਕਾਸ ਨੂੰ ਮੁੜ ਪਰਿਭਾਸ਼ਿਤ ਕੀਤਾ: ਪ੍ਰਧਾਨ ਮੰਤਰੀ ਮੋਦੀ

ਨਵੀਂ ਦਿੱਲੀ , 8 ਜੂਨ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਦੇ ਤੀਜੇ ਕਾਰਜਕਾਲ ਦੇ ਇਕ ਸਾਲ ਪੂਰਾ ਹੋਣ ਤੋਂ ਇਕ ਦਿਨ ਪਹਿਲਾ ਐਤਵਾਰ ਨੂੰ ਕਿਹਾ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਰਾਸ਼ਟਰੀ ਲੋਕਤੰਤਰੀ ਗੱਠਜੋੜ (ਐੱਨ.ਡੀ.ਏ.) ਨੇ ਆਪਣੇ 11 ਸਾਲਾਂ ਦੇ ਕਾਰਜਕਾਲ ਵਿੱਚ ਔਰਤਾਂ ਦੀ ਅਗਵਾਈ ਵਾਲੇ ਵਿਕਾਸ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ’ਐਕਸ’ ’ਤੇ ਬੋਲਦੇ ਕਿਹਾ ਕਿ ਔਰਤਾਂ ਵਿਗਿਆਨ, ਸਿੱਖਿਆ, ਖੇਡਾਂ, ਸਟਾਰਟਅੱਪ ਅਤੇ ਹਥਿਆਰਬੰਦ ਬਲਾਂ ਸਮੇਤ ਸਾਰੇ ਖੇਤਰਾਂ ਵਿੱਚ ਉੱਤਮ ਪ੍ਰਦਰਸ਼ਨ ਕਰ ਰਹੀਆਂ ਹਨ ਅਤੇ ਲੋਕਾਂ ਲਈ ਪ੍ਰੇਰਨਾ ਬਣ ਰਹੀਆਂ ਹਨ। ਕਈ ਭਲਾਈ ਪ੍ਰੋਗਰਾਮਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਔਰਤਾਂ ਨੂੰ ਬਹੁਤ ਲਾਭ ਪਹੁੰਚਾਇਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਵੱਛ ਭਾਰਤ ਰਾਹੀਂ ਮਾਣ-ਸਨਮਾਨ ਯਕੀਨੀ ਬਣਾਉਣ ਤੋਂ ਲੈ ਕੇ ਜਨ ਧਨ ਖਾਤਿਆਂ ਰਾਹੀਂ ਵਿੱਤੀ ਸਮਾਵੇਸ਼ ਤੱਕ ਵੱਖ-ਵੱਖ ਪਹਿਲਕਦਮੀਆਂ ਔਰਤਾਂ ਦੇ ਸਸ਼ਕਤੀਕਰਨ ’ਤੇ ਕੇਂਦ੍ਰਿਤ ਹਨ। ਉਨ੍ਹਾਂ ਕਿਹਾ ਕਿ ਜਿੱਥੇ ਗਰੀਬ ਪਰਿਵਾਰਾਂ ਨੂੰ ਉੱਜਵਲਾ ਯੋਜਨਾ ਰਾਹੀਂ ਗੈਸ ਸਿਲੰਡਰ ਮਿਲੇ, ਧੂੰਆਂ-ਮੁਕਤ ਰਸੋਈਆਂ ਪ੍ਰਦਾਨ ਕੀਤੀਆਂ ਗਈਆਂ, ਉੱਥੇ ਮੁਦਰਾ ਕਰਜ਼ਿਆਂ ਨੇ ਲੱਖਾਂ ਮਹਿਲਾ ਉੱਦਮੀਆਂ ਨੂੰ ਆਪਣੀਆਂ ਸ਼ਰਤਾਂ ’ਤੇ ਆਪਣੇ ਸੁਫ਼ਨਿਆਂ ਨੂੰ ਪੂਰਾ ਕਰਨ ਦੇ ਯੋਗ ਬਣਾਇਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਔਰਤਾਂ ਦੇ ਨਾਮ ’ਤੇ ਬਣਾਏ ਗਏ ਘਰਾਂ ਨੇ ਵੀ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਮੋਦੀ ਨੇ ਕਿਹਾ ਕਿ ’ਬੇਟੀ ਬਚਾਓ ਬੇਟੀ ਪੜ੍ਹਾਓ’ ਪ੍ਰੋਗਰਾਮ ਨੇ ਬੱਚੀਆਂ ਦੀ ਸੁਰੱਖਿਆ ਲਈ ਇੱਕ ਰਾਸ਼ਟਰੀ ਅੰਦੋਲਨ ਦੀ ਲਾਟ ਜਗਾਈ। ਪ੍ਰਧਾਨ ਮੰਤਰੀ ਨੇ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਪਹਿਲਕਦਮੀਆਂ ਨਾਲ ਸਬੰਧਤ ਪੋਸਟਾਂ ਵੀ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿੱਚ ਸਰਕਾਰੀ ਯੋਜਨਾਵਾਂ ਦੁਆਰਾ ਔਰਤਾਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਦੀ ਸੂਚੀ ਦਿੱਤੀ ਗਈ ਸੀ। ਇਨ੍ਹਾਂ ਪੋਸਟਾਂ ਵਿੱਚ ਕਿਹਾ ਗਿਆ ਹੈ ਕਿ ਦੇਸ਼ ਵਿੱਚ ਜੀਵਤ ਜਨਮਾਂ ’ਤੇ ਮਾਵਾਂ ਦੀ ਮੌਤ ਦਰ ਅਨੁਪਾਤ 2011-13 ਵਿੱਚ ਪ੍ਰਤੀ ਲੱਖ 167 ਤੋਂ ਘੱਟ ਕੇ 2019-21 ਵਿੱਚ ਪ੍ਰਤੀ ਲੱਖ 93 ਹੋ ਗਈ ਅਤੇ ਟੂਟੀ ਦਾ ਪਾਣੀ ਪ੍ਰਾਪਤ ਕਰਨ ਵਾਲੇ ਘਰਾਂ ਦੀ ਗਿਣਤੀ ਅਗਸਤ 2019 ਵਿੱਚ 3.23 ਕਰੋੜ ਤੋਂ ਵੱਧ ਕੇ ਮਈ 2025 ਵਿੱਚ 15.64 ਕਰੋੜ ਹੋ ਗਈ ਹੈ। ਇਸ ਵਿਚ ਔਰਤਾਂ ਲਈ ਕਈ ਹੋਰ ਭਲਾਈ ਉਪਾਵਾਂ ਨੂੰ ਉਜਾਗਰ ਕਰਦੇ ਹੋਏ ਦੱਸਿਆ ਗਿਆ ਕਿ ਉੱਜਵਲਾ ਯੋਜਨਾ ਤਹਿਤ 10 ਕਰੋੜ ਤੋਂ ਵੱਧ ਕੁਨੈਕਸ਼ਨ ਦਿੱਤੇ ਗਏ ਸਨ। ਪ੍ਰਧਾਨ ਮੰਤਰੀ ਨੇ ਪੋਸਟ ਵਿੱਚ ਕਿਹਾ, ÷ਸਾਡੀਆਂ ਮਾਵਾਂ, ਭੈਣਾਂ ਅਤੇ ਧੀਆਂ ਨੇ ਉਹ ਸਮਾਂ ਦੇਖਿਆ ਹੈ, ਜਦੋਂ ਉਨ੍ਹਾਂ ਨੂੰ ਹਰ ਕਦਮ ’ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ ਅੱਜ ਉਹ ਨਾ ਸਿਰਫ਼ ਵਿਕਸਤ ਭਾਰਤ ਦੇ ਸੰਕਲਪ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੀਆਂ ਹਨ, ਸਗੋਂ ਸਿੱਖਿਆ ਤੋਂ ਲੈ ਕੇ ਕਾਰੋਬਾਰ ਤੱਕ ਹਰ ਖੇਤਰ ਵਿੱਚ ਉਦਾਹਰਣਾਂ ਵੀ ਕਾਇਮ ਕਰ ਰਹੀਆਂ ਹਨ। ਪਿਛਲੇ 11 ਸਾਲਾਂ ਵਿੱਚ ਸਾਡੀ ਨਾਰੀ ਸ਼ਕਤੀ ਦੀਆਂ ਸਫਲਤਾਵਾਂ ਦੇਸ਼ ਵਾਸੀਆਂ ਨੂੰ ਮਾਣ ਦਿਵਾਉਣ ਵਾਲੀਆਂ ਹਨ।

# ਦਿੱਲੀ ਹੋ ਗਈ ਸ਼ਰਮਸਾਰ ! ਘਰੋਂ ਬਰਫ਼ ਲੈਣ ਗਈ ਕੁੜੀ ਨਾਲ ਹੋਈ ਦਰਿੰਦਗੀ

ਕੌਮੀ ਪਤ੍ਰਿਕਾ
**ਪਤਰ ਪਰੇਰਕ**

ਨਵੀਂ ਦਿੱਲੀ, 8 ਜੂਨ: ਉੱਤਰ-ਪੂਰਬੀ ਦਿੱਲੀ ਦੇ ਦਯਾਲਪੁਰ ਵਿੱਚ ਇੱਕ ਨੌਂ ਸਾਲ ਦੀ ਲੜਕੀ ਨੂੰ ਇੱਕ ਗੁਆਂਢੀ ਦੇ ਘਰ ਵਿੱਚ ਸੂਟਕੇਸ ਵਿੱਚ ਤੂਸਿਆ ਹੋਇਆ ਪਾਇਆ ਗਿਆ, ਜਿਸ ਨਾਲ ਪਰਿਵਾਰ ਅਤੇ ਸਥਾਨਕ ਲੋਕਾਂ ਨੇ ਜਿਨਸੀ ਸ਼ੋਸ਼ਣ ਅਤੇ ਹੱਤਿਆ ਦੇ ਦੋਸ਼ ਲਗਾਉਂਦਿਆਂ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ। ਐਤਵਾਰ ਨੂੰ ਖੇਤਰ ਵਿੱਚ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਪੁਲਿਸ ਅਤੇ ਅਰਧ ਸੈਨਿਕ ਬਲ ਤਾਇਨਾਤ ਕੀਤੇ ਗਏ ਹਨ। ਪੁਲਿਸ ਸੂਤਰਾਂ ਨੇ ਦੱਸਿਆ ਕਿ ਦੋਸ਼ੀ ਨੇ ਲੜਕੀ ਨੂੰ ਸੂਟਕੇਸ ਵਿੱਚ ਤੂਸ ਕੇ ਫਰਾਰ ਹੋ ਗਿਆ ਜਾਪਦਾ ਹੈ। ਦਿੱਲੀ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਵਿੱਚ ਜਿਨਸੀ ਸ਼ੋਸ਼ਣ ਵੀ ਸ਼ਾਮਲ ਹੈ। “ਅਸੀਂ ਮੌਤ ਦੇ ਕਾਰਨ ਦੀ ਪੁਸ਼ਟੀ ਲਈ ਪੋਸਟਮਾਰਟਮ ਰਿਪੋਰਟ ਦੀ ਉਡੀਕ ਕਰ ਰਹੇ ਹਾਂ। ਫਰਾਰ ਦੋਸ਼ੀ ਨੂੰ ਫੜਨ ਲਈ ਟੀਮਾਂ ਬਣਾਈਆਂ ਗਈਆਂ ਹਨ। ਅਸੀਂ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਲੈ ਰਹੇ ਹਾਂ,”ਇੱਕ ਪੁਲਿਸ ਅਧਿਕਾਰੀ ਨੇ ਕਿਹਾ। ਪੀੜਤ ਦੇ ਪਰਿਵਾਰ ਨੇ ਦੱਸਿਆ ਕਿ ਬੱਚੀ ਸ਼ਾਮ 7 ਵਜੇ ਦੇ ਕਰੀਬ ਨੇੜੇ ਰਹਿੰਦੇ ਇੱਕ ਰਿਸ਼ਤੇਦਾਰ ਨੂੰ ਬਰਫ ਦੇਣ ਗਈ ਸੀ। ਜਦੋਂ ਉਹ ਕਾਫੀ ਦੇਰ ਤੱਕ ਘਰ ਨਾ ਪਰਤੀ, ਤਾਂ ਉਸ ਦੇ ਮਾਤਾ-ਪਿਤਾ ਨੇ ਉਸ ਨੂੰ ਲੱਭਣਾ ਸ਼ੁਰੂ ਕਰ ਦਿੱਤਾ। ਪੀੜਤ ਦੇ ਪਿਤਾ ਦੇ ਅਨੁਸਾਰ, ਉਨ੍ਹਾਂ ਨੇ ਕਈ ਰਿਸ਼ਤੇਦਾਰਾਂ ਅਤੇ ਗੁਆਂਢੀਆਂ ਨਾਲ ਸੰਪਰਕ ਕੀਤਾ, ਪਰ ਕਿਸੇ ਨੇ ਵੀ ਉਸ ਨੂੰ ਰਿਸ਼ਤੇਦਾਰ ਦੇ ਘਰ ਦੀ ਛੋਟੀ ਜਿਹੀ ਮੁਲਾਕਾਤ ਤੋਂ ਬਾਅਦ ਨਹੀਂ ਦੇਖਿਆ। ਅਸੀਂ ਹਰ ਜਗ?ਹਾ ਲੱਭਿਆ। ਆਖਰਕਾਰ, ਕਿਸੇ ਨੇ ਸਾਨੂੰ ਦੱਸਿਆ ਕਿ ਉਸ ਨੂੰ ਨੇੜੇ ਦੇ ਇੱਕ ਘਰ ਵਿੱਚ ਜਾਂਦੇ ਦੇਖਿਆ ਗਿਆ ਸੀ। ਲੜਕੀ ਦੇ ਪਿਤਾ ਨੇ ਦੋਸ਼ ਲਗਾਇਆ ਕਿ ਜਦੋਂ ਉਹ ਘਰ ਪਹੁੰਚਿਆ, ਤਾਂ ਉਹ ਤਾਲਾਬੰਦ ਸੀ। ਸ਼ੱਕ ਹੋਣ ’ਤੇ, ਉਸ ਨੇ ਤਾਲਾ ਤੋੜਿਆ ਅਤੇ ਕਮਰੇ ਵਿੱਚ ਦਾਖਲ ਹੋਇਆ। ਅੰਦਰ, ਉਸ ਨੇ ਆਪਣੀ ਧੀ ਨੂੰ ਖੂਨ ਨਾਲ ਲਤਪਤ ਸੂਟਕੇਸ ਵਿੱਚ ਤੂਸਿਆ ਹੋਇਆ ਪਾਇਆ। ਉਹ ਉਸ ਨੂੰ ਜਲਦੀ ਨੇੜਲੇ ਕਲੀਨਿਕ ਲੈ ਗਏ, ਪਰ ਡਾਕਟਰ ਨੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਣ ਲਈ ਕਿਹਾ। ਸ਼ਾਸਤਰੀ ਪਾਰਕ ਦੇ ਜਗ ਪ੍ਰਵੇਸ਼ ਚੰਦਰ ਹਸਪਤਾਲ ਵਿੱਚ, ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ, ਪਿਤਾ ਨੇ ਕਿਹਾ। ਪੁਲਿਸ ਨੇ ਦੱਸਿਆ ਕਿ ਸ਼ਾਮ 8:41 ਵਜੇ ਦੇ ਕਰੀਬ ਦਯਾਲਪੁਰ ਪੁਲਿਸ ਸਟੇਸ਼ਨ ਨੂੰ ਘਟਨਾ ਦੀ ਸੂਚਨਾ ਦੇਣ ਵਾਲੀ ਇੱਕ ਪੀਸੀਆਰ ਕਾਲ ਮਿਲੀ। ਇੱਕ ਪੁਲਿਸ ਟੀਮ ਨੂੰ ਤੁਰੰਤ ਨਹਿਰੂ ਵਿਹਾਰ, ਗਲੀ ਨੰਬਰ 2 ਵਿੱਚ ਭੇਜਿਆ ਗਿਆ, ਜਿੱਥੇ ਉਨ੍ਹਾਂ ਨੂੰ ਪਤਾ ਲੱਗਾ ਕਿ ਲੜਕੀ ਨੂੰ ਉਸ ਦੇ ਪਿਤਾ ਦੁਆਰਾ ਜਗ ਪ੍ਰਵੇਸ਼ ਚੰਦਰ ਹਸਪਤਾਲ ਲਿਜਾਇਆ ਗਿਆ ਸੀ। ਹਸਪਤਾਲ ਅਧਿਕਾਰੀਆਂ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਲੜਕੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਘਟਨਾ ਤੋਂ ਬਾਅਦ, ਕ੍ਰਾਈਮ ਸੀਨ ਅਤੇ ਫੋਰੈਂਸਿਕ ਸਾਇੰਸ ਲੈਬਾਰਟਰੀ ਦੀਆਂ ਟੀਮਾਂ ਨੂੰ ਸਥਾਨ ਦੀ ਜਾਂਚ ਅਤੇ ਸਬੂਤ ਇਕੱਠੇ ਕਰਨ ਲਈ ਬੁਲਾਇਆ ਗਿਆ। ਇਸ ਘਟਨਾ ਨੇ ਇਲਾਕੇ ਵਿੱਚ ਭਾਰੀ ਰੋਹ ਪੈਦਾ ਕਰ ਦਿੱਤਾ। ਜਿਵੇਂ ਹੀ ਲੜਕੀ ਦੀ ਮੌਤ ਦੀ ਖਬਰ ਫੈਲੀ, ਸੈਂਕੜੇ ਨਿਵਾਸੀਆਂ, ਜਿਨ੍ਹਾਂ ਵਿੱਚ ਲੜਕੀ ਦੇ ਰਿਸ਼ਤੇਦਾਰ ਵੀ ਸ਼ਾਮਲ ਸਨ, ਤੇ ਨੇੜਲੀ ਸੜਕ ਨੂੰ ਬੰਦ ਕਰ ਦਿੱਤਾ ਅਤੇ ਨਿਆਂ ਦੀ ਮੰਗ ਕਰਦਿਆਂ ਧਰਨੇ ’ਤੇ ਬੈਠ ਗਏ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵਿਰੁੱਧ ਨਾਅਰੇਬਾਜ਼ੀ ਕੀਤੀ, ਲਾਪਰਵਾਹੀ ਦਾ ਦੋਸ਼ ਲਗਾਇਆ ਅਤੇ ਦੋਸ਼ੀ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ । ਸਥਿਤੀ ਤਣਾਅਪੂਰਨ ਹੋਣ ਨਾਲ, ਨਹਿਰੂ ਵਿਹਾਰ ਅਤੇ ਨਾਲ ਲੱਗਦੇ ਖੇਤਰਾਂ ਵਿੱਚ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ। ਬਾਅਦ ਵਿੱਚ, ਸਾਵਧਾਨੀ ਵਜੋਂ ਅਰਧ ਸੈਨਿਕ ਬਲ ਵੀ ਬੁਲਾਏ ਗਏ। ਪੀੜਤ ਦੇ ਪਿਤਾ ਨੇ ਕਿਹਾ ਕਿ ਉਹ ਟੁੱਟ ਚੁੱਕਾ ਹੈ ਅਤੇ ਨਿਆਂ ਦੀ ਮੰਗ ਕਰਦਾ ਹੈ। “ਮੁੱਖ ਦੋਸ਼ੀ ਅਜੇ ਵੀ ਆਜ਼ਾਦ ਘੁੰਮ ਰਿਹਾ ਹੈ। ਮੈਂ ਉਦੋਂ ਤੱਕ ਚੈਨ ਨਹੀਂ ਲਵਾਂਗਾ ਜਦੋਂ ਤੱਕ ਉਸ ਨੂੰ ਸਜ਼ਾ ਨਹੀਂ ਮਿਲਦੀ,”ਉਨ੍ਹਾਂ ਨੇ ਕਿਹਾ।

## ਭਾਰਤ-ਯੂਕੇ ਇਤਿਹਾਸਕ ਮੁਕਤ ਵਪਾਰ ਸਮਝੌਤੇ ’ਤੇ ਸਹਿਮਤ

ਨੈਸ਼ਨਲ ਡੈਸਕ , 8 ਜੂਨ: ਬ੍ਰਿਟਿਸ਼ ਵਿਦੇਸ਼ ਸਕੱਤਰ ਡੇਵਿਡ ਲੈਮੀ ਨੇ ਅੱਜ ਨਵੀਂ ਦਿੱਲੀ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਅਤੇ ਬ੍ਰਿਟੇਨ ਵਿਚਕਾਰ ਮੁਕਤ ਵਪਾਰ ਸਮਝੌਤੇ (6“1) ਅਤੇ ਦੋਹਰੇ ਯੋਗਦਾਨ ਸੰਮੇਲਨ ਦੇ ਸਫਲ ਸਿੱਟੇ ’ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਦੋਵਾਂ ਧਿਰਾਂ ਦੀ ਰਚਨਾਤਮਕ ਭਾਗੀਦਾਰੀ ਦੀ ਸ਼ਲਾਘਾ ਕੀਤੀ, ਜਿਸ ਨੇ ਇਸ ਇਤਿਹਾਸਕ ਪ੍ਰਾਪਤੀ ਨੂੰ ਸੰਭਵ ਬਣਾਇਆ। ਪ੍ਰਧਾਨ ਮੰਤਰੀ ਨੇ ਭਾਰਤ-ਯੂਕੇ ਵਿਆਪਕ ਰਣਨੀਤਕ ਭਾਈਵਾਲੀ ਵਿੱਚ ਆ ਰਹੀ ਸਕਾਰਾਤਮਕ ਗਤੀ ਦਾ ਸਵਾਗਤ ਕੀਤਾ ਅਤੇ ਤਕਨਾਲੋਜੀ ਸੁਰੱਖਿਆ ਪਹਿਲਕਦਮੀ ਦੇ ਤਹਿਤ ਸਹਿਯੋਗ ਨੂੰ ਅੱਗੇ ਵਧਾਉਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪਹਿਲ ਨਵੀਨਤਾ ਅਤੇ ਤਕਨਾਲੋਜੀ ਸੁਰੱਖਿਆ ਦੇ ਖੇਤਰ ਵਿੱਚ ਇੱਕ ਭਰੋਸੇਮੰਦ ਅਤੇ ਸੁਰੱਖਿਅਤ ਈਕੋਸਿਸਟਮ ਬਣਾਉਣ ਵਿੱਚ ਮਦਦਗਾਰ ਹੋਵੇਗੀ। ਵਿਦੇਸ਼ ਸਕੱਤਰ ਡੇਵਿਡ ਲੈਮੀ ਨੇ ਵਪਾਰ, ਨਿਵੇਸ਼, ਰੱਖਿਆ-ਸੁਰੱਖਿਆ, ਤਕਨਾਲੋਜੀ, ਨਵੀਨਤਾ ਅਤੇ ਸਾਫ਼ ਊਰਜਾ ਵਰਗੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਡੂੰਘਾ ਕਰਨ ਦੇ ਬ੍ਰਿਟੇਨ ਦੇ ਇਰਾਦੇ ਨੂੰ ਪ੍ਰਗਟ ਕੀਤਾ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਮੁਕਤ ਵਪਾਰ ਸਮਝੌਤਾ (6“1) ਦੋਵਾਂ ਦੇਸ਼ਾਂ ਲਈ ਨਵੇਂ ਆਰਥਿਕ ਮੌਕੇ ਖੋਲ੍ਹੇਗਾ। ਦੋਵਾਂ ਨੇਤਾਵਾਂ ਨੇ ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ ’ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਇਸ ਦੌਰਾਨ, ਬ੍ਰਿਟਿਸ਼ ਵਿਦੇਸ਼ ਸਕੱਤਰ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਸਰਹੱਦ ਪਾਰ ਅੱਤਵਾਦ ਵਿਰੁੱਧ ਲੜਾਈ ਵਿੱਚ ਭਾਰਤ ਨੂੰ ਪੂਰਾ ਸਮਰਥਨ ਦਿੱਤਾ। ਪ੍ਰਧਾਨ ਮੰਤਰੀ ਮੋਦੀ ਨੇ ਅੱਤਵਾਦ ਅਤੇ ਇਸਦੇ ਸਮਰਥਕਾਂ ਵਿਰੁੱਧ ਫੈਸਲਾਕੁੰਨ ਅੰਤਰਰਾਸ਼ਟਰੀ ਕਾਰਵਾਈ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ।

# ਪੰਜਾਬ ’ਚ ਸਮਾਰਟ ਰਾਸ਼ਨ ਕਾਰਡ ਧਾਰਕਾਂ ਨੂੰ ਵੱਡਾ ਝਟਕਾ, ਆਖਿਰ ਲਿਆ ਗਿਆ ਇਹ .ਫੈਸਲਾ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਚੰਡੀਗੜ੍ਹ 8 ਜੂਨ। ਪੰਜਾਬ ਦੇ ਲੱਖਾਂ ਸਮਾਰਟ ਰਾਸ਼ਨ ਕਾਰਡ ਧਾਰਕਾਂ ਲਈ ਬੁਰੀ ਖ਼ਬਰ ਹੈ ਕਿਉਂਕਿ



ਇਹ ਸਮਾਰਟ ਰਾਸ਼ਨ ਕਾਰਡ ਧਾਰਕ ਪਹਿਲੀ ਜੁਲਾਈ ਤੋਂ ਮੁ.ਫਤ ਅਨਾਜ ਲੈਣ ਤੋਂ ਵਾਂਝੇ ਰਹਿ ਸਕਦੇ ਹਨ। ਦਰਅਸਲ ਕੇਂਦਰ ਸਰਕਾਰ ਵੱਲੋਂ 31 ਮਈ ਤੱਕ ਈਕੇਵਾਈਸੀ ਦੀ ਆਖਰੀ ਤਾਰੀਖ਼ ਤੈਅ ਕੀਤੀ ਗਈ ਸੀ, ਜਿਸ ਵਿਚ 28 ਲੱਖ 14 ਹਜ਼ਾਰ 267 ਸਮਾਰਟ ਰਾਸ਼ਨ ਕਾਰਡ ਧਾਰਕ ਪ੍ਰਮਾਣਿਕਤਾ ਕਰਵਾਉਣ ਵਿਚ ਅਸ.ਫਲ ਰਹੇ ਹਨ। ਪੰਜਾਬ ਸਰਕਾਰ ਵੱਲੋਂ ਵੀ ਈਕੇਵਾਈਸੀ ਲਈ ਮੁਹਿੰਮ ਚਲਾਈ ਗਈ ਸੀ ਤਾਂ ਜੋ ਸਾਰੇ ਲਾਭਪਾਤਰੀ ਇਸ ਯੋਜਨਾ ਦਾ ਲਾਭ ਲੈ ਸਕਣ। ਕੇਂਦਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਾਭਪਾਤਰੀਆਂ ਵੱਲੋਂ ਈਕੇਵਾਈਸੀ ਨਾ ਕਰਾਏ ਜਾਣ ਦੀ ਸੂਰਤ ਵਿਚ ਕਣਕ ਦੀ ਮੁ.ਫਤ ਸਪਲਾਈ ਤੋਂ ਜੁਲਾਈ ਤੋਂ ਹੱਥ ਧੋਣੇ ਪੈਣਗੇ। ਰਾਸ਼ਨ ਕਾਰਡ ਦੇ ਬਾਇਓਮੈਟ੍ਰਿਕਸ ਤੋਂ ਇਲਾਵਾ ਆਧਾਰ ਨਾਲ ਜੋੜਨਾ ਲਾਜ਼ਮੀ ਕੀਤਾ ਗਿਆ ਹੈ। ਇਸ ਦਾ ਮਕਸਦ ਅਯੋਗ ਲਾਭਪਾਤਰੀਆਂ ਦੀ ਛਾਂਟੀ ਕਰਨਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਸੂਬੇ ਵਿਚ ਇਸ ਸਮੇਂ ਅਪ੍ਰੈਲ ਤੋਂ ਜੂਨ ਤੱਕ ਦਾ ਮੁ.ਫਤ ਅਨਾਜ ਵੰਡਿਆ ਜਾ ਰਿਹਾ ਹੈ। ਪਹਿਲੀ ਜੁਲਾਈ ਤੋਂ 2814267 ਲੱਖ ਲਾਭਪਾਤਰੀਆਂ ਨੂੰ ਮਿਲਣ ਵਾਲੇ ਅਨਾਜ ’ਤੇ ਤਲਵਾਰ ਲਟਕ ਸਕਦੀ ਹੈ। ਸੂਤਰਾਂ ਦੱਸਦੇ ਹਨ ਕਿ ਕੇਂਦਰ ਸਰਕਾਰ ਦੇ .ਫੈਸਲੇ ਅਨੁਸਾਰ 20 ਮਈ ਨੂੰ ਸਾਰੇ ਜ਼ਿਲ੍ਹਾ ਖ਼ੁਰਾਕ ਅਤੇ ਸਪਲਾਈ ਕੰਟਰੋਲਰਾਂ ਦੀ ਇਕ ਮੀਟਿੰਗ ਹੋਈ ਸੀ, ਜਿਸ ’ਚ ਅਧਿਕਾਰੀਆਂ ਨੂੰ ਕਥਿਤ ਤੌਰ ’ਤੇ ਨਿਰਦੇਸ਼ ਦਿੱਤੇ ਗਏ ਸਨ ਕਿ ਅਗਲੀ ਤਿਮਾਹੀ (ਜੁਲਾਈ-ਸਤੰਬਰ) ਲਈ ਲਾਭਪਾਤਰੀਆਂ ਨੂੰ ਮੁ.ਫਤ ਕਣਕ ਸਿਰ.ਫ ਉਨ੍ਹਾਂ ਲਾਭਪਾਤਰੀਆਂ ਨੂੰ ਵੰਡੀ ਜਾਣ ਨੂੰ ਯਕੀਨੀ ਬਣਾਇਆ ਜਾਵੇ, ਜਿਨ੍ਹਾਂ ਦੇ ਰਾਸ਼ਨ ਕਾਰਡ ਵਿਚ ਪਰਿਵਾਰ ਦੇ ਮੁਖੀ ਦੀ ਈਕੇਵਾਈਸੀ ਹੋ ਚੁੱਕੀ ਹੋਵੇ। ਖ਼ੁਰਾਕ ਅਤੇ ਸਪਲਾਈ ਵਿਭਾਗ ਦੇ ਇਕ ਅਧਿਕਾਰੀ ਮੁਤਾਬਕ ਈਕੇਵਾਈਸੀ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਪ੍ਰਧਾਨ ਮੰਤਰੀ .ਗਰੀਬ ਕਲਿਆਣ ਅੰਨ ਯੋਜਨਾ ਤਹਿਤ ਕੁੱਲ 1.59 ਕਰੋੜ ਲਾਭਪਾਤਰੀਆਂ ਵਿਚੋਂ 78.90 .ਫੀਸਦ ਦੀ ਈਕੇਵਾਈਸੀ ਪ੍ਰਮਾਣਿਕਤਾ ਪੂਰੀ ਹੋ ਚੁੱਕੀ ਹੈ। ਭਾਵ ਸਵਾ ਕਰੋੜ ਲਾਭਪਾਤਰੀ ਈਕੇਵਾਈਸੀ ਕਰਵਾ ਚੁੱਕੇ ਹਨ ਅਤੇ ਬਾਕੀ ਹੋਰ ਲਾਭਪਾਤਰੀਆਂ ਦੀ ਈਕੇਵਾਈਸੀ ਅਜੇ ਕਾਰਜ ਅਧੀਨ ਹੈ। ਅਧਿਕਾਰੀ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਸਿਰ.ਫ ਯੋਗ ਲਾਭਪਾਤਰੀਆਂ ਨੂੰ ਹੀ ਮੁ.ਫਤ ਅਨਾਜ ਮਿਲੇ। ਉਨ੍ਹਾਂ ਕਿਹਾ ਕਿ ਸਾਰੇ ਲਾਭਪਾਤਰੀਆਂ ਨੂੰ ਈਕੇਵਾਈਸੀ ਕਰਾਉਣ ਲਈ ਢੁੱਕਵਾਂ ਸਮਾਂ ਦਿੱਤਾ ਗਿਆ ਸੀ ਪਰ ਜਿਨ੍ਹਾਂ ਨੇ ਈਕੇਵਾਈਸੀ ਨਹੀਂ ਕਰਵਾਈ ਹੈ, ਉਨ੍ਹਾਂ ਨੂੰ ਹੁਣ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ।

## ਪਿੰਡ ਇਸਲਾਮਵਾਲਾ ਦੇ ਸਰਪੰਚ ਦੇ ਪੁੱਤ ਦੀ ਚਿੱਟੇ ਕਾਰਣ ਮੌਤ, ਦੋ ਮਹੀਨੇ ਪਹਿਲਾਂ ਹੋਇਆ ਸੀ ਵਿਆਹ

ਮੰਡੀ ਅਰਨੀਵਾਲਾ 8 ਜੂਨ। ਨੇੜਲੇ ਪਿੰਡ ਇਸਲਾਮਵਾਲਾ ਦੇ ਮੌਜੂਦਾ ਸਰਪੰਚ ਦੇ ਪੁੱਤਰ ਦੀ ਚਿੱਟੇ ਦੀ ਓਵਰਡੋਜ਼ ਨਾਲ ਮੌਤ ਹੋਣ ਦੀ ਖ਼ਬਰ ਹੈ। ਜਾਣਕਾਰੀ ਦਿੰਦਿਆਂ ਪਿੰਡ ਇਸਲਾਮਵਾਲਾ ਦੇ ਮੌਜੂਦਾ ਸਰਪੰਚ ਅਤੇ ਮ੍ਰਿਤਕ ਦੇ ਪਿਤਾ ਸੁਖਪਾਲ ਸਿੰਘ ਨੇ ਦੱਸਿਆ ਕਿ ਉਹ ਅੱਜ ਘਰ ’ਚ ਮੌਜੂਦ ਨਹੀਂ ਸਨ। ਦੁਪਹਿਰ ਵੇਲੇ ਉਸਦੇ ਪੁੱਤਰ ਰੁਪਿੰਦਰ ਸਿੰਘ ਨੇ ਆਪਣੇ ਛੋਟੇ ਭਰਾ ਨੂੰ ਕਿਹਾ ਕਿ ਉਹ ਉਸਦੇ ਕਮਰੇ ’ਚੋਂ ਬਾਹਰ ਚਲਾ ਜਾਵੇ। ਜਦੋਂ ਉਹ ਬਾਹਰ ਗਿਆ ਤਾਂ ਰੁਪਿੰਦਰ ਸਿੰਘ ਨੇ ਕਥਿਤ ਨਸ਼ੇ ਦਾ ਟੀਕਾ ਲਗਾਇਆ। ਜਿਸ ਕਾਰਨ ਉਸਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਇਹ ਦੁਖਦਾਇਕ ਘਟਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਵੱਲੋਂ ਪਿੰਡ ’ਚ ਵਿਕਦੇ ਨਸ਼ੇ ਸਬੰਧੀ ਕਈ ਵਾਰ ਥਾਣਾ ਅਰਨੀਵਾਲਾ ਦੀ ਪੁਲਸ ਨੂੰ ਕਈ ਵਾਰ ਸੂਚਿਤ ਕੀਤਾ ਹੈ ਪਰ ਪੁਲਸ ਵੱਲੋਂ ਇਨ੍ਹਾਂ ਨਸ਼ਾ ਤਸਕਰਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਸਦੇ ਪੁੱਤਰ ਦਾ ਮਹਿਜ ਦੋ ਕੁ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਅਜੇ ਵਿਆਹ ਦੀਆਂ ਖੁਸ਼ੀਆਂ ਹੀ ਖਤਮ ਨਹੀਂ ਹੋਈਆਂ ਸਨ ਕਿ ਉਨ੍ਹਾਂ ਦੇ ਘਰ ਮਾਤਮ ਛਾ ਗਿਆ। ਇਸ ਮਾਮਲੇ ਦੇ ਸੰਬੰਧ ’ਚ ਥਾਣਾ ਅਰਨੀਵਾਲਾ ਦੇ ਐੱਸ.ਐੱਚ.ਓ ਅੰਗਰੇਜ ਕੁਮਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

## ਪ੍ਰੇਮਿਕਾ ਦੇ ਘਰਦਿਆਂ ਨੇ ਮੌਤ ਦੇ ਘਾਟ ਉਤਾਰਿਆਂ ਨਾਬਾਲਗ, ਚਚੇਰੇ ਭਰਾ ਨਾਲ ਮਿਲਣ ਗਿਆ ਸੀ ਘਰ

ਨੈਸ਼ਨਲ ਡੈਸਕ 8 ਜੂਨ। ਬਿਹਾਰ ਦੇ ਨਾਲੰਦਾ ਤੋਂ ਇੱਕ ਸਨਸਨੀਖੇਜ਼ ਘਟਨਾ ਦੀ ਖ਼ਬਰ ਸਾਹਮਣੇ ਆ ਰਹੀ ਹੈ। ਦਰਅਸਲ, ਇੱਥੇ ਦੋ ਨਾਬਾਲਗਾਂ ’ਤੇ ਬੇਰਹਿਮੀ ਨਾਲ ਚਾਕੂ ਹਮਲਾ ਕੀਤਾ ਗਿਆ। ਜਿਸ ਵਿੱਚ ਇੱਕ ਨਾਬਾਲਗ ਦੀ ਮੌਤ ਹੋ ਗਈ, ਜਦੋਂ ਕਿ ਇੱਕ ਗੰਭੀਰ ਜ਼ਖਮੀ ਹੋ ਗਿਆ ਅਤੇ ਉਸਦਾ ਇਲਾਜ ਚੱਲ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਅਸਥਾਵਨ ਥਾਣਾ ਖੇਤਰ ਦੇ ਲਖਾਨੁਬਿਘਾ ਪਿੰਡ ਦੀ ਹੈ। ਮ੍ਰਿਤਕ ਦੀ ਪਛਾਣ 14 ਸਾਲਾ ਪ੍ਰੀਤਮ ਕੁਮਾਰ ਵਜੋਂ ਹੋਈ ਹੈ। ਇਸ ਦੇ ਨਾਲ ਹੀ ਜ਼ਖਮੀ ਨਾਬਾਲਗ ਦੀ ਪਛਾਣ 15 ਸਾਲਾ ਚੰਦਨ ਕੁਮਾਰ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਆਪਣੇ ਚਚੇਰੇ ਭਰਾ ਨਾਲ ਆਪਣੀ ਪ੍ਰੇਮਿਕਾ ਦੇ ਪਿੰਡ ਗਿਆ ਸੀ। ਇਸ ਦੌਰਾਨ ਕੁੜੀ ਦੇ ਪਰਿਵਾਰ ਨੇ ਦੋਵਾਂ ਨੂੰ ਉੱਥੇ ਫੜ ਲਿਆ। ਚਾਕੂਆਂ ਨਾਲ ਹਮਲਾ ਕਰ ਕੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਗਿਆ। ਦੋਵਾਂ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਸੋਮਵਾਰ ਯਾਨੀ ਅੱਜ ਸਵੇਰੇ ਪ੍ਰੀਤਮ ਕੁਮਾਰ ਦੀ ਇਲਾਜ ਦੌਰਾਨ ਮੌਤ ਹੋ ਗਈ। ਜਦੋਂ ਕਿ ਚੰਦਨ ਕੁਮਾਰ ਦਾ ਇਲਾਜ ਚੱਲ ਰਿਹਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ ’ਤੇ ਪਹੁੰਚ ਗਈ ਅਤੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ। ਜ਼ਖਮੀ ਚੰਦਨ ਕੁਮਾਰ ਦੇ ਬਿਆਨ ’ਤੇ ਪੁਲਸ ਨੇ ਤਿੰਨ ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦੋਂ ਕਿ ਦੋ ਮੁਲਜ਼ਮ ਅਜੇ ਵੀ ਫਰਾਰ ਹਨ, ਜੋ ਕਿ ਨਾਬਾਲਗ ਦੱਸੇ ਜਾ ਰਹੇ ਹਨ। ਫਿਲਹਾਲ ਪੁਲਸ ਫਰਾਰ ਦੋਸ਼ੀ ਦੀ ਭਾਲ ਵਿੱਚ ਲੱਗੀ ਹੋਈ ਹੈ।

## ਪੰਜਾਬ ’ਚ ਇੱਕ ਵਾਰ ਫਿਰ ਬਾਬਾ ਸਾਹਿਬ ਦੇ ਬੁੱਤ ਨਾਲ ਛੇੜਛਾੜ

ਜਲੰਧਰ 8 ਜੂਨ। ਇੱਕ ਵਾਰ ਫਿਰ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦੇ ਬੁੱਤ ਨਾਲ ਛੇੜਛਾੜ ਦਾ ਮਾਮਲਾ ਸਾਹਮਣੇ ਆਇਆ ਹੈ। ਫਿਲੌਰ ਦੇ ਪਿੰਡ ਨੰਗਲ ਤੋਂ ਇਹ ਘਟਨਾ ਦੂਜੀ ਵਾਰ ਸਾਹਮਣੇ ਆਈ ਹੈ, ਜਿੱਥੇ ਸ਼ਰਾਰਤੀ ਅਨਸਰਾਂ ਨੇ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦੇ ਬੁੱਤ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੂਰੀ ਘਟਨਾ ਦੀ ਸੀਸੀਟੀਵੀ ਵੀ ਸਾਹਮਣੇ ਆਈ ਹੈ, ਜਿਸ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਦੋਸ਼ੀ ਵਿਅਕਤੀ ਜਿਸਨੇ ਆਪਣਾ ਮੂੰਹ ਢੱਕਿਆ ਹੋਇਆ ਹੈ, ਬਾਬਾ ਸਾਹਿਬ ਦੇ ਬੁੱਤ ’ਤੇ ਸਪਰੇਅ ਕਰ ਰਿਹਾ ਹੈ। ਇਸ ਘਟਨਾ ਕਾਰਨ ਲੋਕਾਂ ਵਿੱਚ ਭਾਰੀ ਗੁੱਸਾ ਹੈ। ਦੂਜੇ ਪਾਸੇ ਸਰਕਾਰੀ ਸਕੂਲ ਦੀ ਕੰਧ ’ਤੇ ਖਾਲਿਸਤਾਨੀ ਨਾਅਰੇ ਲਿਖੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸਐੱਸਪੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਬੀਤੀ ਦੇਰ ਰਾਤ ਬਦਮਾਸ਼ਾਂ ਨੇ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦੇ ਬੁੱਤ ਨਾਲ ਛੇੜਛਾੜ ਕੀਤੀ। ਵਿਦੇਸ਼ ’ਚ ਬੈਠੇ



ਅੱਤਵਾਦੀ ਗੁਰਪਤਵੰਤ ਪੰਨੂ ਨੇ ਇਸ ਮਾਮਲੇ ਸਬੰਧੀ ਇੱਕ ਵੀਡੀਓ ਵੀ ਜਾਰੀ ਕੀਤੀ ਹੈ, ਜਿਸ ਤੋਂ ਬਾਅਦ ਪੁਲਸ ਨੇ ਪੰਨੂ ਅਤੇ ਘਟਨਾ ਨੂੰ ਅੰਜਾਮ ਦੇਣ ਵਾਲੇ ਉਸਦੇ ਸਾਥੀਆਂ ਖ਼?ਲਾਫ਼ ਕੇਸ ਦਰਜ ਕਰ ਲਿਆ ਹੈ। ਐੱਸਐੱਸਪੀ ਨੇ ਕਿਹਾ ਕਿ ਪੰਜਾਬ ’ਚ ਅਸ਼ਾਂਤੀ ਫੈਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਤਵਾਦੀ ਪੰਨੂ ਲਗਾਤਾਰ ਘਟਨਾਵਾਂ ਨੂੰ ਅੰਜਾਮ ਦੇ ਰਿਹਾ ਹੈ। ਫਿਲੌਰ ਵਿੱਚ ਹੋਈ ਇਸ ਘਟਨਾ ਨੂੰ ਲੈ ਕੇ ਸਥਾਨਕ ਪੁਲਸ ਅਤੇ ਖੁਫੀਆ ਏਜੰਸੀਆਂ ਅਲਰਟ ’ਤੇ ਆ ਗਈਆਂ ਹਨ। ਉਕਤ ਮਾਮਲੇ ਨੂੰ ਲੈ ਕੇ ਸਥਾਨਕ ਦਲਿਤ ਸੰਗਠਨਾਂ ਅਤੇ ਸਮਾਜ ਸੇਵਕਾਂ ਵਿੱਚ ਗੁੱਸਾ ਹੈ। ਫਿਲਹਾਲ ਪੁਲਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕਿਸਾਨਾਂ ਲਈ ਖੁਸ਼ਖਬਰੀ, 5 ਜ਼ਿਲ੍ਹਿਆਂ ਦੀਆਂ 17 ਮੰਡੀਆਂ ’ਚ ਸੂਰਜਮੁਖੀ ਦੀ ਖਰੀਦ ਸ਼ੁਰੂ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਚੰਡੀਗੜ੍ਹ 8 ਜੂਨ। ਹਰਿਆਣਾ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਵਿਭਾਗ ਨੇ 1 ਜੂਨ ਤੋਂ ਹਰਿਆਣਾ ਦੀਆਂ ਮੰਡੀਆਂ ਵਿੱਚ ਸੂਰਜਮੁਖੀ ਦੀ ਖਰੀਦ ਸ਼ੁਰੂ ਕਰ ਦਿੱਤੀ ਹੈ। ਇਸ ਸਾਲ ਭਾਰਤ ਸਰਕਾਰ ਨੇ ਪੀਐਸਐਸ ਯੋਜਨਾ ਤਹਿਤ 8883 ਮੀਟਰਕ ਟਨ ਦੀ ਖਰੀਦ ਨੂੰ ਮਨਜ਼ੂਰੀ ਦੇ ਦਿੱਤੀ ਹੈ। ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਮੇਂ ਸੂਰਜਮੁਖੀ ਦੀ ਬਾਜ਼ਾਰ ਕੀਮਤ 6400-6500 ਰੁਪਏ ਪ੍ਰਤੀ ਕੁਇੰਟਲ ਹੈ। ਖੇਤੀਬਾੜੀ ਅਤੇ ਭਲਾਈ ਵਿਭਾਗ ਤੋਂ ਪ੍ਰਾਪਤ ਰਿਪੋਰਟ ਅਨੁਸਾਰ 44,062 ਮੀਟ੍ਰਿਕ ਟਨ ਸੂਰਜਮੁਖੀ ਪੈਦਾ ਹੋਣ ਦੀ ਉਮੀਦ ਹੈ। ਬੁਲਾਰੇ ਅਨੁਸਾਰ, ਇਸ ਸਾਲ ਕਿਸਾਨਾਂ ਦੁਆਰਾ 76,785 ਏਕੜ ਵਿੱਚ ਸੂਰਜਮੁਖੀ ਦੀ ਬਿਜਾਈ ਕੀਤੀ ਗਈ ਹੈ। ਇਸ ਸਾਲ 18166 ਕਿਸਾਨਾਂ ਨੇ ‘ਮੇਰੀ ਫਸਲ ਮੇਰਾ ਬਿਓਰਾ’ ’ਤੇ ਸੂਰਜਮੁਖੀ ਲਈ ਰਜਿਸਟਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੂਰਜਮੁਖੀ ਦੀ ਘੱਟੋ-ਘੱਟ ਕੀਮਤ 7280 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤੀ ਹੈ। ਸੂਬੇ ਦੇ ਪੰਜ ਜ਼ਿਲ੍ਹਿਆਂ



ਦੀਆਂ 17 ਮੰਡੀਆਂ ਵਿੱਚ 81654 ਅਤੇ ਹਰਿਆਣਾ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ ਸੂਰਜਮੁਖੀ ਦੀ ਖਰੀਦ ਕੀਤੀ ਜਾਵੇਗੀ। ਬੁਲਾਰੇ ਨੇ ਕਿਹਾ ਕਿ ਸੂਰਜਮੁਖੀ ਦੀ ਖਰੀਦ ਲਈ ਮੰਡੀ ਅਲਾਟਮੈਂਟ ਦੇ ਤਹਿਤ ਅੰਬਾਲਾ ਸ਼ਹਿਰ, ਅੰਬਾਲਾ ਛਾਉਣੀ, ਸ਼ਹਿਜ਼ਾਦਪੁਰ, ਸਾਹਾ, ਬਰਾੜਾ ਵਿੱਚ 81654 ਅਤੇ ਮੁਲਾਣਾ ਵਿੱਚ 8➟3, ਕਰਨਾਲ ਵਿੱਚ 81654, ਕੁਰੁਕਸ਼ੇਤਰ ਜ਼ਿਲ੍ਹੇ ਵਿੱਚ ਇਸਮਾਈਲਾਬਾਦ ਵਿੱਚ 8➟3, ਥਾਨੇਸਰ ਵਿੱਚ 81654, ਥੋਲ ਵਿੱਚ 8➟3, ਸ਼ਾਹਾਬਾਦ ਵਿੱਚ 81654 ਅਤੇ 8➟3, ਲਾਡਵਾ ਵਿੱਚ 81654, ਬਾਬੈਨ ਵਿੱਚ 81654, ਝਾਂਸਾ ਵਿੱਚ 8➟3, ਪੰਚਕੂਲਾ ਵਿੱਚ ਵਿੱਚ 81654 ਅਤੇ ਯਮੁਨਾਨਗਰ ਵਿੱਚ ਏਜੰਸੀ ਵੱਲੋਂ ਖਰੀਦਿਆ ਜਾਵੇਗਾ। ਪਿਛਲੇ ਸਾਲ 2024-25 ਦੌਰਾਨ, 81654 ਖਰੀਦ ਏਜੰਸੀ ਵੱਲੋਂ ਸੂਰਜਮੁਖੀ ਦੀ ਖਰੀਦ ਕੀਤੀ ਗਈ ਸੀ। ਇਸ ਸਾਲ ਰਾਜ ਦੀਆਂ ਮੰਡੀਆਂ ਵਿੱਚ ਸੂਰਜਮੁਖੀ ਦੀ ਖਰੀਦ 30 ਜੂਨ ਤੱਕ ਜਾਰੀ ਰਹੇਗੀ।

## ਪੰਜਾਬ ’ਚ ਹੈਰਾਨਜਨਕ ਮਾਮਲਾ, 9 ਦਿਨਾਂ ਤੋਂ ਲਾਪਤਾ ਨੌਜਵਾਨ ਦੀ ਲਾਸ਼ ਦੇ 2 ਹਿੱਸੇ ਦਰਿਆ ’ਚੋਂ ਮਿਲੇ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਗੜ੍ਹਸ਼ੰਕਰ 8 ਜੂਨ। ਰੋਪੜ ਜ਼ਿਲ੍ਹੇ ਦੇ ਥਾਣਾ ਨੂਰਪੁਰ ਬੇਦੀ ਅਧੀਨ ਪੈਂਦੇ ਪਿੰਡ ਟਿੱਬਾ ਟਪਾਰੀਆ ਨੇੜੇ ਸਤਿਲੁਜ ਦਰਿਆ ਤੋਂ ਪਿਛਲੇ 9 ਦਿਨਾਂ ਤੋਂ ਲਾਪਤਾ ਪਿੰਡ ਨੈਣਵਾਂ ਦੇ 21 ਸਾਲਾ ਨੌਜਵਾਨ ਭੁਪਿੰਦਰ ਸਿੰਘ ਦਾ ਸਿਰ ਅਤੇ ਇਕ ਬਾਂਹ ਪੁਲਸ ਨੇ ਬਰਾਮਦ ਕਰ ਲਈਆਂ ਹਨ। ਮ੍ਰਿਤਕ ਦੇ ਸਰੀਰ ਦੇ ਹੋਰ ਹਿੱਸਿਆਂ ਦੀ ਭਾਲ ਕੀਤੀ ਜਾ ਰਹੀ ਹੈ। ਸਿਰ ਅਤੇ ਬਾਂਹ ਨੂੰ ਸਿਵਲ ਹਸਪਤਾਲ, ਰੋਪੜ ਵਿਖੇ ਪੋਸਟਮਾਰਟਮ ਲਈ ਰੱਖਿਆ ਗਿਆ ਹੈ। ਗੜ੍ਹਸ਼ੰਕਰ ਦੇ ਪਿੰਡ ਨੈਣਵਾਂ ਦੇ ਜਗਜੀਵਨ ਰਾਮ ਦਾ 21 ਸਾਲਾ ਪੁੱਤਰ ਭੁਪਿੰਦਰ ਸਿੰਘ 25 ਮਈ ਨੂੰ ਸ਼ਾਮ ਨੂੰ ਆਪਣੇ ਮੋਟਰਸਾਈਕਲ ’ਤੇ ਬਿਨਾਂ ਕਿਸੇ ਨੂੰ ਦੱਸੇ ਘਰੋਂ ਨਿਕਲਿਆ ਸੀ। ਜਿਸ ਤੋਂ ਬਾਅਦ ਭੁਪਿੰਦਰ ਸਿੰਘ ਦਾ ਮੋਟਰਸਾਈਕਲ ਪਿੰਡ ਬੰਦਲੇਹਰੀ, ਤਹਿਸੀਲ ਨੰਗਲ, ਜ਼ਿਲਾ ਰੋਪੜ ਨੇੜੇ ਨਹਿਰ ਦੇ ਕੰਢੇ ਮਿਲਿਆ ਅਤੇ ਉਸਦਾ ਆਧਾਰ ਕਾਰਡ ਅਤੇ ਪਰਸ ਨੇੜੇ ਪਏ ਇਕ ਬੈਗ ਵਿਚੋਂ ਮਿਲਿਆ। ਜਿਸ ਤੋਂ ਬਾਅਦ ਨੰਗਲ ਪੁਲਸ ਅਤੇ ਗੜ੍ਹਸ਼ੰਕਰ ਪੁਲਸ ਲਗਾਤਾਰ ਨਹਿਰਾਂ ਅਤੇ ਦਰਿਆਵਾਂ ਵਿਚ ਭੁਪਿੰਦਰ ਸਿੰਘ ਦੀ ਭਾਲ ਕਰ ਰਹੀ ਸੀ। ਸੰਪਰਕ ਕਰਨ ’ਤੇ ਗੜ੍ਹਸ਼ੰਕਰ ਦੇ ਐੱਸ.ਐੱਚ.ਓ. ਜੈ ਪਾਲ ਨੇ ਕਿਹਾ ਕਿ ਪਰਿਵਾਰਕ ਮੈਂਬਰ ਆ ਗਏ ਹਨ ਅਤੇ ਉਨ੍ਹਾਂ ਨਾਲ ਗੱਲ ਕਰਨ ਤੋਂ ਬਾਅਦ ਫੈਸਲਾ ਲਿਆ ਜਾਵੇਗਾ ਕਿ ਐੱਫ.ਆਈ.ਆਰ. ਗੜ੍ਹਸ਼ੰਕਰ ਵਿਚ ਦਰਜ ਕੀਤੀ ਜਾਵੇ ਜਾਂ ਸਬੰਧਤ ਥਾਣੇ ਵਿਚ ਜਿੱਥੇ ਲਾਸ਼ ਦਾ ਸਿਰ ਅਤੇ ਬਾਹਾਂ ਮਿਲੀਆਂ ਸਨ।

## ਪੰਜਾਬ ’ਚ ਵੱਡੀ ਵਾਰਦਾਤ, ਨੌਜਵਾਨ ਨੂੰ ਬੇਰਹਿਮੀ ਨਾਲ ਕੁੱਟਮਾਰ ਕਰਕੇ ਉਤਾਰਿਆ ਮੌਤ ਦੇ ਘਾਟ

ਤਰਨਤਾਰਨ 8 ਜੂਨ। ਥਾਣਾ ਭਿੱਖੀਵਿੰਡ ਦੀ ਪੁਲਸ ਨੇ ਨੌਜਵਾਨ ਦੀ ਕਥਿਤ ਤੌਰ ’ਤੇ ਬੇਰਹਿਮੀ ਨਾਲ ਕੁੱਟ ਮਾਰ ਕਰਕੇ ਨੌਜਵਾਨ ਨੂੰ ਮੌਤ ਦੇ ਘਾਟ ਉਤਾਰਨ ਦੇ ਦੋਸ਼ ਹੇਠ 2 ਵਿਅਕਤੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ ’ਚ ਸੁਖਵਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਸੁਰਸਿੰਘ ਨੇ ਦੱਸਿਆ ਕਿ ਉਸ ਦਾ ਮੁੰਡਾ ਮਹਾਂਬੀਰ ਸਿੰਘ (22 ਸਾਲ) ਬੀਤੀ 31 ਮਈਤ ਦੀ ਰਾਤ ਕਰੀਬ 8.30



ਵਜੇ ਘਰੋਂ ਬਾਜ਼ਾਰ ਨੂੰ ਗਿਆ ਸੀ ਜੋ ਕਿ ਸਾਰੀ ਰਾਤ ਘਰ ਵਾਪਸ ਨਹੀਂ ਆਇਆ। ਸਵੇਰੇ ਜਦ ਉਹ ਆਪਣੇ ਭਤੀਜੇ ਗੁਰਸੇਵਕ ਸਿੰਘ ਨੂੰ ਨਾਲ ਲੈ ਕੇ ਆਪਣੇ ਮੁੰਡੇ ਦੀ ਭਾਲ ਕਰਦੇ ਹੋਏ ਸਰਕਾਰੀ ਹਸਪਤਾਲ ਸੁਰਸਿੰਘ ਦੇ ਕੋਲ ਪੁੱਜੇ ਤਾਂ ਵੇਖਿਆ ਕਿ ਉਸ ਦੇ ਮੁੰਡੇ ਮਹਾਂਬੀਰ ਸਿੰਘ ਦੀ ਲਾਸ਼ ਸੜਕ ਦੇ ਕਿਨਾਰੇ ਪਈ ਸੀ। ਉਸ ਦੇ ਮੁੰਡੇ ਦੀਆਂ ਦੋਵੇਂ ਲੱਤਾਂ ਦੇ ਪਿਛਲੇ ਪਾਸੇ ਪੱਟਾਂ ਅਤੇ ਲੱਕ ਵਿਚ ਕੁੱਟਣ ਕਰਕੇ ਨੀਲ ਦੇ ਨਿਸ਼ਾਨ ਪਏ ਸਨ ਅਤੇ ਸਿਰ ਵਿਚ ਵੀ ਗੁੱਝੀਆਂ ਸੱਟਾਂ ਲੱਗੀਆਂ ਸਨ। ਉਸ ਨੂੰ ਪਤਾ ਲੱਗਾ ਕਿ ਪਿੰਡ ਦੇ ਹੀ ਪਾਰਸ ਪੁੱਤਰ ਜਸਪਾਲ ਸਿੰਘ ਅਤੇ ਗੁਰਜੰਟ ਸਿੰਘ ਪੁੱਤਰ ਨਿਰਵੈਲ ਸਿੰਘ ਨੇ ਉਸ ਦੇ ਮੁੰਡੇ ਨੂੰ ਬੇਰਹਿਮੀ ਨਾਲ ਕੁੱਟ ਮਾਰ ਕਰਕੇ ਉਸ ਨੂੰ ਜਾਨੋਂ ਮਾਰ ਮੁਕਾਇਆ ਹੈ। ਇਸ ਸਬੰਧੀ ਇੰਸਪੈਕਟਰ ਮਨੋਜ ਕੁਮਾਰ ਨੇ ਦੱਸਿਆ ਕਿ ਮੁਦਈ ਦੇ ਬਿਆਨ ’ਤੇ ਪਾਰਸ ਪੁੱਤਰ ਜਸਪਾਲ ਸਿੰਘ ਅਤੇ ਗੁਰਜੰਟ ਸਿੰਘ ਪੁੱਤਰ ਨਿਰਵੈਲ ਸਿੰਘ ਵਾਸੀਆਨ ਸੁਰਸਿੰਘ ਦੇ ਖ਼ਿਲਾਫ਼ ਮੁਕੱਦਮਾ ਨੰਬਰ 89 ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਪੰਜਾਬ ਰੋਡਵੇਜ਼ ਦੀ ਬੱਸ ’ਤੇ ਹਮਲਾ, ਮੰਜ਼ਰ ਦੇਖ ਸਵਾਰੀਆਂ ਦੇ ਸੁੱਕੇ ਸਾਹ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਅਬੋਹਰ 8 ਜੂਨ। ਪਿੰਡ ਸੀਡ ਫਾਰਮ ਦੇ ਕੁਝ ਨੌਜਵਾਨਾਂ ਨੇ ਰੋਡਵੇਜ਼ ਬੱਸ ਦੇ ਡਰਾਈਵਰ ਅਤੇ ਕੰਡਕਟਰ ’ਤੇ ਹਮਲਾ ਕੀਤਾ। ਇਸ ਦੇ ਵਿਰੋਧ ’ਚ ਬੱਸ ਡਰਾਈਵਰਾਂ ਨੇ ਮਲੋਟ ਚੌਕ ’ਤੇ ਆਵਾਜਾਈ ਜਾਮ ਕਰ ਦਿੱਤੀ। ਮਾਮਲਾ ਸਾਹਮਣੇ ਆਉਂਦੇ ਹੀ ਸਿਟੀ ਥਾਣਾ ਨੰਬਰ 1 ਦੀ ਪੁਲਸ ਮੌਕੇ ’ਤੇ ਪਹੁੰਚੀ ਅਤੇ 2 ਲੋਕਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ ਪੁੱਛ-ਗਿੱਛ ਸ਼ੁਰੂ ਕਰ ਦਿੱਤੀ। ਬੱਸ ਡਰਾਈਵਰਾਂ ਨੇ ਕਿਹਾ ਕਿ ਉਹ ਉਦੋਂ ਤੱਕ ਆਵਾਜਾਈ ਨੂੰ ਸੁਚਾਰੂ ਨਹੀਂ ਕਰਨਗੇ ਜਦੋਂ ਤੱਕ ਉਨ੍ਹਾਂ ’ਤੇ ਹਮਲਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਨਹੀਂ ਕੀਤੀ ਜਾਂਦੀ। ਜਾਣਕਾਰੀ ਦਿੰਦੇ ਹੋਏ ਰੋਡਵੇਜ਼ ਬੱਸ ਡਰਾਈਵਰ ਜ਼ੋਰਾ ਸਿੰਘ ਨੇ ਦੱਸਿਆ ਕਿ ਉਹ ਮਲੋਟ ਤੋਂ ਬੱਸ ਲਿਆ ਰਿਹਾ ਸੀ ਅਤੇ ਜਦੋਂ ਉਹ ਅਬੋਹਰ ਨੇੜੇ ਪਹੁੰਚਿਆ ਤਾਂ ਸੜਕ ਦੇ ਵਿਚਕਾਰ ਇਕ ਮੋਟਰਸਾਈਕਲ ਸਵਾਰ ਜਾ ਰਿਹਾ ਸੀ। ਜਦੋਂ ਉਸ ਨੇ ਹਾਰਨ ਵਜਾਇਆ ਤਾਂ ਉਕਤ ਮੋਟਰਸਾਈਕਲ ਸਵਾਰ ਨੇ ਉਸ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਆਪਣੇ ਦੋਸਤਾਂ ਨੂੰ ਫੋਨ ਕਰਕੇ ਬੁਲਾਇਆ। ਮਲੋਟ ਚੌਕ ’ਤੇ ਰੁਕਦੇ ਹੀ ਉਨ੍ਹਾਂ ਨੇ ਬੱਸ ਨੂੰ ਘੇਰ ਲਿਆ ਅਤੇ ਡਰਾਈਵਰ ਅਤੇ ਕੰਡਕਟਰ ਦੀ ਕੁੱਟਮਾਰ ਕੀਤੀ।



ਇਸ ਦੌਰਾਨ ਬੱਸ ਵਿਚ ਬੈਠੀਆਂ ਸਵਾਰੀਆਂ ਵੀ ਸਹਿਮ ਗਈਆਂ। ਘਟਨਾ ਦਾ ਪਤਾ ਲੱਗਦੇ ਹੀ ਆਲੇ-ਦੁਆਲੇ ਦੇ ਲੋਕ ਇਕੱਠੇ ਹੋ ਗਏ ਤੇ ਰੋਡਵੇਜ਼ ਦੇ ਹੋਰ ਬੱਸ ਡਰਾਈਵਰ ਵੀ ਮੌਕੇ ’ਤੇ ਪਹੁੰਚ ਗਏ। ਉਨ੍ਹਾਂ ਨੇ ਚੌਕ ’ਤੇ ਸੜਕ ਜਾਮ ਕਰ ਦਿੱਤੀ ਜਦੋਂ ਕਿ ਲੜਾਈ ’ਚ ਸ਼ਾਮਲ ਨੌਜਵਾਨ ਉਥੋਂ ਭੱਜ ਗਏ। ਘਟਨਾ ਦਾ ਪਤਾ ਲੱਗਦੇ ਹੀ ਥਾਣਾ ਨੰਬਰ 1 ਦੀ ਪੁਲਸ ਮੌਕੇ ’ਤੇ ਪਹੁੰਚ ਗਈ ਅਤੇ ਰਣਜੀਤ ਸਿੰਘ ਅਤੇ ਇਕ ਹੋਰ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ। ਦੂਜੇ ਬੱਸ ਡਰਾਈਵਰ ਨਿਰਮਲ ਸਿੰਘ ਨੇ ਕਿਹਾ ਕਿ ਇਹ ਲੋਕ ਨਸ਼ੇ ਦਾ ਸੇਵਨ ਕਰਕੇ ਸੜਕ ਦੇ ਵਿਚਕਾਰ ਮੋਟਰਸਾਈਕਲ ਚਲਾਉਂਦੇ ਹਨ ਅਤੇ ਹਾਰਨ ਵਜਾਉਣ ’ਤੇ ਡਰਾਈਵਰ ਅਤੇ ਕੰਡਕਟਰ ਨਾਲ ਬਦਸਲੂਕੀ ਕਰਦੇ ਹਨ ਅਤੇ ਕੁੱਟਮਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਨ੍ਹਾਂ ਨੌਜਵਾਨਾਂ ਵਿਰੁੱਧ ਕਾਰਵਾਈ ਨਹੀਂ ਕੀਤੀ ਜਾਂਦੀ, ਉਹ ਬੱਸ ਨੂੰ ਸੜਕ ਤੋਂ ਨਹੀਂ ਹਟਾਉਣਗੇ ਅਤੇ ਪੂਰੇ ਪੰਜਾਬ ਦੀਆਂ ਰੋਡਵੇਜ਼ ਬੱਸਾਂ ਨੂੰ ਰੋਕ ਦੇਣਗੇ। ਮੌਕੇ ’ਤੇ ਪਹੁੰਚੇ ਪੁਲਸ ਮੁਲਾਜ਼ਮਾਂ ਨੇ ਕਿਹਾ ਕਿ ਦੋ ਨੌਜਵਾਨਾਂ ਨੂੰ ਹਿਰਾਸਤ ’ਚ ਲੈ ਲਿਆ ਗਿਆ ਹੈ ਅਤੇ ਉਨ੍ਹਾਂ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ ਅਤੇ ਮਾਮਲੇ ’ਚ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਮੋਟਰਸਾਈਕਲ ਸਵਾਰ ਰਣਜੀਤ ਸਿੰਘ ਨੇ ਵੀ ਬੱਸ ਡਰਾਈਵਰ ’ਤੇ ਕੁੱਟਮਾਰ ਦਾ ਦੋਸ਼ ਲਾਇਆ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਚਾਰਜਿੰਗ ਦੌਰਾਨ ਦੀ ਬੈਟਰੀ ’ਚ ਹੋਇਆ ਧਮਾਕਾ, ਤਿੰਨ ਔਰਤਾਂ ਜ਼.ਖ਼ਮੀ

ਠਾਣੇ 8 ਜੂਨ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਕੌਸਾ ਦੀ ਅਲਮਾਸ ਕਾਲੋਨੀ ’ਚ ਇਕ ਘਰ ’ਚ ਚਾਰਜਿੰਗ ਦੌਰਾਨ ਇਲੈਕਟ੍ਰਿਕ ਦੋਪਹੀਆ ਵਾਹਨ ਦੀ ਬੈਟਰੀ ਫਟਣ ਨਾਲ ਤਿੰਨ ਔਰਤਾਂ ਝੁਲਸ



ਗਈਆਂ ਅਤੇ ਉਨ੍ਹਾਂ ’ਚੋਂ ਇਕ ਗੰਭੀਰ ਜ਼ਖਮੀ ਹੋ ਗਈ। ਅਧਿਕਾਰੀਆਂ ਨੇ ਸੋਮਵਾਰ ਨੂੰ ਇਸ ਘਟਨਾ ਦੀ ਪੁਸ਼ਟੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਸ਼ਾਮ ਨੂੰ ਵਾਪਰੀ ਅਤੇ ਅੱਗ ਤੇਜ਼ੀ ਨਾਲ ਪੂਰੇ ਘਰ ’ਚ ਫੈਲ ਗਈ, ਜਿਸ ਨਾਲ ਘਰੇਲੂ ਸਮਾਨ ਅਤੇ ਬਿਜਲੀ ਦੀਆਂ ਤਾਰਾਂ ਨੂੰ ਨੁਕਸਾਨ ਪਹੁੰਚਿਆ। ਪੀੜਤ ਨੁਸਰਤ ਸਈਦ (45) ਅਤੇ ਉਸ ਦੀਆਂ ਧੀਆਂ ਹਾਫਜ਼ਾ (24) ਅਤੇ ਅਫਜ਼ਾ (18) ਆਪਣੇ ਗਰਾਊਂਡ ਫਲੋਰ ਅਪਾਰਟਮੈਂਟ ਦੇ ਅੰਦਰ ਸਨ, ਜਦੋਂ ਬੈਟਰੀ ’ਚ ਧਮਾਕਾ ਹੋਇਆ। ਤਿੰਨਾਂ ਦੇ ਚਿਹਰੇ ਅਤੇ ਹੱਥ ਸੜ ਗਏ, ਜਦੋਂ ਕਿ ਨੁਸਰਤ ਦੇ ਸਰੀਰ ਦਾ 30 ਫੀਸਦੀ ਤੋਂ ਵੱਧ ਹਿੱਸਾ ਸੜ ਗਿਆ। ਵਿਸ਼ੇਸ਼ ਦੇਖਭਾਲ ਲਈ ਮੁੰਬਈ ਦੇ ਵਾਡਿਆ ਹਸਪਤਾਲ ’ਚ ਰੈਫਰ ਹੋਣ ਤੋਂ ਪਹਿਲਾਂ ਉਸ ਦਾ ਪਹਿਲਾਂ ਇਕ ਸਥਾਨਕ ਹਸਪਤਾਲ ’ਚ ਇਲਾਜ ਕੀਤਾ ਗਿਆ। ਫਾਇਰ ਬ੍ਰਿਗੇਡ ਅਤੇ ਆਫ਼ਤ ਪ੍ਰਬੰਧਨ ਕਰਮਚਾਰੀਆਂ ਨੇ ਤੁਰੰਤ ਅੱਗ ’ਤੇ ਕਾਬੂ ਪਾਇਆ ਅਤੇ ਹੋਰ ਨਿਵਾਸੀਆਂ ਦੀ ਸੁਰੱਖਿਆ ਯਕੀਨੀ ਕੀਤੀ।

## ਸਿਵਲ ਹਸਪਤਾਲ ’ਚ ਅਣਪਛਾਤੇ ਵਿਅਕਤੀ ਦੀ ਮੌਤ

ਬਠਿੰਡਾ 8 ਜੂਨ। ਬੀਤੀ ਰਾਤ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਦੇ ਸਾਹਮਣੇ ਇੱਕ ਅਣਪਛਾਤੇ ਬਜ਼ੁਰਗ ਦੀ ਮੌਤ ਹੋ ਗਈ। ਸੂਚਨਾ ਮਿਲਣ ’ਤੇ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਹੈਲਪਲਾਈਨ ਟੀਮ ਸੰਦੀਪ ਗਿੱਲ ਵਿੱਕੀ ਕੁਮਾਰ ਹਸਪਤਾਲ ਪਹੁੰਚੀ। ਮ੍ਰਿਤਕ ਨੇ ਸਿਰਫ਼ ਪਜਾਮਾ ਪਾਇਆ ਹੋਇਆ ਸੀ। ਉਕਤ ਬਜ਼ੁਰਗ ਆਪਣੀ ਜ਼ਖਮੀ ਲੱਤ ’ਤੇ ਪੱਟੀ ਕਰਵਾਉਣ ਲਈ ਹਸਪਤਾਲ ਆਉਂਦਾ ਸੀ। ਉਹ ਪੱਟੀ ਕਰਵਾਉਣ ਤੋਂ ਬਾਅਦ ਜ਼ਮੀਨ ’ਤੇ ਸੌਂ ਗਿਆ ਅਤੇ ਉਸਦੀ ਮੌਤ ਹੋ ਗਈ। ਪੁਲਸ ਕਾਰਵਾਈ ਤੋਂ ਬਾਅਦ ਸੰਸਥਾ ਮੈਂਬਰਾਂ ਨੇ ਮ੍ਰਿਤਕ ਨੂੰ ਪੋਸਟਮਾਰਟਮ ਲਈ ਮੋਰਚਰੀ ’ਚ ਰਖਵਾ ਦਿੱਤਾ ਹੈ।

## ਨੈਸ਼ਨਲ ਹਾਈਵੇਅ ’ਤੇ ਪਲਟਿਆ ਥਰੀ-ਵ੍ਹੀਲਰ ! ਮੱਥਾ ਟੇਕਣ ਜਾ ਰਹੇ ਸ਼ਰਧਾਲੂ ਜ਼.ਖ਼ਮੀ

ਲੁਧਿਆਣਾ 8 ਜੂਨ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਭਟੀਆ ਬੇਟ ਮਲਹੋਤਰਾ ਪੈਲਸ ਦੇ ਸਾਹਮਣੇ ਅੱਜ ਸ਼ਨੀ ਮੰਦਰ ਮੱਥਾ ਟੇਕਣ ਜਾ ਰਹੇ ਸ਼ਰਧਾਲੂਆਂ ਨਾਲ ਭਰਿਆ ਇਕ ਥ?ਰੀ ਵ?ਹੀਲਰ ਬੇਕਾਬੂ ਹੋ ਕੇ ਪਲਟ ਗਿਆ, ਜਿਸ ਕਾਰਨ ਥ?ਰੀ ਵ?ਹੀਲਰ ਵਿਚ ਬੈਠੀਆਂ 4 ਔਰਤਾਂ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈਆਂ। ਉਕਤ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਐਲਡੀਕੋ ਅਸਟੇਟ ਚੌਕੀ ਦੇ ਇੰਚਾਰਜ ਲਾਲ ਸਿੱਧੂ ਨੇ ਦੱਸਿਆ ਕਿ ਨੈਸ਼ਨਲ ਹਾਈਵੇਅ ’ਤੇ ਥ?ਰੀ ਵ?ਹੀਲਰ ਬੇਕਾਬੂ ਹੋ ਕੇ ਪਲਟ ਗਿਆ, ਜਿਸ ਕਾਰਨ 4 ਔਰਤਾਂ ਜ਼ਖ਼ਮੀ ਹੋ ਗਿਆ। ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਫ਼?ਲਹਾਲ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨਾਜਾਇਜ਼ ਤਰੀਕੇ ਨਾਲ ਗੈਸ ਸਲੰਡਰਾਂ ਦੀ ਭਰਾਈ ਕਰਨ ਵਾਲਾ ਮੁਲਜ਼ਮ ਚੜ੍ਹਿ ਆ ਪੁਲਸ ਅੜਿੱਕੇ

ਲੁਧਿਆਣਾ 8 ਜੂਨ। ਥਾਣਾ ਜੋਧੇਵਾਲ ਦੀ ਪੁਲਸ ਨੇ ਨਾਜਾਇਜ਼ ਤਰੀਕੇ ਨਾਲ ਗੈਸ ਸਲੰਡਰਾਂ ਦੀ ਭਰਾਈ ਕਰਨ ਵਾਲੇ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਕੇ ਮੁਲਜ਼ਮ ਦੇ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਜਸਵਿੰਦਰਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਬਾਵਾ ਕਾਲੋਨੀ ਵਿਚ ਵਿਪਨ ਕੁਮਾਰ ਤਿਵਾਰੀ ਵਾਸੀ ਮੁਹੱਲਾ ਸੰਨਿਆਸ ਨਗਰ ਨੂੰ ਵੱਡੇ ਸਲੰਡਰਾਂ ਤੋਂ ਛੋਟੇ ਸਲੰਡਰਾਂ ਵਿਚ ਗੈਸ ਦੀ ਭਰਾਈ ਕਰਦੇ ਹੋਏ ਕਾਬੂ ਕਰ ਕੇ ਮੁਲਜ਼ਮ ਦੇ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਪੁਰਾਣੀ ਰੰਜਿਸ਼ ਦੇ ਚੱਲਦਿਆਂ ਚਾਚੇ-ਭਤੀਜਿਆਂ ਦੀ ਕੁੱਟ ਮਾਰ ਕਰਨ ਦੇ ਦੋਸ਼ ’ਚ 4 ਨਾਮਜ਼ਦ

ਤਰਨਤਾਰਨ 8 ਜੂਨ। ਥਾਣਾ ਝਬਾਲ ਦੀ ਪੁਲਸ ਨੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਚਾਚੇ-ਭਤੀਜਿਆਂ ਦੀ ਕੁੱਟਮਾਰ ਕਰਨ ਦੇ ਦੋਸ਼ ਹੇਠ 4 ਲੋਕਾਂ ਦੇ ਖ਼ਿਲਾ.ਫ ਕੇਸ ਦਰਜ ਕੀਤਾ ਹੈ। ਇਹ ਘਟਨਾ 20 ਮਾਰਚ 2025 ਦੀ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ ’ਚ ਸੁਰਜੀਤ ਸਿੰਘ ਪੁੱਤਰ ਸਵਿੰਦਰ ਸਿੰਘ ਵਾਸੀ ਝਬਾਲ ਨੇ ਦੱਸਿਆ ਕਿ ਜਦ ਉਹ ਘਰੋਂ ਰੋਟੀ ਖਾ ਕੇ ਦਾਣਾ ਮੰਡੀ ਝਬਾਲ ਨੂੰ ਆ ਰਿਹਾ ਸੀ ਜਦਕਿ ਉਸ ਦਾ ਭਤੀਜਾ ਕਰਨਪ੍ਰੀਤ ਸਿੰਘ ਅੱਗੇ-ਅੱਗੇ ਜਾ ਰਿਹਾ ਸੀ ਜਦੋਂ ਅੱਡਾ ਝਬਾਲ ਕੋਲ ਪੁੱਜੇ ਤਾਂ ਪਿੰਡ ਦੇ ਹੀ ਅੰਜੂ, ਏਕਮਪ੍ਰੀਤ ਸਿੰਘ, ਅਰਸ਼ ਅਤੇ ਗੁਰਲਾਲ ਸਿੰਘ ਉਸ ਦੇ ਭਤੀਜੇ ਕਰਨਪ੍ਰੀਤ ਸਿੰਘ ਨੂੰ ਜ਼ਬਰਦਸਤੀ ਮੋਟਰ ਸਾਈਕਲ ’ਤੇ ਬਿਠਾ ਕੇ ਪਿੰਡ ਦੀ ਫਿਰਨੀ ’ਤੇ ਲੈ ਗਏ। ਜਦ ਉਹ ਅਤੇ ਉਸ ਦਾ ਦੂਸਰਾ ਭਤੀਜਾ ਸ਼ਰਨਪ੍ਰੀਤ ਸਿੰਘ ਫਿਰਨੀ ’ਤੇ ਕਰਨਪ੍ਰੀਤ ਸਿੰਘ ਨੂੰ ਬਚਾਉਣ ਗਏ ਤਾਂ ਉਕਤ ਵਿਅਕਤੀਆਂ ਨੇ ਉਨ੍ਹਾਂ ਤਿੰਨਾਂ ਦੀ ਕੁੱਟ ਮਾਰ ਕੀਤੀ ਅਤੇ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਵੱਲੋਂ ਰੌਲਾ ਪਾਉਣ ’ਤੇ ਉਕਤ ਵਿਅਕਤੀ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਇਸ ਸਬੰਧੀ ਏ.ਐੱਸ.ਆਈ. ਕੁਲਦੀਪ ਸਿੰਘ ਨੇ ਦੱਸਿਆ ਕਿ ਮੁਦਈ ਦੇ ਬਿਆਨ ’ਤੇ ਅੰਜੂ ਪੁੱਤਰ ਜਿੰਦਾ ਸਿੰਘ, ਏਕਮਪ੍ਰੀਤ ਸਿੰਘ ਪੁੱਤਰ ਸੂਬਾ ਸਿੰਘ, ਅਰਸ਼ ਪੁੱਤਰ ਸੋਨੂੰ ਸਿੰਘ, ਗੁਰਲਾਲ ਸਿੰਘ ਪੁੱਤਰ ਸੋਨੂੰ ਸਿੰਘ ਵਾਸੀਆਨ ਝਬਾਲ ਕਲਾਂ ਦੇ ਖ਼ਿਲਾ.ਫ ਮੁਕੱਦਮਾ ਨੰਬਰ 88 ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਪਰਿਵਾਰ ਨਾਲ ਹਿਮਾਚਲ ਘੁੰਮਣ ਆਏ ਪੰਜਾਬੀ ਦੀ ਮੌਤ, ਕਾਰਨ ਜਾਣ ਕੇ ਹੋ ਜਾਓਗੇ ਹੈਰਾਨ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਹਿਮਾਚਲ ਡੈਸਕ 8 ਜੂਨ। ਮਨਾਲੀ-ਲੇਹ ਰਾਸ਼ਟਰੀ ਰਾਜਮਾਰਗ ’ਤੇ ਉੱਚ ਉਚਾਈ ਵਾਲੀ ਬਿਮਾਰੀ ਕਾਰਨ ਇੱਕ ਸੈਲਾਨੀ ਦੀ ਦੁਖਦਾਈ ਮੌਤ ਹੋ ਗਈ ਹੈ। ਇਹ ਘਟਨਾ ਲਾਹੌਲ-ਸਪਿਤੀ ਦੇ ਦੂਰ-ਦੁਰਾਡੇ ਜ਼ਿਲ੍ਹੇ ਵਿੱਚ ਵਾਪਰੀ, ਜਿੱਥੇ ਪੰਜਾਬ ਦੇ ਪਟਿਆਲਾ ਦੇ ਅਮਨ ਬਾਗ ਕਾਲੋਨੀ ਦੇ ਰਹਿਣ ਵਾਲੇ 54 ਸਾਲਾ ਵਰਿੰਦਰਜੀਤ ਪੰਧੇਰ ਦੀ ਜਾਨ ਚਲੀ ਗਈ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪਰਿਵਾਰ ਨੂੰ ਸੌਂਪ ਦਿੱਤਾ ਹੈ। ਸਪਿਤੀ ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਵਰਿੰਦਰਜੀਤ ਪੰਧੇਰ ਆਪਣੀ ਪਤਨੀ ਅਤੇ ਧੀ ਨਾਲ ਹਿਮਾਚਲ ਪ੍ਰਦੇਸ਼ ਘੁੰਮਣ ਆਇਆ ਸੀ। ਲੇਹ ਤੋਂ ਵਾਪਸ ਆਉਂਦੇ ਸਮੇਂ ਉਹ ਐਤਵਾਰ ਨੂੰ ਦਾਰਚਾ ਪਹੁੰਚਿਆ। ਦਾਰਚਾ ਵਿੱਚ ਉਸਦੀ ਸਿਹਤ ਅਚਾਨਕ ਵਿਗੜਨ ਲੱਗੀ। ਉਸਨੂੰ ਤੁਰੰਤ ਮੁੱਢਲੀ ਸਹਾਇਤਾ ਦਿੱਤੀ ਗਈ ਅਤੇ ਕੇਲੋਂਗ ਰੈਫਰ ਕਰ ਦਿੱਤਾ ਗਿਆ ਪਰ ਬਦਕਿਸਮਤੀ ਨਾਲ ਵਰਿੰਦਰਜੀਤ ਪੰਧੇਰ ਦੀ ਕੇਲੋਂਗ ਪਹੁੰਚਣ ਤੋਂ



ਪਹਿਲਾਂ ਹੀ ਮੌਤ ਹੋ ਗਈ। ਇਹ ਘਟਨਾ ਇੱਕ ਵਾਰ ਫਿਰ ਉੱਚ ਪਹਾੜੀ ਖੇਤਰਾਂ ਵਿੱਚ ਉੱਚ ਉਚਾਈ ਵਾਲੀ ਬਿਮਾਰੀ ਦੇ ਖ਼ਤਰੇ ਨੂੰ ਉਜਾਗਰ ਕਰਦੀ ਹੈ। ਦਾਰਚਾ ਵਰਗੀਆਂ ਥਾਵਾਂ ’ਤੇ ਖਾਸ ਕਰਕੇ ਗ੍ਰਾਮਫੂ ਤੋਂ ਲੋਸਰ ਦੇ ਵਿਚਕਾਰ, ਆਕਸੀਜਨ ਦਾ ਪੱਧਰ ਕਾਫ਼ੀ ਘੱਟ ਜਾਂਦਾ ਹੈ, ਜਿਸ ਨਾਲ ਸਾਹ ਲੈਣ ਵਿੱਚ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ। ਇਹ ਖਾਸ ਤੌਰ ’ਤੇ ਉਨ੍ਹਾਂ ਸੈਲਾਨੀਆਂ ਲਈ ਖ਼ਤਰਨਾਕ ਹੋ ਸਕਦਾ ਹੈ ਜੋ ਮੈਦਾਨੀ ਇਲਾਕਿਆਂ ਤੋਂ ਆਉਂਦੇ ਹਨ ਅਤੇ ਉੱਚਾਈ ’ਤੇ ਰਹਿਣ ਦੇ ਆਦੀ ਨਹੀਂ ਹਨ। ਲਾਹੌਲ-ਸਪੀਤੀ ਜ਼ਿਲ੍ਹਾ ਪ੍ਰਸ਼ਾਸਨ ਨੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਮਹੱਤਵਪੂਰਨ ਸਲਾਹ ਜਾਰੀ ਕੀਤੀ ਹੈ। ਪ੍ਰਸ਼ਾਸਨ ਨੇ ਸਾਹ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਨੂੰ ਦਾਰਚਾ ਤੋਂ ਅੱਗੇ ਯਾਤਰਾ ਨਾ ਕਰਨ ਦੀ ਸਖ਼ਤ ਹਦਾਇਤ ਕੀਤੀ ਹੈ। ਇਸ ਤੋਂ ਇਲਾਵਾ, ਸਾਰੇ ਸੈਲਾਨੀਆਂ ਨੂੰ ਆਪਣੀ ਯਾਤਰਾ ਦੌਰਾਨ ਆਕਸੀਜਨ ਸਿਲੰਡਰ ਅਤੇ ਮੁੱਢਲੀ ਸਹਾਇਤਾ ਕਿੱਟ ਆਪਣੇ ਨਾਲ ਰੱਖਣ ਦੀ ਸਲਾਹ ਦਿੱਤੀ ਗਈ ਹੈ। ਨਿਯਮਿਤ ਤੌਰ ’ਤੇ ਪਾਣੀ ਪੀਣ ਨਾਲ ਉੱਚਾਈ ਵਾਲੀ ਬਿਮਾਰੀ ਦਾ ਖ਼ਤਰਾ ਵੀ ਘੱਟ ਜਾਂਦਾ ਹੈ, ਕਿਉਂਕਿ ਇਹ ਸਰੀਰ ਨੂੰ ਹਾਈਡਰੇਟ ਰੱਖਣ ਵਿੱਚ ਮਦਦ ਕਰਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸੀਟੂ ਵਰਕਰਾਂ ਨੇ ਪੰਜਾਬ ਸ਼ਾਪਸ ਕਮਰਸ਼ੀਅਲ? ਐਂਡ ਸਟੈਬਲਿਸ਼ਡ ਬਿੱਲ ਦਾ ਕੀਤਾ ਸਖਤ ਵਿਰੋਧ

ਸੰਗਰੂਰ,8 ਜੂਨ ( ਜਗਸੀਰ ਲੌਂਗੋਵਾਲ)-ਪਿਛਲੇ ਦਿਨੀ ਪੰਜਾਬ ਸਰਕਾਰ ਦੀ ਕੈਬਨਿਟ ਵੱਲੋਂ ਪੰਜਾਬ ਸਾਪਸ ਕਮਰਸ਼ੀਅਲ ਸਟੈਬਲਿਸ਼ਡ ਬਿਲ ਜੋ ਪਾਸ ਕੀਤਾ ਗਿਆ ਉਸਦੇ ਰੋਸ ਪ੍ਰਦਰਸ਼ਨ ਵਜੋਂ ਅੱਜ ਪਿੰਡ ਤਲਵੰਡੀ ਰਾਏ ਦੇ ਸੀਟੂ ਵਰਕਰਾਂ ਨੇ ਪੁਤਲਾ ਫੂਕਿਆ ਅਤੇ ਪੰਜਾਬ ਸਰਕਾਰ ਤੋਂ ਇਸ ਮਜ਼ਦੂਰ ਵਿਰੋਧੀ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ ਕੀਤੀ। ਇਸ ਮੌਕੇ ਪੰਜਾਬ ਸੀਟੂ ਦੇ ਸਕੱਤਰ ਸਾਥੀ ਦਲਜੀਤ ਕੁਮਾਰ ਗੋਰਾ ਨੇ ਕਿਹਾ ਕਿ ਲਹੂ ਪੀੜਵੇਂ ਸੰਘਰਸ਼ ਬਾਅਦ ਪ੍ਰਾਪਤ ਕੀਤੇ ਕਾਨੂੰਨ ਖਤਮ ਹੋ ਜਾਣਗੇ ,ਮਾਲਕ ਆਪਣੀ ਮਰਜ਼ੀ ਨਾਲ ਮਜ਼ਦੂਰ ਤੋਂ ਅੱਠ ਘੰਟੇ ਦੀ ਬਜਾਏ 12 ਘੰਟੇ ਕੰਮ ਲੈਣਗੇ ਅਤੇ ਉਹਨਾਂ ਨੂੰ ਓਵਰ ਟਾਈਮ ਵੀ ਨਹੀਂ ਦੇਣਗੇ ਜਿਸ ਫਾਰਮ ਵਿੱਚ 20 ਜਾਂ ਵਧ ਮਜ਼ਦੂਰ ਕੰਮ ਕਰਦੇ ਹੋਣਗੇ ਉਸ ਵਿੱਚ ਮਜ਼ਦੂਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਨਹੀਂ ਮਿਲਣਗੀਆਂ ਹਾਜ਼ਰੀ ਵੀ ਨਹੀਂ ਲੱਗੇਗੀ ਫੰਡ ਵੀ ਨਹੀਂ ਕੱਟਿਆ ਜਾਏਗਾ ਦੁਰਘਟਨਾ ਹੋਣ ਤੇ ਉਹਨਾਂ ਦੇ ਰਾਜ ਦਾ ਪ੍ਰਬੰਧ ਵੀ ਨਹੀਂ ਹੋਵੇਗਾ। ਸਾਥੀ ਗੋਰਾ ਨੇ ਕਿਹਾ ਅੱਠ ਘੰਟੇ ਦਾ ਕਾਨੂੰਨ ਬਣਾਉਣ ਵਾਸਤੇ ਮਜ਼ਦੂਰਾਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ, ਪਰ ਮੋਦੀ ਦੀ ਕਾਰਪੋਰੇਟ ਪੱਖੀ



ਸਰਕਾਰ ਨੇ ਮਜ਼ਦੂਰ ਵਿਰੋਧੀ ਕਾਨੂੰਨ ਪਾਸ ਕਰਵਾ ਕੇ ਪੰਜਾਬ ਸਰਕਾਰ ਨੂੰ ਆਪਣੀ ਕਠਪੁਤਲੀ ਬਣਾ ਦਿੱਤਾ ਹੈ ਜੋ ਕੰਮ ਕੋਈ ਹੋਰ ਸਰਕਾਰ ਨਹੀਂ ਕਰ ਸਕੀ ਉਹ ਭਗਵੰਤ ਮਾਨ ਸਰਕਾਰ ਨੇ ਕਰ ਦਿਖਾਇਆ ਹੈ ਭਗਤ ਸਿੰਘ ਦੇ ਅਸੂਲਾਂ ਤੇ ਚੱਲਣ ਵਾਲੀ ਪਾਰਟੀ ਨੇ ਭਗਤ ਸਿੰਘ ਦੀ ਵਿਚਾਰਧਾਰਾ ਦੇ ਉਲਟ ਹੀ ਫੈਸਲੇ ਲਏ ਹਨ । ਇਸ ਮੌਕੇ ਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਡਾਕਟਰ ਪਰਮਜੀਤ ਸਿੰਘ ਸਿਬਾਰਵੀ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਤੋਂ 12 ਘੰਟੇ ਕੰਮ ਨਹੀਂ ਲੈਣ ਦਿੱਤਾ ਜਾਵੇਗਾ ਨਰੇਗਾ ਮਜ਼ਦੂਰ ਅਠ ਘੰਟੇ ਹੀ ਕੰਮ ਕਰਨਗੇ ਉਹਨਾਂ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਨੂੰ ਘੱਟ ਘੱਟ 700 ਰੁਪਏ ਦਿਹਾੜੀ ਅਤੇ 28 ਮਹੀਨਾ ਸਾਲ ਵਿੱਚ 200 ਦਿਨ ਦਾ ਕੰਮ ਦਿੱਤਾ ਜਾਵੇ। ਇਸ ਮੌਕੇ ਸਾਥੀ ਗੋਰਾ ਨੇ ਐਲਾਨ ਕੀਤਾ ਕਿ ਇਸ ਲੋਕ ਵਿਰੋਧੀ ਮਜ਼ਦੂਰ ਵਿਰੋਧੀ ਕਨੂੰਨ ਦਾ ਲਗਾਤਾਰ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਰੋਧ ਕੀਤਾ ਜਾਵੇਗਾ ।

# 60 ਦਿਨਾਂ ਦੇ ਅੰਦਰ-ਅੰਦਰ ਕਰੋ ਇਹ ਕੰਮ...! ਨਵੇਂ ਹੁਕਮਾਂ ਮਗਰੋਂ ਐਕਸ਼ਨ ਮੋਡ 'ਚ ਪੰਜਾਬ ਪੁਲਸ

ਜਲੰਧਰ/ਚੰਡੀਗੜ੍ਹ 8 ਜੂਨ। ਪੰਜਾਬ 'ਚ ਨਸ਼ਿਆਂ ਦੀ ਲਾਹਨਤ ਨੂੰ ਖ਼ਤਮ ਕਰਨ ਲਈ 31 ਮਈ ਦੀ ਸਮਾਂ ਸੀਮਾ ਖ਼ਤਮ ਹੋਣ ਤੋਂ ਬਾਅਦ ਪੰਜਾਬ ਪੁਲਸ ਹੁਣ ਨਸ਼ਾ ਸਮੱਗਲਰਾਂ ਅਤੇ ਸਪਲਾਇਰਾਂ ਵਿਰੁੱਧ ਨਵੀਂ ਰਣਨੀਤੀ ਬਣਾਉਣ 'ਚ ਰੁੱਝੀ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ, ਜਿਸ ਤਹਿਤ ਅਗਲੇ 60 ਦਿਨਾਂ 'ਚ ਨਸ਼ਾ ਸਮੱਗਲਰਾਂ ਵਿਰੁੱਧ ਕਾਰਵਾਈ ਲਈ ਜ਼ਿਲ੍ਹਿਆਂ, ਖ਼ੁਫ਼ੀਆ ਵਿਭਾਗ ਅਤੇ ਏ. ਐੱਨ. ਟੀ. ਐੱਫ. ਤੋਂ ਪ੍ਰਾਪਤ ਜਾਣਕਾਰੀ ਨਾਲ ਨਸ਼ਾ ਸਮੱਗਲਰਾਂ ਅਤੇ ਸਪਲਾਇਰਾਂ ਦੀਆਂ ਨਵੀਆਂ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਜੇਲ੍ਹਾਂ ਦੇ ਨਵੀਨੀਕਰਨ ਲਈ 500 ਕਰੋੜ ਰੁਪਏ ਦੇ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਤਹਿਤ ਹਰੇਕ ਜੇਲ੍ਹ ਵਿਚ ਇਕ ਨਸ਼ਾ ਛੁਡਾਊ ਕੇਂਦਰ ਹੋਵੇਗਾ ਤਾਂ ਜੋ ਕੈਦੀ ਨਸ਼ਾ ਛੁਡਾਊ ਇਲਾਜ ਦਾ ਲਾਭ ਲੈ ਸਕਣ। ਡੀ. ਜੀ. ਪੀ. ਨੇ ਕਿਹਾ ਕਿ 'ਸੇਫ਼ ਪੰਜਾਬ' ਵ?ਟਸਐਪ ਚੈਟਬੋਟ ਪੋਰਟਲ – 9779100200 ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ ਕਿਉਂਕਿ ਲੋਕਾਂ ਕੋਲੋਂ ਇਸ ਦੀ ਗੁਪਤਤਾ ਸਬੰਧੀ ਚੰਗਾ ਹੁੰਗਾਰਾ ਮਿਲ ਰਿਹਾ ਹੈ, ਜੋ ਉਨ੍ਹਾਂ ਨੂੰ ਨਸ਼ਾ ਸਮੱਗਲਰਾਂ, ਨਸ਼ਾ ਪੀੜਤਾਂ ਦੀ ਰਿਪੋਰਟ ਕਰਨ ਤੇ ਜਾਣਕਾਰੀ ਦੇਣ ਲਈ ਉਤਸ਼ਾਹਿਤ ਕਰਦਾ ਹੈ। ਪ੍ਰਾਪਤ ਹੋਈਆਂ 7635 ਜਾਣਕਾਰੀਆਂ 'ਚੋਂ ਜਾਂਚ ਤੋਂ ਬਾਅਦ 1596 ਐੱਫ.ਆਈ.ਆਰਜ਼ ਦਰਜ ਕੀਤੀਆਂ ਗਈਆਂ, ਜਿਸ ਦੇ ਨਤੀਜੇ ਵਜੋਂ 1814 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਸ ਨੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਪ੍ਰਤੀ ਹਮਦਰਦੀ ਵਾਲਾ ਰਵੱਈਆ ਅਪਣਾਇਆ ਹੈ ਤੇ ਉਨ੍ਹਾਂ ਨੂੰ ਅਪਰਾਧੀਆਂ ਦੀ ਬਜਾਏ ਮਰੀਜ਼ਾਂ ਵਾਂਗ ਇਲਾਜ ਕਰਨ ਨੂੰ ਤਰਜੀਹ ਦਿੱਤੀ ਹੈ। ਘੱਟ ਮਾਤਰਾ 'ਚ ਨਸ਼ੀਲੇ ਪਦਾਰਥਾਂ ਨਾਲ ਫੜੇ ਗਏ 1121 ਵਿਅਕਤੀਆਂ 'ਤੇ ਐੱਨ.ਡੀ.ਪੀ.ਐੱਸ. ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਨੂੰ ਐਕਟ ਦੀ ਧਾਰਾ 64-ਏ ਤਹਿਤ ਨਸ਼ਾ ਛੁਡਾਊ ਅਤੇ ਪੁਨਰਵਾਸ ਲਈ ਭੇਜਿਆ ਗਿਆ ਸੀ। ਇਸ ਤੋਂ ਇਲਾਵਾ ਪੁਲਸ ਟੀਮਾਂ ਵੱਲੋਂ 5786 ਨਸ਼ਾ ਪੀੜਤਾਂ ਨੂੰ ਛੁਡਾਊ ਕੇਂਦਰਾਂ 'ਚ ਇਲਾਜ ਲਈ ਲਿਜਾਇਆ ਗਿਆ ਹੈ, ਜਦੋਂ ਕਿ 6483 ਨੂੰ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ ਹੈ। ਉਨ੍ਹਾਂ ਐਲਾਨ ਕੀਤਾ ਕਿ ਸਟੇਸ਼ਨ ਹਾਊਸ ਅਫ਼ਸਰ (ਐੱਸ.ਐੱਚ.ਓ.) ਜ਼ਮਾਨਤ 'ਤੇ ਬਾਹਰ ਆਏ ਲੋਕਾਂ ਤੱਕ ਨਿੱਜੀ ਤੌਰ 'ਤੇ ਪਹੁੰਚ ਕਰਨਗੇ ਤੇ ਉਨ੍ਹਾਂ ਨਾਲ ਸਹਿਯੋਗੀ ਢੰਗ ਨਾਲ ਜੁੜ ਕੇ ਸਵੈ-ਘੋਸ਼ਣਾ ਸਹੁੰ ਪੱਤਰ ਲੈਣਗੇ ਕਿ ਉਹ ਨਸ਼ਿਆਂ ਦਾ ਸੇਵਨ ਜਾਂ ਵੇਚਣ ਤੋਂ ਪ੍ਰਹੇਜ਼ ਕਰਨਗੇ।

# ਪੂਰਨ ਬ੍ਰਹਮ ਕਬੀਰ ਸਾਹਿਬ ਜੀ ਦੇ ਪ੍ਰਗਟ ਦਿਵਸ ਸਮਾਗਮ ਸਬੰਧੀ ਤਿਆਰੀਆਂ ਮੁਕੰਮਲ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਸੰਗਰੂਰ,8 ਜੂਨ ( ਜਗਸੀਰ ਲੌਂਗੋਵਾਲ)- ਜਗਤਗੁਰੂ ਤੱਤਵਦਰਸ਼ੀ ਸੰਤ ਰਾਮਪਾਲ ਜੀ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਮਿਤੀ 9 ਤੋਂ 11 ਜੂਨ ਨੂੰ ਪੂਰਣ ਬ੍ਰਹਮ ਪਰਮਾਤਮਾ ਕਬੀਰ ਸਾਹਿਬ ਜੀ ਦਾ ਪ੍ਰਗਟ ਦਿਵਸ ਸਮਾਗਮ ਮਨਾਇਆ ਜਾ ਰਿਹਾ ਹੈ ਇਸ ਸਬੰਧੀ ਸਤਲੋਕ ਆਸਰਮ ਧੂਰੀ (ਸੰਗਰੂਰ ) ਤੇ ਸਤਲੋਕ ਆਸ਼ਰਮ ਖਮਾਣੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਦੇਸ਼ ਭਰ ਵਿੱਚ 11 ਸਤਲੋਕ ਆਸ਼ਰਮਾਂ ਸਮੇਤ ਨੇਪਾਲ ਵਿੱਚ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਤਹਿਤ ਪੰਜਾਬ ਵਿੱਚ ਸਤਲੋਕ ਆਸ਼ਰਮ ਖਮਾਣੋਂ ਜ਼ਿਲ੍ਹਾ ਫਤਹਿਗੜ੍ਹ ਅਤੇ ਸਤਲੋਕ ਆਸ਼ਰਮ ਧੂਰੀ ਜ਼ਿਲ੍ਹਾ ਸੰਗਰੂਰ ਵਿਖੇ ਵੀ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਸਤਲੋਕ ਆਸ਼ਰਮ ਦੇ ਪ੍ਰਬੰਧਕ ਸੇਵਾਦਾਰਾਂ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 1398 ਈਸਵੀ ਵਿੱਚ ਪੂਰਨ ਪਰਮਾਤਮਾ ਕਬੀਰ ਸਾਹਿਬ ਜੀ ਆਪਣੇ ਨਿੱਜ ਸਥਾਨ ਸੱਚਖੰਡ ਸਤਲੋਕ ਤੋਂ ਸਹਿ ਸਰੀਰ ਚਲ ਕੇ ਆਏ ਅਤੇ ਕਾਸ਼ੀ ਨਗਰ ਵਿੱਚ ਲਹਿਰ ਤਾਰਾ ਤਲਾਬ ਵਿੱਚ ਕਮਲ ਦੇ ਫੁੱਲ ਉੱਤੇ ਪ੍ਰਗਟ ਹੋਏ ਸਨ। ਉਹਨਾਂ ਨੇ 120 ਸਾਲ ਇਸ ਪ੍ਰਿਥਵੀ ਉੱਪਰ ਇੱਕ ਸਧਾਰਨ ਵਿਅਕਤੀ ਦੀ ਤਰ੍ਹਾਂ ਲੀਲਾ ਕਰਦੇ ਹੋਏ ਸਤਿ ਭਗਤੀ, ਸੱਚਾ ਨਾਮ ਅਤੇ ਸੰਪੂਰਨ ਅਧਿਆਤਮਿਕ ਗਿਆਨ ਪ੍ਰਦਾਨ ਕੀਤਾ। ਕਬੀਰ ਸਾਹਿਬ ਜੀ ਦੇ ਇਸ ਯਥਾਰਥ ਸਤਿ ਗਿਆਨ ਦੇ ਅਧਾਰ ਤੇ ਹੀ ਸੰਤ ਰਾਮਪਾਲ ਜੀ ਮਹਾਰਾਜ ਅਧਿਆਤਮਿਕ ਗਿਆਨ ਦੇ ਉਤਥਾਨ ਲਈ ਦਿਨ ਰਾਤ ਅਣਥੱਕ ਯਤਨ ਕਰ ਰਹੇ ਹਨ। ਉਹਨਾਂ ਨੇ ਸਮਾਜਿਕ ਕੁਰੀਤੀਆਂ ਨੂੰ ਸਮਾਪਤ ਕਰਨ ਦੇ ਨਾਲ ਨਾਲ, ਸਮਾਜ ਭਲਾਈ ਦੇ ਅਨੇਕਾਂ ਕਾਰਜਾਂ ਵਿਚ ਵੀ ਮਿਸਾਲ ਪੈਦਾ ਕੀਤੀ ਹੈ। ਉਹਨਾਂ ਨੇ ਕਬੀਰ ਸਾਹਿਬ ਜੀ ਦੇ ਸਤ ਗਿਆਨ ਦੇ ਰਾਹੀਂ ਸਾਰੇ ਧਰਮਾਂ ਦੇ ਪਵਿੱਤਰ ਸਦਗ੍ਰੰਥਾਂ ਤੇ ਅਧਾਰਿਤ ਅਧਿਆਤਮਕ ਗਿਆਨ ਨਾਲ ਮੋਕਸ਼ ਦਾ ਸੱਚਾ ਮਾਰਗ ਦਿਖਾਇਆ ਹੈ। ਸਮਾਗਮ ਦੀ ਸ਼ੁਰੂਆਤ ਮਿਤੀ 9 ਜੂਨ ਨੂੰ ਸੰਤ ਗਰੀਬ ਦਾਸ ਜੀ ਮਹਾਰਾਜ ਦੀ ਅਮ੍ਰਿਤਬਾਣੀ ਦੇ ਅਖੰਡ ਪਾਠਾਂ ਦੇ ਪ੍ਰਕਾਸ਼ ਨਾਲ ਹੋਵੇਗੀ। 10 ਜੂਨ ਨੂੰ ਵਿਸ਼ਾਲ




ਖੂਨਦਾਨ ਕੈਂਪ ਅਤੇ ਦਹੇਜ ਰਹਿਤ ਵਿਆਹ ਕਰਵਾਏ ਜਾਣਗੇ। ਇਸਦੇ ਨਾਲ ਪੀਜੀਆਈ ਚੰਡੀਗੜ੍ਹ ਦੇ ਸਹਿਯੋਗ ਨਾਲ ਵਿਸ਼ੇਸ਼ ਤੌਰ ਤੇ ਅੰਗ ਦਾਨ ਅਤੇ ਦੇਹਦਾਨ ਦੇ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਵੇਗਾ। 11 ਜੂਨ ਨੂੰ ਅਖੰਡ ਪਾਠ ਦੇ ਭੋਗ ਨਾਲ ਸਮਾਗਮਾਂ ਦੀ ਸਮਾਪਤੀ ਹੋਵੇਗੀ। ਤਿੰਨੇ ਦਿਨ ਅਧਿਆਤਮਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ ਸਾਰੇ ਧਰਮਾਂ ਦੇ ਪਵਿੱਤਰ ਸਦਗ੍ਰੰਥਾਂ ਦੇ ਨਾਲ ਨਾਲ ਤਸਵੀਰਾਂ ਰਾਹੀਂ ਅਧਿਆਤਮਿਕ ਗਿਆਨ ਪ੍ਰਦਰਸ਼ਿਤ ਕੀਤਾ ਜਾਵੇਗਾ। ਇਸ ਸਮਾਗਮ ਦਾ ਸਿੱਧਾ ਪ੍ਰਸਾਰਣ ਵੱਖ ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਨਾਲ ਮਿਤੀ 11 ਮਾਰਚ ਨੂੰ ਸਾਧਨਾ ਚੈਨਲ ਤੇ ਵੀ ਕੀਤਾ ਜਾਵੇਗਾ। ਤਿੰਨੇ ਦਿਨ ਸ਼ੁੱਧ ਦੇਸੀ ਘਿਓ ਨਾਲ ਤਿਆਰ ਭੰਡਾਰਾ ਅਤੇ ਲੱਡੂ ਜਲੇਬੀਆਂ ਦਾ ਪ੍ਰਸ਼ਾਦ ਅਤੁੱਟ ਵਰਤਾਇਆ ਜਾਵੇਗਾ।

# ਬਰਡ ਫਲੂ ਦਾ ਕਹਿਰ: 5 ਇਲਾਕਿਆਂ 'ਚ ਵਾਇਰਸ ਦੀ ਪੁਸ਼ਟੀ, ਪੰਛੀ ਬਾਜ਼ਾਰ ਬੰਦ ਕਰਨ ਦੇ ਹੁਕਮ

ਨੈਸ਼ਨਲ ਡੈਸਕ 8 ਜੂਨ। ਗੋਰਖਪੁਰ ਦੇ ਪੰਜ ਇਲਾਕਿਆਂ 'ਚ ਬਰਡ ਫਲੂ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਹੋਈ ਹੈ, ਜਿਸ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਨੇ ਅਗਲੇ 21 ਦਿਨਾਂ ਲਈ ਸ਼ਹਿਰ ਦੇ ਸਾਰੇ ਜ਼ਿੰਦਾ ਪੰਛੀ ਬਾਜ਼ਾਰਾਂ ਨੂੰ ਤੁਰੰਤ ਬੰਦ ਕਰਨ ਦੇ ਆਦੇਸ਼ ਦਿੱਤੇ ਹਨ। ਸ਼ਨੀਵਾਰ ਨੂੰ ਵਧੀਕ ਨਗਰ ਨਿਗਮ ਕਮਿਸ਼ਨਰ ਨਿਰੰਕਾਰ ਸਿੰਘ ਨੇ ਕਿਹਾ ਕਿ ਭੋਪਾਲ 'ਚ ਰਾਸ਼ਟਰੀ ਪਸ਼ੂ ਰੋਗ ਸੰਸਥਾਨ ਵੱਲੋਂ ਪੰਛੀਆਂ ਦੇ ਨਮੂਨਿਆਂ 'ਚ ਏਵੀਅਨ ਇਨਫਲੂਐਂਜ਼ਾ 85©1 ਅਤੇ 89©2 ਦੀ ਮੌਜੂਦਗੀ ਦੀ ਪੁਸ਼ਟੀ ਕਰਨ ਤੋਂ ਬਾਅਦ ਇਹ



ਫੈਸਲਾ ਲਿਆ ਗਿਆ ਹੈ। ਗੋਰਖਪੁਰ ਪ੍ਰਸ਼ਾਸਨ ਦੇ ਅਨੁਸਾਰ ਝੁੰਗੀਆ ਬਾਜ਼ਾਰ, ਐਲੂਮੀਨੀਅਮ ਫੈਕਟਰੀ ਖੇਤਰ, ਤਾਰਾਮੰਡਲ, ਭਗਤ ਚੌਰਾਹਾ ਤੇ ਸ਼ਹੀਦ ਅਸ਼ਫਾਕਉੱਲ੍ਹਾ ਖਾਨ ਜ਼ੂਓਲੋਜੀਕਲ ਪਾਰਕ ਤੋਂ ਇਕੱਠੇ ਕੀਤੇ ਗਏ ਨਮੂਨਿਆਂ 'ਚ ਵਾਇਰਸ ਦੀ ਪੁਸ਼ਟੀ ਹੋਈ ਹੈ। ਮੁੱਖ ਪਸ਼ੂ ਚਿਕਿਤਸਾ ਅਧਿਕਾਰੀ (ਸੀਵੀਓ) ਨੇ ਜ਼ਿਲ੍ਹਾ ਪੱਧਰੀ ਰੈਪਿਡ ਰਿਸਪਾਂਸ ਟੀਮਾਂ ਨੂੰ ਅਲਰਟ ਕਰ ਦਿੱਤਾ ਹੈ ਅਤੇ ਸਦਰ ਪਸ਼ੂ ਹਸਪਤਾਲ 'ਚ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਨਿਰੰਕਾਰ ਸਿੰਘ ਨੇ ਐਲਾਨ ਕੀਤਾ ਕਿ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹੋਏ ਸੰਕਰਮਿਤ ਇਲਾਕਿਆਂ ਦੇ ਇੱਕ ਕਿਲੋਮੀਟਰ ਦੇ ਘੇਰੇ 'ਚ ਪੰਛੀਆਂ ਨੂੰ ਮਾਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਸਿੰਘ ਨੇ ਕਿਹਾ ਕਿ ਇਨ੍ਹਾਂ ਨਿਰਧਾਰਤ ਖੇਤਰਾਂ 'ਚ ਸਾਰੇ ਜ਼ਿੰਦਾ ਪੰਛੀਆਂ ਨੂੰ ਮਾਰ ਦਿੱਤਾ ਜਾਵੇਗਾ ਤੇ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਇੱਕ ਵਿਆਪਕ ਕੀਟਾਣੂ-ਰਹਿਤ ਕਰਨ ਦੀ ਮੁਹਿੰਮ ਸਰਗਰਮੀ ਨਾਲ ਚਲਾਈ ਜਾ ਰਹੀ ਹੈ। ਗੋਰਖਪੁਰ ਤੋਂ ਕੁੱਲ 1,328 ਨਮੂਨਿਆਂ ਦੀ ਜਾਂਚ ਕੀਤੀ ਗਈ ਹੈ।

# ਸ. ਸੁਖਦੇਵ ਸਿੰਘ ਢੀਂਡਸਾ ਨੂੰ ਵੱਖ- ਵੱਖ ਸ਼ਖਸੀਅਤਾਂ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਭੇਟ ਕੀਤੀਆਂ ਸ਼ਰਧਾਂਜਲੀਆਂ

ਸੰਗਰੂਰ, 8 ਜੂਨ: ਅੱਜ ਸਥਾਨਕ ਗੁਰੂਦੁਆਰਾ ਸ਼?ਰੀ ਨਾਨਕਿਆਣਾ ਸਾਹਿਬ ਵਿਖੇ ਸਿੱਖ ਕੌਮ ਦੀ ਮਹਾਨ ਸ਼ਖਸ਼ੀਅਤ ਸ. ਸੁਖਦੇਵ ਸਿੰਘ ਢੀਂਡਸਾ ਨੂੰ ਰਾਜਨੀਤਕ, ਧਾਰਮਿਕ, ਸਮਾਜਿਕ ਜੱਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਹੋਰ ਵੱਖ-ਵੱਖ ਖੇਤਰਾਂ ਦੇ ਆਗੂਆਂ ਵੱਲੋਂ ਨਮ ਅੱਖਾਂ ਨਾਲ ਵਿਸ਼ਾਲ ਇਕੱਠ ਵਿਚ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਯਾਦਾਂ ਨੂੰ ਸਾਂਝੀਆਂ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਹੋਰ ਵੀ ਨਿਖਾਰ ਕੇ ਰੱਖ ਦਿੱਤਾ।ਅੰਤਿਮ ਅਰਦਾਸ ਵਿਚ ਆਮ ਲੋਕਾਂ ਦੀ ਵੱਡੀ ਆਮਦ ਅਤੇ ਸਾਰੀਆਂ ਰਾਜਸੀ ਤੇ ਵੱਖ-ਵੱਖ ਖੇਤਰਾਂ ਦੀਆਂ ਜੱਥੇਬੰਦੀਆਂ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਪੰਜਾਬ ਦਾ ਸਰਬ ਪ੍ਰਵਾਨਿਤ ਆਗੂ ਕਰਾਰ ਦਿੱਤਾ।ਬੁਲਾਰਿਆਂ ਨੇ ਕਿਹਾ ਕਿ ਸ. ਢੀਂਡਸਾ ਰਾਜਨੀਤਕ ਆਗੂ ਹੀ ਨਹੀਂ, ਸਗੋਂ ਆਪਣੇ ਆਪ ਵਿਚ ਬਹੁਤ ਵੱਡੀ ਸੰਸਥਾ ਸਨ, ਜਿੰਨਾਂ ਦਾ ਹਰ ਖੇਤਰ, ਹਰ ਸੂਬੇ ਅਤੇ ਹਰ ਦੇਸ਼ ਤੱਕ ਵਿਸ਼ਾਲ ਦਾਇਰਾ ਸੀ।ਇਹੋ ਜਿਹੀ ਸ਼ਖਸ਼ੀਅਤ ਕਦੇ ਕਦੇ ਮਿਲਦੀ ਹੈ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਭਾਈ ਹਰਨਾਮ ਸਿੰਘ ਧੁੰਮਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਤੇ ਸ਼?ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ, ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਪ੍ਰਬੰਧਕ ਕਮੇਟੀ, ਤਖਤ ਸ਼?ਰੀ ਦਮਦਮਾ ਸਾਹਿਬ ਤੇ ਅਕਾਲ ਤਖਤ ਸਾਹਿਬ ਤੋਂ ਨਾਮਜਦ 5 ਮੈਂਬਰੀ ਭਰਤੀ ਕਮੇਟੀ ਸਮੇਤ ਬਹੁਤ ਸਾਰੀਆਂ ਹੋਰ ਧਾਰਮਿਕ ਅਤੇ ਸਾਮਾਜਿਕ ਜੱਥੇਬੰਦੀਆਂ ਦੇ ਨੁਮਾਇੰਦਿਆਂ ਨੇ ਸੁਖਦੇਵ ਸਿੰਘ ਢੀਂਡਸਾ ਦੇ ਸਪੁੱਤਰ ਪਰਮਿੰਦਰ ਸਿੰਘ ਢੀਂਡਸਾ ਦੀ ਦਸਤਾਰ ਬੰਦੀ ਦੀ ਰਸਮ ਅਦਾ ਕੀਤੀ। ਇਸ ਮੌਕੇ ਸ਼ਰਧਾਂਜਲੀ ਭੇਂਟ ਕਰਨ ਵਾਲਿਆਂ ਵਿਚ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ, ਡੇਰਾ ਰਾਧਾ ਸੁਆਮੀ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਜੀਤ ਸਮੂਹ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੁਰਜੀਤ ਸਿੰਘ ਰੱਖੜਾ, ਦਰਸ਼ਨ ਸਿੰਘ ਧਾਲੀਵਾਲ, ਦਰਸ਼ਨ ਸਿੰਘ ਸ਼ਿਵਾਲਿਕ, ਸਾਬਕਾ ਸੰਸਦ ਮੈਂਬਰ ਮੁਹੰਮਦ ਸਦੀਕ, ਮਨਪ੍ਰੀਤ ਸਿੰਘ ਬਾਦਲ, ਸੰਤਾ ਸਿੰਘ ਉਮੈਦਪੁਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਸੁਖਜਿੰਦਰ ਸਿੰਘ ਰੰਧਾਵਾ, ਕੁਲਬੀਰ ਸਿੰਘ ਜੀਰਾ, ਗੁਰਪ੍ਰੀਤ ਸਿੰਘ ਕਾਂਗੜ, ਮੁਹੰਮਦ ਮੁਸਤਫਾ ਸਾਬਕਾ ਡੀਜੀਪੀ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਭਾਜਪਾ ਸੂਬਾ ਪ੍ਰਧਾਨ ਸੁਨੀਲ ਜਾਖੜ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ, ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ, ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਭਾਜਪਾ ਦੇ ਕੌਮੀ ਸਕੱਤਰ ਤਰੁਣ ਚੁਘ, ਸਾਬਕਾ ਸੰਸਦ ਮੈਂਬਰ ਜਗਮੀਤ ਬਰਾੜ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ, ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਸਾਬਕਾ ਕਾਂਗਰਸੀ ਮੰਤਰੀ ਵਿਜੇਇੰਦਰ ਸਿੰਗਲਾ, ਸਰਬਜੀਤ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ, ਭਾਈ ਮਨਜੀਤ ਸਿੰਘ, ਕੰਵਰਜੀਤ ਸਿੰਘ ਸੰਧੂ, ਸੰਤ ਬਲਵੀਰ ਸਿੰਘ ਘੁਨੰਸ, ਚਰਨਜੀਤ ਸਿੰਘ ਬਰਾੜ, ਜੱਥੇਦਾਰ ਗੁਰਬਚਨ ਸਿੰਘ ਬਚੀ, ਜੱਥੇਦਾਰ ਤੇਜਾ ਸਿੰਘ ਕਮਾਲਪੁਰ, ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ, ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ, ਸੁਖਵਿੰਦਰ ਸਿੰਘ ਔਲਖ, ਗੁਰਮੀਤ ਸਿੰਘ ਜੌਹਲ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿਚ ਪੁੱਜੇ ਬੁਲਾਰਿਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

# ਪੰਜਾਬ 'ਚ ਪੁਰਾਣੇ ਵਾਹਨਾਂ ਨੂੰ ਲੈ ਕੇ ਵੱਡੀ ਖ਼ਬਰ ! ਸੂਬਾ ਵਾਸੀਆਂ ਨੂੰ ਮਿਲੀ ਰਾਹਤ

ਚੰਡੀਗੜ੍ਹ 8 ਜੂਨ। ਪੰਜਾਬ 'ਚ ਪੁਰਾਣੇ ਵਾਹਨਾਂ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਦਰਅਸਲ ਹੁਣ ਲੋਕਾਂ ਨੂੰ ਪੁਰਾਣੇ ਵਾਹਨ ਸਕਰੈਪ ਕਰਾਉਣ 'ਚ ਵੱਡੀ ਰਾਹਤ ਮਿਲੇਗੀ ਅਤੇ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਹੀਂ ਆਵੇਗੀ ਕਿਉਂਕਿ ਸੂਬੇ 'ਚ ਮੋਹਾਲੀ, ਪਟਿਆਲਾ ਅਤੇ ਮਾਨਸਾ 'ਚ ਨਵੇਂ ਵਾਹਨ ਸਕਰੈਪ ਸੈਂਟਰ ਸ਼ੁਰੂ ਹੋ ਗਏ ਹਨ। ਇਸ ਦੇ ਨਾਲ ਹੀ ਹਰ ਜ਼ਿਲ੍ਹੇ 'ਚ ਇਕ ਕੁਲੈਕਸ਼ਨ ਸੈਂਟਰ ਵੀ ਖੋਲ੍ਹਿਆ ਜਾਵੇਗਾ, ਤਾਂ ਜੋ ਬਾਕੀ ਜ਼ਿਲ੍ਹਿਆਂ ਦੇ ਲੋਕ ਵੀ ਇਸ ਦਾ ਲਾਭ ਲੈ ਸਕਣ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਪੁਰਾਣਾ ਵਾਹਨ ਸਕਰੈਪ ਕਰਾਉਣ ਤੋਂ ਬਾਅਦ ਨਵਾਂ ਇਲੈਕਟ੍ਰਿਕ ਵਾਹਨ ਖ਼ਰੀਦਣ 'ਤੇ ਰਜਿਸਟ?ਰੇਸ਼ਨ ਫ਼ੀਸ ਅਤੇ ਮੋਟਰ ਵ?ਹੀਕਲ ਟੈਕਸ 'ਚ ਪੂਰੀ



ਤਰ੍ਹਾਂ ਤੋਂ ਛੋਟ ਮਿਲੇਗੀ। ਨਵੇਂ ਸਕਰੈਪ ਸੈਂਟਰ ਖੁੱਲ੍ਹਣ ਨਾਲ ਹੁਣ 8 ਜ਼ਿਲ੍ਹਿਆਂ ਦੇ ਲੋਕਾਂ ਨੂੰ ਸਿੱਧਾ ਫ਼ਾਇਦਾ ਮਿਲੇਗਾ। ਇਨ੍ਹਾਂ 'ਚ ਮੋਹਾਲੀ, ਪਟਿਆਲਾ, ਮਾਨਸਾ, ਫਤਿਹਗੜ੍ਹ ਸਾਹਿਬ, ਸੰਗਰੂਰ, ਬਰਨਾਲਾ, ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਸ਼ਾਮਲ ਹਨ। ਇਕ ਹਿੰਦੀ ਅਖ਼ਬਾਰ ਦੀ ਖ਼ਬਰ ਮੁਤਾਬਕ ਪੰਜਾਬ 'ਚ ਹੁਣ ਤੱਕ 1.39 ਕਰੋੜ ਵਾਹਨ ਰਜਿਸਟਰਡ ਹੋਏ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਵਾਹਨਾਂ ਦਾ 12 ਤੋਂ 15 ਸਾਲ ਪਹਿਲਾਂ ਰਜਿਸਟ?ਰੇਸ਼ਨ ਹੋਇਆ ਸੀ। ਇਹੀ ਕਾਰਨ ਹੈ ਕਿ ਇਨ੍ਹਾਂ ਵਾਹਨਾਂ ਨੂੰ ਸਕਰੈਪ ਕਰਵਾਉਣ ਲਈ ਹੀ ਇਹ ਸਹੂਲਤ ਸ਼ੁਰੂ ਕੀਤੀ ਜਾ ਰਹੀ ਹੈ।

# ਨਾਰਥਈਸਟ ਫਰੰਟੀਅਰ ਰੇਲਵੇ ਨੇ ਟਰੈਕ ਸੁਰੱਖਿਆ ਲਈ ਤੀਬਰ ਅਭਿਆਨ ਚਲਾਇਆ

ਮਾਲੀਗਾਓਂ, 8 ਜੂਨ, 2025: ਰੇਲ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੀ ਭਰੋਸੇਯੋਗਤਾ ਨੂੰ ਵਧਾਉਣ ਦੇ ਇੱਕ ਦ੍ਰਿੜ ਯਤਨ ਵਿੱਚ, ਨਾਰਥਈਸਟ ਫਰੰਟੀਅਰ ਰੇਲਵੇ (ਐਨਐਫਆਰ) ਨੇ 29 ਮਈ ਤੋਂ 7 ਜੂਨ, 2025 ਤੱਕ 10 ਦਿਨਾਂ ਦਾ ਵਿਆਪਕ ਸੁਰੱਖਿਆ ਅਭਿਆਨ ਸ਼ੁਰੂ ਕੀਤਾ ਸੀ। ਇਸ ਅਭਿਆਨ ਦਾ ਫੋਕਸ ਐਨਐਫਆਰ ਦੇ ਵੱਖ-ਵੱਖ ਡਿਵੀਜ਼ਨਾਂ ਵਿੱਚ ਪੁਆਇੰਟਸ ਅਤੇ ਕ੍ਰਾਸਿੰਗਜ਼ ਦੀ ਜਾਂਚ 'ਤੇ ਸੀ। ਜਨਰਲ ਮੈਨੇਜਰ ਸ਼੍ਰੀ ਚੇਤਨ ਕੁਮਾਰ ਸ਼੍ਰੀਵਾਸਤਵ, ਹੋਰ ਸੀਨੀਅਰ ਰੇਲਵੇ ਅਧਿਕਾਰੀਆਂ ਦੇ ਨਾਲ, ਫੀਲਡ ਜਾਂਚ ਵਿੱਚ ਸਰਗਰਮੀ ਨਾਲ ਸ਼ਾਮਲ ਹੋਏ, ਜੋ ਜ਼ੋਨ ਦੀ ਟਰੈਕ ਸੁਰੱਖਿਆ ਅਤੇ ਸੰਚਾਲਨ ਮੁਹਾਰਤ ਪ੍ਰਤੀ ਉੱਚ ਪੱਧਰੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਅਭਿਆਨ ਵਿੱਚ ਇੰਜਨੀਅਰਿੰਗ ਅਤੇ ਸਿਗਨਲ ਐਂਡ ਟੈਲੀਕਮਿਊਨੀਕੇਸ਼ਨ (ਐਸਐਂਡਟੀ) ਵਿਭਾਗਾਂ ਦੇ ਅਧਿਕਾਰੀਆਂ ਦੀ ਸਾਂਝੀ ਸ਼ਮੂਲੀਅਤ ਸ਼ਾਮਲ ਸੀ। ਟੀਮਾਂ ਨੇ ਪਹਿਲਾਂ ਦੇ ਸੁਰੱਖਿਆ ਅਭਿਆਨਾਂ ਅਤੇ ਜਾਂਚ ਨਤੀਜਿਆਂ ਦੇ ਆਧਾਰ 'ਤੇ ਬੇਤਰਤੀਬ ਚੁਣੇ ਗਏ ਪੁਆਇੰਟਸ ਅਤੇ ਕ੍ਰਾਸਿੰਗਜ਼ ਦੀ ਨਿਸ਼ਾਨਬੱਧ ਜਾਂਚ ਕੀਤੀ। ਇਹਨਾਂ ਯਤਨਾਂ ਦਾ ਉਦੇਸ਼ ਮੁੱਖ ਟਰੈਕ ਬੁਨਿਆਦੀ ਢਾਂਚੇ ਦੀ ਸਮੁੱਚੀ ਸਿਹਤ ਨੂੰ ਮਜ਼ਬੂਤ ਕਰਨ



ਲਈ ਕਿਸੇ ਵੀ ਕਮੀ ਜਾਂ ਅਨਿਯਮਿਤਤਾ ਦੀ ਪਛਾਣ ਅਤੇ ਪਹਿਲ ਦੇ ਆਧਾਰ 'ਤੇ ਸੁਧਾਰ ਕਰਨਾ ਸੀ। ਜਾਂਚ ਦਾ ਇੱਕ ਮੁੱਖ ਪਹਿਲੂ ਇਲਾਸਟਿਕ ਰੇਲ ਕਲਿੱਪ (ਈਆਰਸੀ) ਫਿਟਿੰਗਜ਼ ਦੇ ਟੋਅ ਲੋਡ ਦੀ ਮਾਪ ਸੀ। ਇਹ ਕਲਿੱਪ ਰੇਲ ਨੂੰ ਸਲੀਪਰਾਂ ਨਾਲ ਜੋੜਨ ਲਈ ਮਹੱਤਵਪੂਰਨ ਹਨ, ਅਤੇ ਸਹੀ ਟੋਅ ਲੋਡ ਇਹ ਯਕੀਨੀ ਬਣਾਉਂਦਾ ਹੈ ਕਿ ਉਹ ਡਾਇਨਾਮਿਕ ਲੋਡ ਅਧੀਨ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਦੇ ਹਨ। ਟੋਅ ਲੋਡ ਦੀ ਨਿਗਰਾਨੀ ਟਰੈਕ ਜਿਓਮੈਟਰੀ ਨੂੰ ਕਾਇਮ ਰੱਖਣ, ਰੇਲ ਦੀ ਹਿਲਜੁਲ ਨੂੰ ਘਟਾਉਣ ਅਤੇ ਪਟੜੀ ਤੋਂ ਉਤਰਨ ਵਰਗੀਆਂ ਅਣਸੁਖਾਵੀਂ ਘਟਨਾਵਾਂ ਨੂੰ ਰੋਕਣ ਲਈ ਮਹੱਤਵਪੂਰਨ ਹੈ, ਜੋ ਇਸ ਨੂੰ ਟਰੈਕ ਸੁਰੱਖਿਆ ਪ੍ਰਬੰਧਨ ਵਿੱਚ ਇੱਕ ਕੇਂਦਰੀ ਪੈਰਾਮੀਟਰ ਬਣਾਉਂਦਾ ਹੈ। ਚੱਲ ਰਹੇ ਸੁਰੱਖਿਆ ਅਭਿਆਨ ਦੇ ਮੱਦੇਨਜ਼ਰ, ਜੀਐਮ/ਐਨਐਫਆਰ ਨੇ ਕਾਮਾਖਿਆ ਰੇਲਵੇ ਸਟੇਸ਼ਨ ਅਤੇ ਡਿਪੋ ਵਿੱਚ ਅਚਨਾਚਕ ਜਾਂਚ ਕੀਤੀ, ਜਿਸ ਵਿੱਚ ਹੋਰ ਸੀਨੀਅਰ ਅਧਿਕਾਰੀ ਵੀ ਸ਼ਾਮਲ ਸਨ। ਇਸ ਦੌਰੇ ਦੌਰਾਨ, ਉਸ ਨੇ ਪੁਆਇੰਟਸ ਅਤੇ ਕ੍ਰਾਸਿੰਗਜ਼ ਦੀ ਸਥਿਤੀ ਦੀ ਨੇੜਿਓਂ ਜਾਂਚ ਕੀਤੀ, ਖਾਸ ਤੌਰ 'ਤੇ ਇਲਾਸਟਿਕ ਰੇਲ ਕਲਿੱਪਸ (ਈਆਰਸੀ) ਦੇ ਟੋਅ ਲੋਡ ਦੀ ਮਾਪ 'ਤੇ ਧਿਆਨ ਦਿੱਤਾ। ਮੌਨਸੂਨ ਸੀਜ਼ਨ ਦੌਰਾਨ ਟਰੈਕ ਭਾਗਾਂ ਦੀ ਵਧਦੀ ਸੰਵੇਦਨਸ਼ੀਲਤਾ 'ਤੇ ਜ਼ੋਰ ਦਿੰਦੇ ਹੋਏ, ਉਸ ਨੇ ਸਾਰੇ ਫੀਲਡ ਸਟਾਫ ਅਤੇ ਅਧਿਕਾਰੀਆਂ ਨੂੰ ਵਿਸ਼ੇਸ਼ ਰੱਖ-ਰਖਾਅ ਅਭਿਆਸ ਅਪਣਾਉਣ ਅਤੇ ਨਿਰੰਤਰ ਅਤੇ ਸੁਰੱਖਿਅਤ ਟਰੇਨ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਸੁਚੇਤ ਰਹਿਣ ਦੀ ਅਪੀਲ ਕੀਤੀ। ਅਭਿਆਨ ਦੇ ਸਾਰੇ ਨਿਰੀਖਣਾਂ ਨੂੰ ਇੱਕ ਕੇਂਦਰੀ ਡਿਜੀਟਲ ਪਲੈਟਫਾਰਮ ਰਾਹੀਂ ਵਿਵਸਥਿਤ ਰੂਪ ਵਿੱਚ ਰਿਕਾਰਡ ਅਤੇ ਨਿਗਰਾਨੀ ਕੀਤੀ ਜਾ ਰਹੀ ਹੈ, ਜੋ ਪਾਰਦਰਸ਼ਤਾ ਅਤੇ ਸਮੇਂ ਸਿਰ ਕਾਰਵਾਈ ਨੂੰ ਯਕੀਨੀ ਬਣਾਉਂਦਾ ਹੈ। ਇਸ ਸੁਰੱਖਿਆ ਪਹਿਲਕਦਮੀ ਨੇ ਐਨਐਫਆਰ ਦੇ ਰੋਕਥਾਮ ਵਾਲੇ ਰੱਖ-ਰਖਾਅ, ਤਕਨੀਕੀ ਸ਼ੁੱਧਤਾ ਅਤੇ ਯਾਤਰੀਆਂ ਅਤੇ ਮਾਲ ਗੱਡੀਆਂ ਦੇ ਸੰਚਾਲਨ ਲਈ ਸੁਰੱਖਿਅਤ ਰੇਲਵੇ ਨੈਟਵਰਕ ਪ੍ਰਦਾਨ ਕਰਨ ਦੇ ਪ੍ਰਤੀ ਸਰਗਰਮ ਪਹੁੰਚ 'ਤੇ ਅਟੱਲ ਫੋਕਸ ਨੂੰ ਉਜਾਗਰ ਕੀਤਾ।

# ਡਿਊਟੀ 'ਤੇ ਤਾਇਨਾਤ ਹੈੱਡ ਕਾਂਸਟੇਬਲ ਨਾਲ ਵਾਪਰਿਆ ਭਿਆਨਕ ਹਾਦਸਾ, ਮੌਕੇ 'ਤੇ ਹੋ ਗਈ ਦਰਦਨਾਕ ਮੌਤ

ਨੈਸ਼ਨਲ ਡੈਸਕ 8 ਜੂਨ। ਉੱਤਰ ਪ੍ਰਦੇਸ਼ ਤੋਂ ਇਕ ਬੇਹੱਦ ਦੁਖ਼ਦਾਈ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਮੰਗਲਵਾਰ ਸਵੇਰੇ ਲਗਭਗ 4 ਵਜੇ ਬਰੇਲੀ



ਵਿੱਚ ਜੰਕਸ਼ਨ ਸਿਗਨਲ ਤੋਂ 50 ਮੀਟਰ ਦੂਰ ਸੁਭਾਸ਼ ਨਗਰ ਪੁਲਸ ਸਟੇਸ਼ਨ ਦੇ ਸਾਹਮਣੇ ਰੇਲਵੇ ਟਰੈਕ 'ਤੇ ਇੱਕ ਜੀ.ਆਰ.ਪੀ. ਹੈੱਡ ਕਾਂਸਟੇਬਲ ਦੀ ਟ?ਰੇਨ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋ ਗਈ। ਟ?ਰੇਨ ਡਰਾਈਵਰ ਨੇ ਬਰੇਲੀ ਟ?ਰੇਨ ਰਨਓਵਰ (ਇੱਕ ਵਿਅਕਤੀ ਦੇ ਉੱਪਰੋਂ ਲੰਘਦੀ ਟ?ਰੇਨ) ਬਾਰੇ ਜਾਣਕਾਰੀ ਦਿੱਤੀ। ਮ੍ਰਿਤਕ ਦੀ ਪਛਾਣ ਹੈੱਡ ਕਾਂਸਟੇਬਲ ਵਿਨੀਤ ਕੁਮਾਰ ਵਜੋਂ ਹੋਈ ਹੈ, ਜੋ ਜੀ.ਆਰ.ਪੀ. ਬਰੇਲੀ ਜੰਕਸ਼ਨ 'ਤੇ ਤਾਇਨਾਤ ਸੀ। ਮੌਕੇ 'ਤੇ ਪਹੁੰਚੇ ਸੀਨੀਅਰ ਪੁਲਸ ਸੁਪਰਡੈਂਟ ਅਨੁਰਾਗ ਆਰੀਆ ਨੇ ਦੱਸਿਆ ਕਿ ਘਟਨਾ ਸਮੇਂ ਹੈੱਡ ਕਾਂਸਟੇਬਲ ਵਿਨੀਤ ਕੁਮਾਰ ਟ?ਰੇਨ ਡਿਊਟੀ 'ਤੇ ਸੀ। ਮ੍ਰਿਤਕ ਨੇ ਵਰਦੀ ਪਾਈ ਹੋਈ ਸੀ, ਉਸ ਦੀ ਜੇਬ ਵਿੱਚੋਂ ਇੱਕ ਪਿਸਤੌਲ, ਮੋਬਾਈਲ, ਪਰਸ ਤੇ ਇੱਕ ਬੈਗ ਮਿਲਿਆ ਹੈ। ਮ੍ਰਿਤਕ ਦਾ ਪਰਿਵਾਰ ਹਾਥਰਸ ਪੁਲਸ ਲਾਈਨ ਵਿੱਚ ਰਹਿੰਦਾ ਹੈ, ਜਿਸ ਨੂੰ ਹਾਦਸੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਮ੍ਰਿਤਕ ਮੂਲ ਰੂਪ ਵਿੱਚ ਫਰੂਖਾਬਾਦ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਸਰਕਾਰੀ ਪਿਸਤੌਲ, ਗੋਲੀਆਂ, ਪਰਸ, ਮੋਬਾਈਲ, ਟੈਬਲੇਟ, ਬੈਗ, ਸਾਰੀਆਂ ਚੀਜ਼ਾਂ ਨੂੰ ਜੀ.ਆਰ.ਪੀ. ਬਰੇਲੀ ਪੁਲਸ ਸਟੇਸ਼ਨ ਵਿੱਚ ਸੁਰੱਖਿਅਤ ਢੰਗ ਨਾਲ ਜਮ?ਹਾ ਕਰਵਾ ਦਿੱਤਾ ਗਿਆ ਹੈ ਤੇ ਮਾਮਲੇ ਦੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਸ਼ਫ਼ਾਈ ਅਤੇ ਯੋਗ ਹੋਵੇਗਾ ਤਾਂ ਗਤੀ ਨਾਲ ਵਿਕਸਿਤ ਭਾਰਤ ਵੱਲ ਵਧੇਗਾ ਦੇਸ਼- ਨਾਇਬ ਸਿੰਘ ਸੈਣੀ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਚੰਡੀਗੜ੍ਹ, 8 ਜੂਨ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਦੋਂ ਦੇਸ਼ ਵਿੱਚ ਸਫ਼ਾਈ ਅਤੇ ਯੋਗ ਹੋਵੇਗਾ ਤਾਂ ਦੇਸ਼ ਗਤੀ ਨਾਲ ਵਿਕਸਿਤ ਭਾਰਤ ਵੱਲ ਵਧੇਗਾ। ਕੌਮਾਂਤਰੀ ਯੋਗ ਦਿਵਸ ਨੂੰ ਸੂਬੇ ਵਿੱਚ 27 ਮਈ, 2025 ਤੋਂ ਸਫ਼ਾਈ ਮੁਹਿੰਮ ਚਲਾ ਕੇ ਸ਼ੁਰੂ ਕਰ ਦਿੱਤਾ ਗਿਆ ਹੈ। 21 ਜੂਨ ਦੇ ਪ੍ਰਬੰਧਨ ਲਈ ਯੋਗ ਦੀਆਂ ਜਮਾਤਾਂ ਸ਼ੁਰੂ ਹੋ ਗਈਆਂ ਹਨ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਜਦੋਂ ਯੂਐਨਓ ਵਿੱਚ ਯੋਗ ਦਾ ਪ੍ਰਸਤਾਵ ਰੱਖਿਆ ਤਾਂ 177 ਦੇਸ਼ਾਂ ਨੇ ਇਸ 'ਤੇ ਆਪਣੀ ਰਜ਼ਾਮੰਦੀ ਦਿੱਤੀ ਅਤੇ ਸਾਡੀ ਧਰਤੀ ਤੋਂ ਨਿਕਲਿਆ ਯੋਗ ਦੁਨਿਆ ਵਿੱਚ ਹਰ ਜਨ -ਜਨ ਤੱਕ ਪਹੁੰਚਿਆ ਹੈ। ਪ੍ਰਧਾਨ ਮੰਤਰੀ ਨੇ ਯੋਗ ਪਧੱਤੀ ਨੂੰ ਪੂਰੀ ਦੁਨਿਆ ਵਿੱਚ ਫੈਲਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕੁਰੂਕਸ਼ੇਤਰ ਵਿੱਚ ਕੌਮਾਂਤਰੀ ਯੋਗ ਦਿਵਸ ਦਾ ਪੋ?ਰਗਰਾਮ ਇਤਿਹਾਸਕ ਅਤੇ ਸ਼ਾਨਦਾਰ ਹੋਵੇਗਾ। ਯੋਗ ਕਿਸੇ ਇੱਕ ਵਿਅਕਤੀ ਜਾਂ ਇੱਕ ਵਿਚਾਰ ਦਾ ਪ੍ਰੋਗਰਾਮ ਨਹੀਂ ਹੈ। ਯੋਗ ਵਿੱਚ ਸਾਡੀ ਪੁਰਾਣੀ ਵਿਚਾਰਧਾਰਾ ਹੈ। ਰਿਸ਼ਿਆਂ ਨੇ ਸਾਨੂੰ ਤੋਹਫੇ ਵੱਜੋਂ ਯੋਗ ਅਤੇ ਧਿਆਨ ਦਿੱਤਾ ਹੈ। ਯੋਗ ਕਰਨ ਨਾਲ ਮਨੁੱਖ ਤੰਦਰੁਸਤ ਰਹਿੰਦਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅੱਜ ਮਲਟੀਆਰਟ ਕਲਚਰ ਸੈਂਟਰ ਕੁਰੂਕਸ਼ੇਤਰ ਦੇ ਸਭਾਗਾਰ ਵਿੱਚ ਕੌਮਾਂਤਰੀ ਯੋਗ ਦਿਵਸ ਨੂੰ ਲੈਅ ਕੇ ਸੰਸਥਾਵਾਂ ਨਾਲ ਆਯੋਜਿਤ ਮੀਟਿੰਗ ਨੂੰ ਸੰਬੋਧਿਤ ਕਰ ਰਹੇ ਸਨ। ਮੁੱਖ ਮੰਤਰੀ ਨੇ ਸੰਸਥਾਵਾਂ, ਐਨਜੀਓ, ਵਪਾਰਕ ਸੰਗਠਨ ਅਤੇ ਸਭਾ ਵਿੱਚ ਮੌਜੂਦ ਹੋਰ ਸੰਗਠਨਾਂ ਦੇ ਅਧਿਕਾਰੀਆਂ ਨੂੰ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਆਪਣੀ ਭੂਮਿਕਾ ਨਿਭਾਉਣ ਦੀ ਬੇਨਤੀ ਕੀਤੀ। ਨਾਲ ਹੀ ਪਤੰਜਲੀ ਯੋਗ ਪੀਠ ਨੂੰ ਸ਼ਹਿਰ ਵਿੱਚ ਹਰ ਘਰ ਤੱਕ ਯੋਗ ਦਾ ਸੱਦਾ ਪਹੁੰਚਾਉਣ ਨੂੰ ਕਿਹਾ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਯੋਗ ਨੂੰ ਦੇਸ਼-ਦੁਨਿਆ ਵਿੱਚ ਪਹੁੰਚਾਉਣ ਦਾ ਕੰਮ ਰਿਸ਼ੀ ਸਵਾਮੀ ਰਾਮਦੇਵ ਨੇ ਕੀਤਾ ਹੈ। ਭਗਵਾਨ ਸ਼?ਰੀ ਕ੍ਰਿਸ਼ਣ ਦੀ ਧਰਤੀ ਧਰਮਖੇਤਰ ਕੁਰੂਕਸ਼ੇਤਰ ਵਿੱਚ 21 ਜੂਨ ਨੂੰ ਬਾਬਾ ਰਾਮਦੇਵ ਦਾ ਆਉਣਾ ਕੁਰੂਕਸ਼ੇਤਰ ਵਾਸਿਆਂ ਲਈ ਬੜੇ ਮਾਣ ਦੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਾਲ ਕੌਮਾਂਤਰੀ ਯੋਗ ਦਿਵਸ ਦਾ ਥੀਮ ਇੱਕ ਧਰਤੀ, ਇੱਕ ਸਿਹਤ ਹੈ, ਜਦੋਂ ਕਿ ਹਰਿਆਣਾ ਸਰਕਾਰ ਨੇ ਇਸ ਦੇ ਨਾਲ ਯੋਗ ਯੁਕਤ, ਨਸ਼ਾ ਮੁਕਤ ਹਰਿਆਣਾ ਨੂੰ ਵੀ ਜੋੜਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੋਕ ਨਿੱਕੀ-ਨਿੱਕੀ ਬੀਮਾਰੀਆਂ ਨੂੰ ਦੂਰ ਕਰਨ ਲਈ ਦਵਾਈ ਲੈਣ ਭੱਜਦੇ ਹਨ, ਜਦੋਂ ਕਿ ਯੋਗ ਨਾਲ ਉਨ੍ਹਾਂ ਬੀਮਾਰੀਆਂ ਨੂੰ ਠੀਕ ਕੀਤਾ ਜਾ ਸਕਦਾ ਹੈ। ਇਸ ਲਈ ਸਾਨੂੰ ਸਾਰੀਆਂ ਨੂੰ ਯੋਗ ਨੂੰ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਨੌਜੁਆਨਾਂ ਨੂੰ ਨਸ਼ੇ ਤੋਂ ਬਚਾਉਣਾ ਹੈ ਤਾਂ ਉਨ੍ਹਾਂ ਨੂੰ ਯੋਗ ਨੂੰ ਅਪਨਾਉਣਾ ਪਵੇਗਾ। ਯੋਗ ਸਾਡੀ ਇੱਛਾ ਸ਼ਕਤੀ ਨੂੰ ਵਧਾਉਂਦਾ ਹੈ। ਮੁੱਖ ਮੰਤਰੀ ਨੇ ਕੁਰੂਕਸ਼ੇਤਰ ਵਸਨੀਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ 21 ਜੂਨ ਨੂੰ ਆਪਣੀ ਨੀਂਦ ਨੂੰ ਛੱਡ ਕੇ ਸਵੇਰੇ 4 ਵੱਜੇ ਬ੍ਰਹਿਮਸਰੋਵਰ ਅਤੇ ਮੇਲਾ ਗ੍ਰਾਉਂਡ ਵਿੱਚ ਪਹੁੰਚ ਕੇ ਯੋਗ ਦੇ ਇਸ ਮਹਾਨ ਯਗ ਵਿੱਚ ਆਪਣੀ ਹਾਜ਼ਰੀ ਦਰਜ ਕਰਵਾਉਣ। ਉਨ੍ਹਾਂ ਨੇ ਕਿਹਾ ਕਿ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਅਤੇ ਜਿਸ ਨੂੰ ਜੋ ਜਿੰਮੇਦਾਰੀ ਦਿੱਤੀ ਗਈ ਹੈ,



ਉਸ ਨੂੰ ਪ੍ਰਮੁੱਖਤਾ ਨਾਲ ਨਿਭਾਉਣ ਦਾ ਕੰਮ ਕਰਨ। ਉਨ੍ਹਾਂ ਨੇ ਕਿਹਾ ਕਿ ਇਹ ਸਿਰਫ਼ ਯੋਗ ਦਿਵਸ ਹੀ ਨਹੀਂ ਹੈ ਸਗੋਂ ਇੱਕ ਮੇਲਾ ਹੈ। ਜਿਸ ਤਰ੍ਹਾਂ ਅਸੀ ਦੀਵਾਲੀ, ਹੋਲੀ, ਭਾਈਦੂਜ ਜਿਹੇ ਤਿਉਹਾਰਾਂ ਨੂੰ ਮਨਾਉਂਦੇ ਹਾਂ, ਇਸ ਕੌਮਾਂਤਰੀ ਯੋਗ ਦਿਵਸ ਨੂੰ ਵੀ ਉਸੇ ਤਰ੍ਹਾਂ ਮਨਾਇਆ ਜਾਵੇ। ਰਾਜ ਪੱਧਰੀ ਪ੍ਰੋਗਰਾਮ ਲਈ 103 ਸੈਕਟਰਾਂ ਵਿੱਚ ਵੰਡਿਆ ਖੇਤਰ ਇਸ ਪ੍ਰੋਗਰਾਮ ਨੂੰ ਲੈਅ ਕੇ ਜਾਣਕਾਰੀ ਦਿੱਤੀ ਗਈ ਕਿ ਬ੍ਰਹਿਮਸਰੋਵਰ ਅਤੇ ਮੇਲਾ ਗ੍ਰਾਉਂਡ ਨੂੰ 103 ਸੈਕਟਰਾਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ ਵਿੱਚੋਂ 64 ਸੈਕਟਰ ਬ੍ਰਹਿਮਸਰੋਵਰ ਅਤੇ 37 ਸੈਕਟਰ ਮੇਲਾ ਗ੍ਰਾਉਂਡ ਅਤੇ ਨੇੜੇ-ਤੇੜੇ ਦੇ ਖੇਤਰਾਂ ਵਿੱਚ ਬਣਾਏ ਗਏ ਹਨ। ਹਰ ਸੈਕਟਰ ਵਿੱਚ ਇੱਕ ਹਜ਼ਾਰ ਸਾਧਕਾਂ ਦੇ ਯੋਗ ਕਰਨ ਦੀ ਵਿਵਸਥਾ ਕੀਤੀ ਗਈ ਹੈ। ਮੁੱਖ ਮੰਤਰੀ ਨੇ ਸਭਾਗਾਰ ਵਿੱਚ ਮੌਜੂਦ ਸੰਸਥਾਵਾਂ, ਐਨਜੀਓ ਅਤੇ ਹੋਰ ਲੋਕਾਂ ਨੂੰ ਜੀਵਨ ਵਿੱਚ ਯਕੀਨੀ ਤੌਰ 'ਤੇ ਯੋਗ, ਪ੍ਰਾਣਾਯਾਮ ਅਤੇ ਧਿਆਨ ਨੂੰ ਅਪਨਾਉਣ, ਨਸ਼ੇ ਤੋਂ ਦੂਰ ਰਹਿਣ ਅਤੇ ਦੂਜਿਆਂ ਨੂੰ ਵੀ ਇਸ ਦੇ ਲਈ ਪ੍ਰੇਰਿਤ ਕਰਨ ਦੀ ਸ਼ਪਥ ਦਿਲਾਈ। ਇਸ ਦੇ ਇਲਾਵਾ ਆਪਣੇ ਪਰਿਵਾਰ, ਸਮਾਜ ਅਤੇ ਕਾਰਜ ਸਥਲ ਵਿੱਚ ਯੋਗ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਵੀ ਪ੍ਰੇਰਿਤ ਕੀਤਾ। ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ ਨੇ ਕਿਹਾ ਕਿ 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ ਦਾ ਪ੍ਰੋਗਰਾਮ ਕੁਰੂਕਸ਼ੇਤਰ ਦੇ ਲੋਕਾਂ ਲਈ ਬੜੇ ਮਾਣ ਦੀ ਗੱਲ ਹੈ। ਇਸ ਪ੍ਰੋਗਰਾਮ ਨੂੰ ਪੂਰੇ ਵਿਸ਼ਵ ਵਿੱਚ ਵੇਖਿਆ ਜਾਵੇਗਾ। ਉਨ੍ਹਾਂ ਨੇ ਵਾਅਦਾ ਕੀਤਾ ਕਿ ਇਸ ਪ੍ਰੋਗਰਾਮ ਵਿੱਚ ਸ਼ਹਿਰ ਦੇ ਹਰ ਘਰ ਤੋਂ ਨਾਗਰਿਕ ਹਿੱਸਾ ਲੈਣਗੇ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਸ਼ਹਿਰ ਵਿੱਚ ਇੱਕ ਮੇਡਿਟੇਸ਼ਨ ਸੈਂਟਰ ਖੋਲਣ ਦੀ ਮੰਗ ਵੀ ਕੀਤੀ। ਯੋਗ ਆਯੋਗ ਦੇ ਚੇਅਰਮੈਨ ਡਾ. ਜੈਦੀਪ ਆਰਿਆ ਨੇ ਕਿਹਾ ਕਿ 21 ਜੂਨ ਨੂੰ ਕੁਰੂਕਸ਼ੇਤਰ ਤੋਂ ਯੋਗ ਨਾਲ ਵਾਤਾਵਰਣ ਸਰੰਖਣ ਦਾ ਆਗਾਜ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ 10 ਲੱਖ ਯੋਗ ਸਾਧਕ ਜੜੀ-ਬੂਟਿਆਂ ਵਾਲੇ ਪੌਧਿਆਂ ਨੂੰ ਲਗਾਉਂਗੇ ਅਤੇ ਕੁਰੂਕਸ਼ੇਤਰ ਵਿੱਚ 1 ਲੱਖ ਤੋਂ ਵੱਧ ਲੋਕ ਇੱਕ ਸਾਥ ਯੋਗ ਕਰਕੇ ਵਿਸ਼ਵ ਰਿਕਾਰਡ ਕਾਇਮ ਕਰਣਗੇ। ਇਸ ਮੌਕੇ 'ਤੇ ਡਿਪਟੀ ਕਮੀਸ਼ਨਰ ਨੇਹਾ ਸਿੰਘ, ਪੁਲਿਸ ਸੁਪਰਡੈਂਟ ਨੀਤੀਸ਼ ਅਗਰਵਾਲ ਅਤੇ ਜ਼ਿਲ੍ਹਾਂ ਪਰਿਸ਼ਦ ਚੇਅਰਮੈਨ ਕੰਵਲਜੀਤ ਕੌਰ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

# ਖੋਜੀ ਤੇ ਸਿਰੜੀ ਇਤਿਹਾਸਕਾਰ ਸੀ

## ਡਾ. ਕਿਰਪਾਲ ਸਿੰਘ



• ਡਾ. ਪਰਮਜੀਤ ਢੀਂਗਰਾ
94173-58120

ਕੌਮਾਂ ਆਪਣੇ ਇਤਿਹਾਸ ਦੇ ਸਿਰ 'ਤੇ ਜਿਉਂਦੀਆਂ ਹਨ ਤੇ ਇਤਿਹਾਸਕਾਰ ਹਮੇਸ਼ਾਂ ਕੌਮਾਂ ਦੇ ਸਿਰ 'ਤੇ ਜਿਉਂਦੇ ਹਨ। ਜਿਨ੍ਹਾਂ ਇਤਿਹਾਸਕਾਰਾਂ ਨੇ ਸੱਚੀ ਲਗਨ, ਦ੍ਰਿੜਤਾ ਤੇ ਖੋਜੀ ਬਿਰਤੀ ਨਾਲ ਇਤਿਹਾਸ ਲਿਖੇ ਉਨ੍ਹਾਂ ਦੇ ਨਾਂ ਹਮੇਸ਼ਾਂ ਸਿਮਰਤੀਆਂ ਵਿਚ ਖੁਣੇ ਜਾਂਦੇ ਹਨ। ਇਤਿਹਾਸਕਾਰ ਬਣਨਾ ਕੋਈ ਸੌਖਾ ਕੰਮ ਨਹੀਂ। ਇਤਿਹਾਸ ਲਿਖਣ ਲਈ ਭੂਤ ਕਾਲ ਨੂੰ ਮੁੜ ਸਿਰਜਣਾ ਪੈਂਦਾ ਹੈ। ਉਹਦੇ ਵਿਚ ਉਹਦੀ ਉਹੋ ਰੂਹ ਫੂਕਣੀ ਪੈਂਦੀ ਹੈ ਜਿਸ ਨਾਲ ਸਾਰੇ ਦ੍ਰਿਸ਼ ਅੱਖਾਂ ਸਾਹਮਣੇ ਸਕਾਰ ਹੋ ਜਾਣ 'ਤੇ ਪਾਠਕ ਨੂੰ ਲੱਗੇ ਉਹ ਖ਼ੁਦ ਇਸ ਇਤਿਹਾਸ ਦਾ ਗਵਾਹ ਹੈ। ਅਜਿਹੇ ਉੱਚ ਦਮਾਲੜੇ ਵਾਲੇ ਇਤਿਹਾਸਕਾਰ ਸਨ, ਡਾ. ਕਿਰਪਾਲ ਸਿੰਘ। ਉਨ੍ਹਾਂ ਨੇ ਪੰਜਾਬ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਦਿੱਤੀ। ਖ਼ਾਸ ਕਰ ਕੇ ਉਨ੍ਹਾਂ ਦੀਆਂ ਉਹ ਕਿਤਾਬਾਂ ਜੋ ਵੰਡ ਬਾਰੇ ਹਨ, ਉਹ ਇਤਿਹਾਸਕ ਦਸਤਾਵੇਜ਼ ਹਨ। ਉਨ੍ਹਾਂ ਵਿਚ ਸ਼ਾਮਲ ਹਨ, ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ, ਸਿੱਖਾਂ ਦੇ ਪਾਕਿਸਤਾਨ ਵਿੱਚੋਂ ਨਿਕਲਨ ਦੀ ਗਾਥਾ, ਭਾਰਤ ਦੀ ਆਜ਼ਾਦੀ ਦਾ ਆਗਮਨ ਅਤੇ ਸਿੱਖ ਸਥਿਤੀ, ਸਿੱਖ ਇਤਿਹਾਸ ਦੇ ਖੋਜ-ਨਿਬੰਧ, ਸ਼ਹੀਦੀਆਂ, ਜਨਮ ਸਾਖੀ ਪਰੰਪਰਾ, ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਜਾਬ ਦਾ ਬਟਵਾਰਾ' ਤੇ ਹੋਰ ਅਨੇਕਾਂ ਕਿਤਾਬਾਂ।

ਡਾ. ਕਿਰਪਾਲ ਸਿੰਘ ਦਾ ਜਨਮ ਲਾਹੌਰ ਤੋਂ ਰਾਵਲਪਿੰਡੀ ਜਾਂਦੀ ਰੇਲਵੇ ਲਾਈਨ ਦੇ ਸਟੇਸ਼ਨ ਸਾਧੋਕੀ ਤੋਂ ਸੱਤ ਅੱਠ ਕਿਲੋਮੀਟਰ ਦੂਰ ਪਿੰਡ ਗੁੱਨਾਊਰ ਵਿਚ 1924 ਵਿਚ ਹੋਇਆ। ਉਨ੍ਹਾਂ ਦੇ ਪਿਤਾ ਤੇ ਦਾਦਾ ਪਟਵਾਰੀ ਸਨ। ਸਾਰੇ ਇਲਾਕਾ ਨਿਵਾਸੀ ਉਨ੍ਹਾਂ ਦੇ ਪਿਤਾ ਨੂੰ ਲਾਲਾ ਜੀ ਕਹਿ ਕੇ ਸਦਦੇ ਸਨ। ਡਾ. ਸਾਹਿਬ ਦੇ ਮਾਤਾ ਭਾਵੇਂ ਗੁਰਮੁਖੀ ਪੜ੍ਹੇ ਸਨ ਪਰ ਪਿਤਾ ਕੇਵਲ ਉਰਦੂ ਹੀ ਜਾਣਦੇ ਸਨ ਤੇ ਪਾਠ ਵੀ ਉਰਦੂ ਦੇ ਗੁਟਕਿਆਂ 'ਚੋਂ ਕਰਿਆ ਕਰਦੇ ਸਨ।

ਡਾ. ਸਾਹਿਬ ਨੇ ਮੁੱਢਲੀਆਂ ਜਮਾਤਾਂ ਪਿੰਡ ਵਿੱਚੋਂ ਹੀ ਪਾਸ ਕੀਤੀਆਂ। ਗੁੱਨਾਊਰ ਦੇ ਚੜ੍ਹਦੇ ਪਾਸੇ ਛੇ ਜਮਾਤਾਂ ਤਕ ਇਕ ਸਕੂਲ ਸੀ। ਉਨ੍ਹਾਂ ਸਮਿਆਂ 'ਚ ਪਿੰਡਾਂ ਦੇ ਸਕੂਲ ਬੋਰਡਾਂ ਦੇ ਅਧੀਨ ਹੁੰਦੇ ਸਨ। ਹੈਡਮਾਸਟਰ ਕੋਲ ਹੀ ਡਾਕਖਾਨੇ ਦੀਆਂ ਟਿਕਟਾਂ ਖ਼ਤ ਅਤੇ ਲਿਫ਼ਾਫ਼ੇ ਹੁੰਦੇ ਸਨ। ਪਿੰਡ ਵਿਚ ਡਾਕੀਆ ਦੂਜੇ ਤੀਜੇ ਦਿਨ ਚਿੱਠੀਆਂ ਵੰਡਣ ਆਉਂਦਾ ਤੇ ਉਹ ਵੀ ਸਕੂਲ ਦੇ ਹੈਡਮਾਸਟਰ ਨੂੰ ਦੇ ਜਾਂਦਾ।

ਪੰਜਾਬ ਦੇ ਖ਼ਾਲਸਾ ਸਕੂਲਾਂ ਵਿੱਚੋਂ ਗੁਜਰਾਂਵਾਲਾ ਖ਼ਾਲਸਾ ਸਕੂਲ ਸਭ ਤੋਂ ਪਹਿਲਾਂ 1889 ਈਸਵੀ ਵਿਚ ਖੁਲ੍ਹਿਆ। ਡਾ. ਸਾਹਿਬ ਨੇ ਇਸੇ ਸਕੂਲ ਵਿੱਚੋਂ ਦਸਵੀਂ ਜਮਾਤ ਅੰਗਰੇਜ਼ੀ, ਉਰਦੂ, ਪੰਜਾਬੀ, ਫ਼ਾਰਸੀ, ਇਤਿਹਾਸ ਤੇ ਗਣਿਤ ਵਿਸ਼ਿਆਂ ਨਾਲ ਪਾਸ ਕੀਤੀ। ਧਾਰਮਿਕ ਵਿੱਦਿਆ ਇਕ ਵਿਸ਼ੇ ਵਜੋਂ ਵੱਖਰੀ ਪੜ੍ਹਾਈ ਜਾਂਦੀ ਸੀ। ਜਦੋਂ ਗੁਜਰਾਂਵਾਲਾ ਵਿਖੇ ਕਾਲਜ ਖੋਲ੍ਹਿਆ ਗਿਆ ਤਾਂ ਡਾ. ਸਾਹਿਬ ਨੇ ਇੱਥੋਂ ਹੀ ਐੱਫਏ ਪਾਸ ਕੀਤੀ। ਇਸ ਵਿਚ ਉਨ੍ਹਾਂ ਕੋਲ ਅੰਗਰੇਜ਼ੀ, ਗਣਿਤ, ਫ਼ਾਰਸੀ, ਹਿਸਟਰੀ ਤੇ ਪੰਜਾਬੀ ਵਿਸ਼ੇ ਸਨ। 1943 ਵਿਚ ਉਨ੍ਹਾਂ ਨੇ ਐੱਫਏ ਪਾਸ ਕਰ ਲਈ। ਇਹ ਸਮਾਂ ਦੂਜੀ ਵੱਡੀ ਸੰਸਾਰ ਜੰਗ ਦਾ ਸੀ। ਉਨ੍ਹਾਂ ਦੇ ਪਿਤਾ ਤੇ ਭਰਾ ਦੀ ਇੱਛਾ ਸੀ ਕਿ ਉਹ ਕੋਈ ਨਾ ਕੋਈ ਨੌਕਰੀ ਕਰਨ। ਉਨ੍ਹਾਂ ਕੋਸ਼ਿਸ਼ ਕਰ ਕੇ ਡਾ. ਸਾਹਿਬ ਨੂੰ ਰੇਲਵੇ ਵਿਚ ਕਲਰਕ ਲਵਾ ਦਿੱਤਾ। ਪਹਿਲੀ ਨੌਕਰੀ ਉਨਾਂ ਨੂੰ ਰੇਲਵੇ ਅਕਾਊਂਟਸ ਬਰਾਂਚ ਨਵੀਂ ਦਿੱਲੀ 'ਚ ਮਿਲੀ। ਉੱਥੇ ਨੌਕਰੀ ਕਰਦਿਆਂ ਹੀ ਉਨ੍ਹਾਂ ਦੇ ਦੋਸਤ ਰਜਿੰਦਰ ਸਿੰਘ ਨੇ ਅੱਗੇ ਪੜ੍ਹਨ ਲਈ ਪ੍ਰੇਰਿਆ ਤੇ ਡਾ. ਸਾਹਿਬ ਨੌਕਰੀ ਛੱਡ ਕੇ ਘਰ ਆ ਗਏ ਤੇ ਪੜ੍ਹਾਈ ਕਰਨ ਵਿਚ ਰੁਝ ਗਏ। ਪ੍ਰੋਫੈਸਰ ਨਰਾਇਣ ਸਿੰਘ ਹੋਰਾਂ ਪੜ੍ਹਨ ਵਿਚ ਉਨ੍ਹਾਂ ਦੀ ਬੜੀ ਮਦਦ ਕੀਤੀ। 1943 ਵਿਚ ਹੀ ਉਨ੍ਹਾਂ ਨੇ ਕਾਲਜ ਵਿੱਚੋਂ ਬੀਏ ਆਨਰਜ਼ ਹਿਸਟਰੀ ਦੀ ਪ੍ਰੀਖਿਆ ਪਾਸ ਕੀਤੀ। 1945 ਵਿਚ ਅਜੇ ਉਨ੍ਹਾਂ ਦਾ ਰਿਜਲਟ ਨਹੀਂ ਸੀ ਆਇਆ ਜਦੋਂ ਉਨ੍ਹਾਂ ਨੂੰ ਐੱਸਡੀ ਹਾਈ ਸਕੂਲ ਕਾਮੋਕੇ ਵਿਖੇ ਨੌਕਰੀ ਮਿਲ ਗਈ। ਇੱਥੇ ਉਨ੍ਹਾਂ ਇਕ ਸਾਲ ਨੌਕਰੀ ਕੀਤੀ। ਉਦੋਂ ਅਧਿਆਪਕ ਬਣਨ ਲਈ ਬੀਟੀ ਪਾਸ ਕਰਨੀ ਜ਼ਰੂਰੀ ਸੀ ਪਰ ਸਾਰੇ ਪੰਜਾਬ ਵਿਚ ਇੱਕੋ ਗੌਰਮਿੰਟ ਟਰੇਨਿੰਗ ਕਾਲਜ ਲਾਹੌਰ ਸੀ ਤੇ ਉੱਥੇ ਦਾਖ਼ਲਾ ਮਿਲਣਾ ਮੁਸ਼ਕਲ ਸੀ।

ਅਗਸਤ 1947 ਵਿਚ ਉਹ ਦਿੱਲੀ ਪਹੁੰਚ ਗਏ। ਉੱਥੇ ਉਨ੍ਹਾਂ ਨੂੰ ਅਪਰ ਡਿਵੀਜ਼ਨ ਕਲਰਕ ਦੀ ਨੌਕਰੀ ਮਿਲ ਗਈ ਤੇ ਇੰਜ ਹੀ ਉਨ੍ਹਾਂ ਦੀ ਪਤਨੀ ਨੂੰ ਲੇਡੀ ਇਰਵਿਨ ਸਕੂਲ ਵਿਚ ਨੌਕਰੀ ਮਿਲ ਗਈ। ਅਪ੍ਰੈਲ 1950 ਦੇ ਨੇੜੇ-ਤੇੜੇ ਉਨ੍ਹਾਂ ਦਾ ਐੱਮਏ ਦਾ ਰਿਜਲਟ ਆ ਗਿਆ। ਡਾ. ਕਿਰਪਾਲ ਸਿੰਘ ਨਾਰੰਗ ਦੀ ਪ੍ਰਰਣਾ ਤੇ ਸਿਫ਼ਾਰਸ਼ ਨਾਲ ਉਨ੍ਹਾਂ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਨੌਕਰੀ ਮਿਲ ਗਈ। ਖ਼ਾਲਸਾ ਕਾਲਜ ਦੇ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਵਿਚ ਉਨ੍ਹਾਂ ਨੂੰ ਖੋਜਕਾਰ ਨਿਯੁਕਤ ਕੀਤਾ ਗਿਆ। ਇਹ ਵਿਭਾਗ ਭਾਈ ਵੀਰ ਸਿੰਘ ਦੇ ਕਹਿਣ 'ਤੇ 1929 ਵਿਚ ਸਥਾਪਤ ਕੀਤਾ ਗਿਆ ਸੀ। ਇਸ ਵਿਚ ਪਹਿਲੀ ਨਿਯੁਕਤੀ ਕਰਮ ਸਿੰਘ ਹਿਸਟੋਰੀਅਨ ਦੀ ਹੋਈ ਪਰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਦੂਸਰੀ ਨਿਯੁਕਤੀ ਡਾ. ਗੰਡਾ ਸਿੰਘ ਦੀ ਹੋਈ ਤੇ ਤੀਸਰੀ ਡਾ. ਕਿਰਪਾਲ ਸਿੰਘ ਦੀ।

ਇਹ ਨੌਕਰੀ ਡਾ. ਸਾਹਿਬ ਦੀ ਜ਼ਿੰਦਗੀ ਦਾ ਅਹਿਮ ਮੋੜ ਸੀ। ਇੱਥੇ ਉਨ੍ਹਾਂ ਦੇ ਅੰਦਰਲਾ ਸਿਰੜੀ ਖੋਜੀ ਜਾਗ ਪਿਆ। 1952 ਵਿਚ ਉਹ ਇੰਡੀਅਨ ਹਿਸਟਰੀ ਕਾਂਗਰਸ ਵਿਚ ਹਿੱਸਾ ਲੈਣ ਲਈ ਜੈਪੁਰ ਗਏ। ਉੱਥੇ ਵਿਦਵਾਨਾਂ ਕੋਲੋਂ ਪਤਾ ਲੱਗਾ ਕਿ ਆਲਾ ਦਾ ਜ਼ਿਕਰ ਮਰਾਠੀ ਦਸਤਾਵੇਜ਼ਾਂ ਵਿਚ ਆਉਂਦਾ ਹੈ ਫਿਰ ਉਨ੍ਹਾਂ ਪੂਨੇ ਜਾ ਕੇ ਖੋਜ ਕੀਤੀ ਤੇ ਬਾਬਾ ਆਲਾ ਸਿੰਘ 'ਤੇ ਕਿਤਾਬ ਲਿਖੀ, ਜੋ ਖੋਜ ਦਾ ਵਧੀਆ ਨਮੂਨਾ ਹੈ।

1950 ਵਿਚ ਜਦੋਂ ਉਹ ਖ਼ਾਲਸਾ ਕਾਲਜ ਖੋਜ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸੁਨੇਹਾ ਆਇਆ ਕਿ ਸ਼੍ਰੋਮਣੀ ਕਮੇਟੀ ਆਪਣਾ ਕੁਝ ਰਿਕਾਰਡ ਸਾੜ ਰਹੀ ਹੈ। ਉਨ੍ਹਾਂ ਡਾ. ਸਾਹਿਬ ਨੂੰ ਸੱਦਾ ਦਿੱਤਾ ਕਿ ਤੁਸੀਂ ਆ ਕੇ ਦੇਖੋ। ਉਨ੍ਹਾਂ ਜਦੋਂ ਰਿਕਾਰਡ ਵੇਖਿਆ ਤਾਂ ਉਸ ਵਿਚ ਬਹੁਤ ਸਾਰੀਆਂ ਇਤਿਹਾਸਕ ਮਹੱਤਤਾ ਵਾਲੀਆਂ ਲਿਖਤਾਂ ਸਨ ਜਿਨ੍ਹਾਂ ਵਿਚ ਮਹਾਤਮਾ ਗਾਂਧੀ ਦੀ ਉਹ ਤਾਰ ਵੀ ਸੀ ਜਦੋਂ ਸਿੱਖਾਂ ਨੇ ਕੁੰਜੀਆਂ ਦਾ ਮੋਰਚਾ ਜਿੱਤ ਲਿਆ ਤਾਂ ਉਨਾਂ ਕਿਹਾ ਸੀ ਆਜ਼ਾਦੀ ਦੀ ਜੰਗ ਜਿੱਤ ਲਈ ਹੈ। ਇਹ ਸਾਰਾ ਰਿਕਾਰਡ ਅਕਾਲੀ ਲਹਿਰ ਅਤੇ ਗੁਰਦੁਵਾਰਾ ਸੁਧਾਰ ਲਹਿਰ ਨਾਲ ਸਬੰਧਤ ਸੀ ਜੋ ਡਾ. ਸਾਹਿਬ ਨੇ ਜਿਲਦਬੰਦੀ ਕਰਵਾ ਕੇ ਖ਼ਾਲਸਾ ਕਾਲਜ ਦੇ ਇਤਿਹਾਸ ਖੋਜ ਵਿਭਾਗ ਦੀ ਲਾਇਬ੍ਰੇਰੀ ਵਿਚ ਪਹੁੰਚਾ ਦਿੱਤਾ।

ਵੰਡ ਤੋਂ ਬਾਅਦ ਮੁਸਲਮਾਨਾਂ ਦੀਆਂ ਇੱਧਰ ਰਹਿ ਗਈਆਂ ਲਾਇਬ੍ਰੇਰੀਆਂ ਵਿੱਚੋਂ ਡਾ. ਸਾਹਿਬ ਸਿੱਖ ਇਤਿਹਾਸ ਨਾਲ ਸਬੰਧਿਤ ਕਿਤਾਬਾਂ ਲੱਭਦੇ ਰਹੇ। ਉਨ੍ਹਾਂ ਨੇ ਮੁਸਲਮਾਨਾਂ ਦੇ ਘਰਾਂ ਵਿਚ ਜਾ ਕੇ ਫੋਲਾ-ਫਾਲੀ ਕੀਤੀ ਇਸੇ ਦਾ ਸਿੱਟਾ ਸੀ ਕਿ ਕਰਨਾਲ ਦੇ ਕੁੰਜਪੁਰਾ ਵਿਚ ਇਕ ਵੱਡੀ ਇਸਲਾਮੀ ਲਾਈਬ੍ਰੇਰੀ ਲੱਭੀ ਜੋ ਉਨ੍ਹਾਂ ਦੀ ਬੇਨਤੀ 'ਤੇ ਭਾਰਤ ਸਰਕਾਰ ਨੇ ਸਾਂਭ ਲਈ। ਇਸੇ ਤਰ੍ਹਾਂ ਪੰਜਾਬ ਸਰਕਾਰ ਦਾ ਪ੍ਰੈਸ ਵਿਭਾਗ ਪੰਜਾਬ ਦੇ ਬਹੁਤ ਸਾਰੇ ਪੁਰਾਣੇ ਗਜ਼ਟੀਅਰ ਸਾੜ ਰਿਹਾ ਸੀ ਪਰ ਡਾ. ਸਾਹਿਬ ਨੇ ਬੜੀ ਕੋਸ਼ਿਸ਼ ਨਾਲ ਉਨ੍ਹਾਂ ਨੂੰ ਰੋਕਿਆ ਤੇ ਅੱਟਕ, ਗੁਜਰਾਂਵਾਲਾ, ਮਿੰਟਗੁਮਰੀ ਤੇ ਹੋਰ ਕਈ ਜ਼ਿਲ੍ਹਿਆਂ ਦੇ ਗਜ਼ਟੀਅਰ ਸੁਰੱਖਿਅਤ ਕੀਤੇ। 1953 ਵਿਚ ਉਨ੍ਹਾਂ ਦਾ ਮੇਲ ਭਾਈ ਵੀਰ ਸਿੰਘ ਨਾਲ ਹੋਇਆ ਤੇ ਉਨ੍ਹਾਂ ਦੀ ਪ੍ਰੇਰਣਾ ਸਦਕਾ ਉਨ੍ਹਾਂ ਨੇ ਰਫ਼ਿਊਜੀ ਕੈਂਪਾਂ ਤੇ ਉਜਾੜੇ ਨਾਲ ਸਬੰਧਤ ਦਸਤਾਵੇਜ਼ ਇਕੱਠੇ ਕਰਨ ਅਤੇ ਉਨ੍ਹਾਂ ਦਾ ਇਤਿਹਾਸ ਲਿਖਣ ਦੀ ਵਿਓਂਤ ਬਣਾਈ। ਇਕ ਵਾਰ ਉਹ ਭਾਈ ਵੀਰ ਸਿੰਘ ਹੋਰਾਂ ਨੂੰ ਮਿਲਣ ਗਏ ਤਾਂ ਉਹ ਕਹਿਣ ਲੱਗੇ ਕਿ ਤੁਹਾਨੂੰ ਹਿਸਟਰੀ ਰਿਸਰਚ ਵਿਭਾਗ ਲਈ ਆਪਣਾ ਜੀਵਨ ਅਰਪਣ ਕਰ ਦੇਣਾ ਚਾਹੀਦਾ ਹੈ ਤੁਸੀਂ ਇਸ ਬਾਰੇ ਜ਼ਰੂਰ ਸੋਚਣਾ। 1962 ਵਿਚ ਪੰਜਾਬੀ ਯੂਨੀਵਰਸਿਟੀ ਬਣੀ ਤਾਂ ਵਾਈਸ ਚਾਂਸਲਰ ਡਾ. ਕਿਰਪਾਲ ਸਿੰਘ ਨਾਰੰਗ ਨੇ ਡਾ. ਸਾਹਿਬ ਨੂੰ ਸੱਦਾ ਦਿੱਤਾ ਕਿ ਉਹ ਯੂਨੀਵਰਸਿਟੀ 'ਚ ਆ ਕੇ ਇਤਿਹਾਸ ਵਿਭਾਗ ਸਥਾਪਤ ਕਰਨ ਪਰ ਡਾ. ਸਾਹਿਬ ਦਾ ਮਨ ਸੀ ਕਿ ਉਨ੍ਹਾਂ ਨੇ ਖ਼ਾਲਸਾ ਕਾਲਜ ਦੇ ਇਤਿਹਾਸ ਖੋਜ ਵਿਭਾਗ ਵਿਚ ਬੜੀ ਮਿਹਨਤ ਕੀਤੀ ਹੈ ਤੇ ਦੂਜਾ ਭਾਈ ਵੀਰ ਸਿੰਘ ਹੋਰਾਂ ਨਾਲ ਵਾਅਦਾ ਕੀਤਾ ਹੈ ਕਿ ਉਹ ਸਿੱਖ ਇਤਿਹਾਸ 'ਤੇ ਹੀ ਖੋਜ ਕਰਨਗੇ ਪਰ ਜਦੋਂ ਵਾਇਸ ਚਾਂਸਲਰ ਨੇ ਦੱਸਿਆ ਕਿ ਯੂਨੀਵਰਸਿਟੀ ਇਕ ਵੱਡੀ ਸੰਸਥਾ ਹੈ ਤੇ ਉਹ ਕਿਸੇ ਦੇ ਰਿਸਰਚ ਕਰਨ 'ਤੇ ਪਾਬੰਦੀ ਨਹੀਂ ਲਾਉਂਦੀ। ਤੁਸੀਂ ਜਿਸ ਮਰਜ਼ੀ ਵਿਸ਼ੇ 'ਤੇ ਖੋਜ ਕਰੋ।

ਇੰਜ ਡਾ. ਸਾਹਿਬ ਪਟਿਆਲੇ ਜਾ ਕੇ ਖੋਜ ਦੇ ਇਕ ਹੋਰ ਵੱਡੇ ਅਦਾਰੇ ਵਿਚ ਪਹੁੰਚ ਗਏ। ਇੱਥੇ ਉਨ੍ਹਾਂ ਜਨਮ ਸਾਖੀ ਖੋਜ ਦੀ ਯੋਜਨਾ ਬਣਾਈ ਜਿਸ ਵਿੱਚੋਂ ਉਨ੍ਹਾਂ ਦੀ ਬਹੁਮੁਲੀ ਖੋਜ ਜਨਮ ਸਾਖੀ ਪਰੰਪਰਾ ਹੋਂਦ ਵਿਚ ਆਈ। ਅਗਲਾ ਖੋਜ ਕਾਰਜ ਉਨ੍ਹਾਂ ਜ਼ਫ਼ਰਨਾਮਾ ਰਣਜੀਤ ਸਿੰਘ ਦੀ ਸੰਪਾਦਨਾ ਦਾ ਕੀਤਾ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ ਅਨੇਕਾਂ ਪ੍ਰੋਜੈਕਟਾਂ 'ਤੇ ਕੰਮ ਕੀਤਾ, ਅਨੇਕਾਂ ਸੰਸਥਾਵਾਂ, ਗੁਰਦੁਵਾਰਾ ਕਮੇਟੀਆਂ ਤੇ ਸੰਸਥਾਵਾਂ ਵਿਚ ਇਤਿਹਾਸਕ ਕੰਮ ਕੀਤੇ। ਉਨ੍ਹਾਂ ਨੂੰ ਅਨੇਕਾਂ ਮਾਣ-ਸਨਮਾਨ ਤੇ ਉਪਾਧੀਆਂ ਮਿਲੀਆਂ। ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ 'ਪ੍ਰੋਫੈਸਰ ਆਫ ਸਿਖਇਜ਼ਮ', ਪੰਜਾਬੀ ਯੂਨੀਵਰਸਿਟੀ ਵੱਲੋਂ ਡੀ. ਲਿੱਟ ਤੇ ਹੋਰ ਕਈ ਸੰਸਥਾਵਾਂ ਵੱਲੋਂ ਮਾਣ-ਸਨਮਾਨ ਮਿਲੇ। •

(ਨਿਰਗੁਣ-ਨਿਸਤਾਰੇ ਤੇ ਆਧਾਰਤ)

### ਸੁਪਨਾ

*ਡਾ. ਕਿਰਪਾਲ ਦਾ ਸੁਪਨਾ ਸੀ ਸਿੱਖ ਇਤਿਹਾਸ ਖੋਜ ਅਤੇ ਸਿਖਲਾਈ ਸੰਸਥਾ ਸਥਾਪਿਤ ਕਰ ਕੇ ਸਿੱਖ ਸ੍ਰੋਤਾਂ ਦਾ ਅਧਿਐਨ ਵੱਖ-ਵੱਖ ਭਾਸ਼ਾਵਾਂ ਵਿਚ ਕਰਨਾ ਜਿਵੇਂ ਪੰਜਾਬੀ ਸ੍ਰੋਤ, ਫ਼ਾਰਸੀ ਸ੍ਰੋਤ, ਡਿੰਗਲ, ਮਰਾਠਾ ਸ੍ਰੋਤ, ਅੰਗਰੇਜ਼ੀ ਅਤੇ ਫ਼ਰਾਂਸੀਸੀ ਸ੍ਰੋਤ। ਇਸ ਤੋਂ ਇਲਾਵਾ ਇਤਿਹਾਸ ਤੇ ਇਤਿਹਾਸਕਾਰੀ ਦਾ ਵਿਸ਼ਾਲ ਅਧਿਐਨ।*



### ਭਵਿੱਖੀ ਖੋਜ ਦੇ ਪ੍ਰੇਰਣਾ ਸ੍ਰੋਤ

ਉਹ ਲੰਬੀ ਉਮਰ ਭੋਗ ਕੇ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀਆਂ ਇਤਿਹਾਸਕ ਖੋਜਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ ਕਿਉਂਕਿ ਉਹ ਭਵਿੱਖੀ ਖੋਜ ਦੇ ਪ੍ਰੇਰਣਾ ਸ੍ਰੋਤ ਸਨ...

## ਗੁਰਦੀਪ ਭਾਟੀਆ ਦੀਆਂ ਚਾਰ ਗ਼ਜ਼ਲਾਂ



94648-89046

ਗੁਰਦੀਪ ਭਾਟੀਆ ਉਹ ਨਾਂ ਹੈ ਜੋ ਗ਼ਜ਼ਲ ਵਿਧਾ ਨੂੰ ਪ੍ਰਣਾਇਆ ਹੋਇਆ ਹੈ। ਉਸ ਦੀ ਕਲਮ ਨੇ ਅੱਜ ਤਕ ਜੋ ਵੀ ਲਿਖਿਆ, ਉਹ ਸਿਰਫ਼ ਤਾਂ ਸਿਰਫ਼ ਗ਼ਜ਼ਲਾਂ ਰਾਹੀਂ ਹੀ ਲਿਖਿਆ ਹੈ। ਉਸ ਦੇ ਦੋ ਗ਼ਜ਼ਲ ਸੰਗ੍ਰਹਿ 'ਸੁਲਘਦੇ ਅਹਿਸਾਸ' ਅਤੇ 'ਸ਼ੀਸ਼ੇ ਦਾ ਕੀ ਕਸੂਰ' ਪਾਠਕ ਪੜ੍ਹ ਚੁੱਕੇ ਹਨ। ਭਾਟੀਆ ਦੀਆਂ ਗ਼ਜ਼ਲਾਂ ਦੇ ਸ਼ਿਅਰ ਪਾਠਕ/ਸਰੋਤੇ ਨੂੰ ਸਬਜ਼ਬਾਗ਼ ਨਹੀਂ ਦਿਖਾਉਂਦੇ ਬਲਕਿ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਤੋਂ ਜਾਣੂ ਕਰਵਾਉਂਦੇ ਹਨ। ਬਹਿਰ-ਵਜ਼ਨ ਪੱਖੋਂ ਉਸ ਦੇ ਸ਼ਿਅਰਾਂ ਵਿਚ ਉਸਤਾਦੀ ਹੈ। ਬਿੰਬ ਵਿਧਾਨ, ਅਲੰਕਾਰ ਅਤੇ ਉਸ ਦੀ ਭਾਸ਼ਾ-ਸ਼ੈਲੀ ਵਾਰਤਕ ਦਾ ਭੁਲੇਖਾ ਪਾਉਂਦੀ ਹੈ, ਇਹ ਹੁਨਰ ਕਿਸੇ-ਕਿਸੇ ਸ਼ਾਇਰ ਦੇ ਹਿੱਸੇ ਆਉਂਦਾ ਹੈ ਜਾਂ ਕਹਿ ਲਓ ਇਹ ਗੁਣ ਬਿਰਲੇ-ਟਾਵੇਂ ਸ਼ਾਇਰ ਕੋਲ ਹੀ ਹੁੰਦਾ ਹੈ।

-----(1)-----

ਮੈਂ ਖ਼ਾਬਾਂ ਖਿਆਲਾਂ 'ਚ ਵਿਚਰਾਂ ਤਾਂ ਕਿੱਦਾਂ,
ਮਿਰੀ ਝੋਲੀ ਜੀਵਨ ਦੇ ਸੰਸੇ ਬੜੇ ਨੇ।
ਹਕੀਕਤ ਤੋਂ ਮੁਨਕਰ ਜੇ ਹੋਵਾਂ ਤਾਂ ਕਿਸ ਬਿਧ,
ਕਿਵੇਂ ਆਖਾਂ ਮਿਤਰੋ, ਮਿਰੇ ਹੱਥ ਖੜ੍ਹੇ ਨੇ।

ਦਿਸਣ ਨੂੰ ਤਾਂ ਸਾਰੇ ਹੀ ਦਿਸਦੇ ਨੇ ਸਾਬਤ,
ਮਗਰ ਕਿਹੜਾ ਹਿੱਸਿਆਂ 'ਚ ਵੰਡਿਆ ਨਹੀਂ ਹੈ,
ਕਿਤੇ ਦੁੱਧ ਹਾਵੀ, ਕਿਤੇ ਖ਼ੂਨ ਭਾਰੂ,
ਸਕੇ ਰਿਸ਼ਤਿਆਂ ਵਿਚ ਵੀ ਅੱਜ ਕੱਲ੍ਹ ਧੜੇ ਨੇ।

ਮੁਹੱਬਤ ਦੇ ਸੋਹਲੇ, ਇਬਾਦਤ ਦਾ ਰੌਲਾ,
ਅਡੰਬਰ ਬਿਨਾਂ ਕਿਧਰੇ ਕੁਝ ਵੀ ਨਹੀਂ ਹੈ,
ਜਦੋਂ ਕਿ ਹਕੀਕਤ ਹੈ ਐਸੀ ਕਿ ਐ ਦਿਲ,
ਮਿਰੇ ਵਾਂਗ ਅੰਦਰੋਂ ਸਭੇ ਸਿਰ-ਸੜੇ ਨੇ।

ਅਸੂਲਾਂ ਦੀ ਚਰਚਾ ਤਾਂ ਹਰ ਕੋਈ ਕਰਦੈ,
ਮਗਰ ਪਹਿਰਾ ਦੇਵੇ ਅਸੂਲਾਂ 'ਤੇ ਕਿਹੜਾ,
ਸਭੇ ਅਪਣੇ-ਅਪਣੇ ਨਿਸ਼ਾਨੇ 'ਤੇ ਕਾਇਮ,
ਸਭੇ ਅਪਣੀ-ਅਪਣੀ ਅੜੀ 'ਤੇ ਅੜੇ ਨੇ।

ਜੇ ਝਖੜਾਂ ਤੂਫ਼ਾਨਾਂ ਦਾ ਅਪਣਾ ਸੁਭਾਅ ਹੈ,
ਤਾਂ ਰੁੱਖਾਂ ਦਾ ਜਿਗਰਾ ਵੀ ਅਪਣਾ ਹੈ ਮੁੱਢੋਂ,
ਸ਼ਿਕਾਇਤ ਨ ਸ਼ਿਕਵਾ ਕੋਈ ਵੀ ਕਦੇ ਵੀ,
ਕਿਵੇਂ ਟਾਹਣ ਟੁੱਟੇ, ਕਿਵੇਂ ਪੱਤ ਝੜੇ ਨੇ।

ਜੋ ਅਪਣੇ ਨੇ ਸੱਚ-ਮੁੱਚ ਉਹ ਕਿੰਨੇ ਕੁ ਅਪਣੇ,
ਖੁਲਾਸਾ ਸਮੇਂ ਨਾਲ ਹੁੰਦਾ ਰਿਹਾ ਹੈ,
ਭਲਾ ਕੌਣ ਸੜਦਾ ਏ ਦੂਜੇ ਦੀ ਅੱਗ ਵਿਚ,
ਕਦੋਂ ਪਾਰ ਲਾਉਂਦੇ ਜੋ ਕੱਚੇ ਘੜੇ ਨੇ।

ਨਜ਼ਰ ਨੂੰ ਜੋ ਦਿਸਦੈ, ਉਹੀ ਸੱਚ ਨਹੀਂ ਹੈ,
ਕਈ ਸੱਚ ਨੇ ਐਸੇ, ਜੋ ਦਿਸਦੇ ਨਹੀਂ ਹਨ,
ਹਰਿੱਕ ਸ਼ੈ 'ਤੇ ਏਦਾਂ ਹੈ ਚੜ੍ਹਿਆ ਮੁਲੰਮਾਂ
ਜਿਵੇਂ ਚਿਹਰਿਆਂ 'ਤੇ ਮੁਖੌਟੇ ਚੜ੍ਹੇ ਨੇ।

ਹੋਏ ਪੋਲ ਜਿਸ ਵਿਚ ਉਹੀ ਬਣਦੈ 'ਮੁਰਲੀ',
ਜਿਹੀ ਫੂਕ ਵੱਜੇ ਤਿਹੇ ਰਾਗ ਗਾਉਂਦੇ,
ਇਹ ਕਲਮਾਂ ਦੇ ਸਿਰਜਕ, ਨਹੀਂ ਸਾਡੇ ਕੰਮ ਦੇ,
ਰਹੋ ਬਚ ਕੇ ਇਨ੍ਹਾਂ ਤੋਂ, ਇਹ 'ਸਰਕੜੇ' ਨੇ।

ਬਿਨਾਂ ਟੁੱਭੀ ਸਾਗਰ 'ਚੋਂ ਲਭਦੇ ਨਾ ਮੋਤੀ,
ਸਮਰਪਣ ਬਿਨਾਂ ਕਿਧਰੇ ਕੁਝ ਵੀ ਨਾ ਹਾਸਿਲ,
ਪਤਾ ਹੈ ਜਦੋਂ 'ਦੀਪ' ਤੈਨੂੰ ਤਾਂ ਦੱਸੀਂ,
ਤੂੰ ਫਿਰ ਵੀ ਕਿਉਂ ਸੌ-ਸੌ ਬਹਾਨੇ ਘੜੇ ਨੇ।

-----(2)-----

ਚਮੁਖੀਏ ਵਾਂਗ ਚੁਰਾਹੇ 'ਚ ਬਾਲ ਦੇ ਬੇਸ਼ੱਕ।
ਦਿਆਲ ਹੋਇਐਂ ਤਾਂ ਰੋਸ਼ਨ ਖ਼ਿਆਲ ਦੇ ਬੇਸ਼ੱਕ।

ਕਿਸੇ ਵੀ ਹਾਲ 'ਚ ਪਾਵੀਂ ਨ ਜੂਨ ਪੱਥਰ ਦੀ,
ਤੂੰ ਮੇਰਾ, ਹੋਂਦ 'ਚ ਆਉਣਾ ਹੀ ਟਾਲ ਦੇ ਬੇਸ਼ੱਕ।

ਤਿਰੀ ਤਲਾਸ਼ ਹੀ ਮਕਸਦ ਰਹੇ ਨ ਜੀਵਨ ਦਾ,
ਇਤ੍ਹੋਂ ਅਗਾਹਾਂ ਵੀ ਹੋਵੇ ਜੇ ਭਾਲ ਦੇ ਬੇਸ਼ੱਕ।

ਕਿਸੇ ਦੇ ਤੜਫ਼ਦੇ ਬੁੱਲਾਂ ਨੂੰ ਦੇ ਸਕਾਂ ਹਾਸਾ,
ਜੇ ਮੈਨੂੰ ਦੇ ਸਕੇਂ ਐਸਾ ਕਮਾਲ ਦੇ ਬੇਸ਼ੱਕ।

ਮੈਂ ਅਪਣੀ ਹੋਂਦ ਦਾ ਅਹਿਸਾਸ ਮਾਣਨਾਂ ਚਾਹੁੰਨਾਂ,
ਭਲੇ ਹੀ ਮੈਨੂੰ ਤੂੰ ਝਰਨੇ 'ਚ ਢਾਲ ਦੇ ਬੇਸ਼ੱਕ।

ਬਗ਼ੈਰ ਢਾਲ ਦੇ, ਦਰਿਆ ਦੀ ਜ਼ਿੰਦਗੀ ਕਿੱਥੇ,
ਤੂੰ ਬਹੁਤੀ ਨਾ ਸਹੀ, ਥੋੜ੍ਹੀ ਕੁ ਢਾਲ ਦੇ ਬੇਸ਼ੱਕ।

ਬਗ਼ੈਰ ਤਾਲ ਦੇ ਕੋਈ ਗ਼ਜ਼ਲ ਨਹੀਂ ਹੁੰਦੀ,
ਸਮਝਦੈਂ 'ਦੀਪ' ਜੇ, ਸ਼ਬਦਾਂ ਨੂੰ 'ਤਾਲ' ਦੇ ਬੇਸ਼ੱਕ।

-------------(3)-------------

ਹਰਿਕ ਡਾਢੇ ਦੀ ਖ਼ਾਹਿਸ਼ ਹੈ, ਮੈਂ
ਓਸੇ ਦੀ ਹਵਾ ਸਮਝਾਂ।
ਜੋ ਖ਼ੁਦ ਮੁਹਤਾਜ ਹੈ ਸਾਹ ਦਾ,
ਕਿਵੇਂ ਉਸ ਨੂੰ ਖ਼ੁਦਾ ਸਮਝਾਂ।

ਕਿਸੇ ਖ਼ੰਜਰ, ਕਿਸੇ ਤਲਵਾਰ ਦੀ
ਦਹਿਸ਼ਤ ਜੇ ਹੋਵੇ ਵੀ,
ਕਿਵੇਂ ਜ਼ਾਲਿਮ ਦੇ ਕੀਤੇ ਜ਼ੁਲਮ
ਨੂੰ 'ਰਬ ਦੀ ਰਜ਼ਾ' ਸਮਝਾਂ।

ਜਦੋਂ ਕਠ-ਪੁਤਲੀਆਂ ਬਣਨਾ
ਪਸੰਦ ਆਉਂਦਾ ਹੈ ਸਾਨੂੰ ਹੀ,
ਨਚਾਉਂਦੈ ਜੇ ਕੋਈ ਸਾਨੂੰ, ਕਿਵੇਂ
ਉਸ ਦੀ ਖ਼ਤਾ ਸਮਝਾਂ।

ਕਿਸੇ ਹਾਕਮ ਦੀ ਮਰਜ਼ੀ ਤੇ
ਕਿਵੇਂ ਮੋਹਰ ਲਗਾ ਦੇਵਾਂ,
ਮੈਂ ਉਜੜੇ ਬਾਗ਼ ਦਾ ਕਿੱਦਾਂ
ਹਰਿਕ ਬੂਟਾ ਹਰਾ ਸਮਝਾਂ।

ਨਿਰੇ ਖ਼ਾਬਾਂ ਖ਼ਿਆਲਾਂ ਵਿਚ
ਹਕੀਕੀ ਜ਼ਿੰਦਗੀ ਕਿੱਥੇ,
ਜ਼ਰੂਰੀ ਹੈ ਹਕੀਕੀ ਜ਼ਿੰਦਗੀ ਦਾ
ਫ਼ਲਸਫ਼ਾ ਸੁਮਝਾਂ।

ਨਸ਼ਾ ਤਾਕਤ, ਨਸ਼ਾ ਦੌਲਤ,
ਨਸ਼ਾ ਰੋਟੀ, ਨਸ਼ਾ ਬੋਟੀ,
ਨਸ਼ਾ ਕਿਹੜਾਂ ਭਲਾ ਸਮਝਾਂ,
ਨਸ਼ਾ ਕਿਹੜਾ ਬੁਰਾ ਸਮਝਾਂ।

ਕੋਈ ਮੰਦਰ 'ਚ ਖਿਚਦਾ ਹੈ ਕੁਈ
ਮਸਜਿਦ ਜਾਂ ਗਿਰਜੇ ਵੱਲ,
ਕੋਈ ਨਿਰਪੱਖ ਨਾ ਦਿੱਸੇ,
ਕਿਵੇਂ ਤੇਰਾ ਪਤਾ ਸਮਝਾਂ।

ਬਿਨਾਂ ਤੇਰੇ ਨਹੀਂ ਲੱਗਦਾ ਕਿਸੇ
ਸੂਰਤ ਵੀ ਮੇਰਾ ਦਿਲ,
ਮੁਹੱਬਤ ਦੀ ਤੜਪ ਸਮਝਾਂ ਕਿ
ਉਲਫ਼ਤ ਦੀ ਸਜ਼ਾ ਸਮਝਾਂ।

ਜ਼ਮਾਨੇ ਭਰ ਦੇ ਅੱਲ੍ਹੇ ਜ਼ਖ਼ਮ
ਸੀਨੇ ਵਿਚ ਛੁਪਾ ਕੇ 'ਦੀਪ',
ਹਸਾਉਂਦੈ ਜੇ ਜ਼ਮਾਨੇ ਨੂੰ ਕਿਵੇਂ
ਉਹ ਮਸਖ਼ਰਾ ਸਮਝਾਂ।



-------------(4)-------------

ਬਾਤ ਇਕ ਅਰਸੇ ਤੋਂ
ਦਰਪੇਸ਼ ਹੈ ਮੁੱਦਾ ਬਣ ਕੇ।
ਕੋਈ ਕਿਉਂ ਜੀਵੇ
ਕਿਸੇ ਹੋਰ ਦਾ ਪੁਤਲਾ ਬਣਕੇ।

ਕੋਈ ਚਾਹੇ ਤਾਂ
ਸਮੁੰਦਰ 'ਚ ਸਮਾਏ ਬੇਸ਼ੱਕ,
ਮੇਰੀ ਇੱਛਾ ਹੈ ਕਿ
ਵਹਿੰਦਾ ਰਹਾਂ ਦਰਿਆ ਬਣ ਕੇ।

ਅਪਣੀ ਹਸਤੀ ਹੈ ਤਾਂ ਸਭ ਕੁਛ ਹੈ,
ਨਹੀਂ ਕੁਛ ਵੀ ਨਹੀਂ,
ਬਾਤ ਇਹ ਦਿਲ 'ਚ ਮਿਰੇ
ਵਸ ਗਈ ਨੁਕਤਾ ਬਣ ਕੇ।

ਕਿਉਂ ਨ ਪੱਥਰ ਦਿਸੇ
ਉਹ ਸ਼ਖ਼ਸ, ਜੋ ਅੰਦਰੋਂ-ਅੰਦਰ,
ਇਕ ਸਮੰਦਰ ਦੀ ਜਗ੍ਹਾ,
ਰਹਿ ਗਿਆ ਸਹਿਰਾ ਬਣ ਕੇ।

ਵਕਤ ਹੀ ਚਿੜੀਆਂ
ਜਿਹੀ ਸੋਚ ਬਣਾ ਦਿੰਦਾ ਹੈ,
ਵਕਤ ਹੀ ਦੱਸਦੈ ਕਿਵੇਂ
ਜੀਣਾ ਹੈ ਸ਼ਿਕਰਾ ਬਣ ਕੇ।

ਅਪਣੇ ਵਿਸ਼ਵਾਸ ਤੇ ਕਾਇਮ
ਰਹੇ ਤਾਂ ਦੇਖ ਲਿਉ,
ਵਕਤ ਖ਼ੁਦ ਆਏਗਾ
ਸਾਡੇ ਲਈ 'ਜ਼ਰੀਆ' ਬਣ ਕੇ।

ਨੇੜਿਉਂ ਦੇਖੋ, ਦਿਸੇ
ਪਾਣੀਉਂ ਪਤਲੇ ਓਹੀ,
ਜੋ ਸਦਾ ਦੂਰ ਤੋਂ ਦਿਸਦੇ ਰਹੇ
ਦੁਧੀਆ ਬਣ ਕੇ।

ਅਪਣੀ ਮਸਤੀ 'ਚ ਅਸੀਂ
ਵਧਦੇ ਰਹੇ ਮੰਜ਼ਿਲ ਵੱਲ,
ਦੇਖਦੇ ਰਹਿ ਗਏ, ਜੋ ਆਏ ਸੀ
ਖ਼ਤਰਾ ਬਣ ਕੇ।

'ਦੀਪ' ਜੇ ਚਾਹੁੰਨੈ
ਜ਼ਰਾ ਹੋਰ ਨਿਖ਼ਰ ਜਾਵਾਂ ਮੈਂ,
ਆ ਕਦੇ ਬੈਠ ਮਿਰੇ ਸਾਮ੍ਹਣੇ
ਸੀਸ਼ਾ ਬਣ ਕੇ। •

### ਗੀਤ



ਕੁਲਵੰਤ
76967-69041

#### ਵਰ੍ਹਿਆਂ ਦੇ ਪੈਂਡੇ

ਵਰ੍ਹਿਆਂ ਦੇ ਪੈਂਡੇ, ਨਵੀਆਂ ਉਡੀਕਾਂ ਨੇ।
ਮੇਰੇ ਹਿੱਸੇ ਆਈਆਂ ਚੀਸਾਂ ਹੀ ਚੀਸਾਂ ਨੇ।

ਹੋਇਆ ਨਾ ਉਜਾਲਾ ਹਾਲੇ, ਸੰਘਣਾ ਹਨ੍ਹੇਰਾ ਏ,
ਇਹਦੇ ਵਿਚ ਤੇਰਾ ਨਾ, ਕਸੂਰ ਕੋਈ ਮੇਰਾ ਏ,
ਸਮਿਆਂ ਨੇ ਵੰਡ ਪਾਈ, ਵਾਹੀਆਂ ਜੋ ਲੀਕਾਂ ਨੇ
ਮੇਰੇ ਹਿੱਸੇ ਆਈਆਂ...

ਹਰਫ਼ਾਂ ਤੇ ਹੰਝੂਆਂ ਨੂੰ, ਅੱਜ ਦਿੱਲੀ ਚੇਤੇ ਆਈ ਏ,
ਮੇਰੇ ਕੰਮ ਨਾ ਆਈ, ਜੋ ਗਵਾਹੀ ਤੂੰ ਪਾਈ ਏ
ਪਾਟਦਾ ਹੈ ਸੀਨਾ, ਜਦੋਂ ਪੈਂਦੀਆਂ ਤਰੀਕਾਂ ਨੇ
ਮੇਰੇ ਹਿੱਸੇ ਆਈਆਂ...

ਰੁੱਖਾਂ ਦੀਆਂ ਟੀਸੀਆਂ 'ਤੇ, ਵੈਣ ਹਉਕੇ ਭਰਦੇ ਨੇ,
ਜ਼ਰ ਗਏ ਜੋ ਆਪਾਂ, ਉਹ ਤਾਂ ਰੁੱਖ ਵੀ ਨਾ ਜਰਦੇ ਨੇ,
ਰਾਤਾਂ ਦੀਆਂ ਕਾਲਖ਼ਾਂ ਤੋਂ, ਕਾਹਦੀਆਂ ਉਡੀਕਾਂ ਨੇ,
ਮੇਰੇ ਹਿੱਸੇ ਆਈਆਂ...

ਮੇਰੇ ਲਈ ਇਹ ਜਗ ਸਾਰਾ, ਨਿਰਾ ਧੁੰਧੂਕਾਰਾ ਏ
ਸੁਪਨੇ 'ਚ ਗੁੰਮਿਆ, ਕੋਈ ਬਾਲ ਵਿਚਾਰਾ ਏ
ਸ਼ੋਰ-ਸ਼ੋਰ ਸਭ ਥਾਵੇਂ, ਚੀਕਾਂ ਹੀ ਚੀਕਾਂ ਨੇ
ਮੇਰੇ ਹਿੱਸੇ ਆਈਆਂ...

### ਗ਼ਜ਼ਲਾਂ



ਜਗਮੇਲ ਸਿੱਧੂ
9158-41583

ਮਨ ਮੇਰਾ ਫੁੱਲਾਂ ਜਿਹਾ
ਹੌਲ਼ਾ ਹੈ ਰਹਿੰਦਾ ਇਸ ਲਈ,
ਦਿਲ 'ਚ ਜੋ ਆਉਂਦੀ ਸੀ ਗੱਲ
ਕਹਿੰਦਾ ਰਿਹਾ ਹਾਂ ਉਮਰ ਭਰ।

ਦੋਸਤੀ ਦੇ ਨਿੱਘ ਵਿਚ
ਵਹਿੰਦਾ ਰਿਹਾ ਹਾਂ ਉਮਰ ਭਰ।
ਤਾਂ ਹੀ ਉਸ ਦੇ ਨਾਜ਼ ਮੈਂ
ਸਹਿੰਦਾ ਰਿਹਾ ਹਾਂ ਉਮਰ ਭਰ।

ਮੈਂ ਜਦੋਂ ਨਿਭਿਆ ਤੇਰੇ ਸੰਗ
ਤੋਹਮਤਾਂ ਵੀ ਲੱਗੀਆਂ,
ਸਿਦਕ ਮੇਰਾ ਵੇਖ ਕਿ
ਸਹਿੰਦਾ ਰਿਹਾ ਹਾਂ ਉਮਰ ਭਰ।

ਤਪਸ ਵੀ ਸੀ ਅੱਗ ਵੀ ਸੀ
ਕੀ ਨਹੀਂ ਸੀ ਸ਼ਹਿਰ ਵਿਚ,
ਪਰ ਮੈਂ ਠੰਡੀ ਲਹਿਰ ਬਣ
ਵਹਿੰਦਾ ਰਿਹਾ ਹਾਂ ਉਮਰ ਭਰ।

ਮੇਰੇ ਵਿਚ ਬਹੁਤ ਕੁਝ
ਬਾਹਰੋਂ ਸੀ ਗਹਿਰਾ ਲਹਿ ਗਿਆ,
ਮਨ 'ਚ ਮੈਂ ਗਹਿਰਾ ਤਦੇ
ਲਹਿੰਦਾ ਰਿਹਾ ਹਾਂ ਉਮਰ ਭਰ।

ਧਨੁਸ਼ ਤੋੜੇ ਬਿਨਾਂ ਹੀ ਸਵੰਬਰ ਰਚਾਏ ਜਾ ਰਹੇ ਨੇ।
ਕਲਯੁੱਗ 'ਚ ਇਹ ਕੈਸੇ ਦਸਤੂਰ ਬਣਾਏ ਜਾ ਰਹੇ ਨੇ।

ਹਰ ਅੱਖ ਨੂੰ ਮਨਾਹੀ ਹੈ ਮੰਜ਼ਰ ਸੱਚ ਦਾ ਤੱਕਣ ਦੀ,
ਪਰ ਅੰਨ੍ਹਿਆਂ ਨੂੰ ਫੜ ਕੇ ਆਇਨੇ ਵਿਖਾਏ ਜਾ ਰਹੇ ਨੇ।

ਕਠਿਨ ਬੜਾ ਹੈ ਬੰਦੇ ਤੋਂ ਬੁੱਧ ਤਕ ਦਾ ਸਫ਼ਰ, ਐਪਰ,
ਖ਼ੁਦਾ ਦੇ ਨਾਮ 'ਤੇ ਹਰ ਜਗ੍ਹਾ ਅਡੰਬਰ ਰਚਾਏ ਜਾ ਰਹੇ ਨੇ।

ਮਰਮਰੀ ਪੱਥਰ ਜਦੋਂ ਦਾ ਘਰ ਮੇਰੇ ਵੜ ਗਿਆ ਹੈ,
ਕੰਧੋਲੀ ਤੋਂ ਮੇਰੀ ਮਾਂ ਦੇ ਮੋਰ ਤੋਤੇ ਉਡਾਏ ਜਾ ਰਹੇ ਨੇ।

ਨੁਮਾਇਸ਼ ਰਿਸ਼ਤਿਆਂ 'ਚ ਇਸ ਕਦਰ ਹਾਵੀ ਹੋ ਗਈ ਹੈ,
ਦਿਲਾਂ ਵਿਚ ਖ਼ਾਰ ਰੱਖ ਕੇ ਬੁੱਲ੍ਹਾਂ 'ਤੇ ਹਾਸੇ ਸਜਾਏ ਜਾ ਰਹੇ ਨੇ।

• ਮਨਜੀਤ ਮਾਨ, 70098-9804

### ਕਵਿਤਾਵਾਂ



ਬਲਜੀਤ ਤਲਵੰਡੀ
92177-68857

#### ਅਤੀਤ ਦੇ ਪਰਛਾਵੇਂ

ਸੋਚਾਂ 'ਚ ਡੁੱਬ ਐਵੇਂ ਸ਼ਾਮ ਖ਼ਰਾਬ ਹੋਈ।
ਅਤੀਤ ਦੇ ਪਰਛਾਵਿਆਂ 'ਚ ਜਿੰਦ ਅਜਾਬ ਹੋਈ।

ਕੀ ਫਾਇਦਾ ਐਵੇਂ ਗੁੰਮ ਹੋਏ ਰਹਿਣ ਦਾ,
ਗ਼ਮਗੀਨ ਮਾਹੌਲ 'ਚ ਜ਼ਿੰਦਗੀ ਕਦ ਅਬਾਦ ਹੋਈ।

ਖ਼ੁਸ਼ੀਆਂ ਲੱਭਣ ਗਏ ਉਜਾੜ ਨੂੰ ਤੁਰ ਪਏ ਸੀ,
ਲਾ ਜਿੰਦ ਨੂੰ ਝੋਰੇ ਅੰਦਰੋਂ-ਅੰਦਰੀਂ ਖੁਰ ਗਏ ਸੀ।

ਨਾ ਰਿਹਾ ਖ਼ਿਆਲ ਕਦੋਂ ਸੀ ਸ਼ਾਮ ਹੋਈ,
ਤੁਰਨ ਵੇਲੇ ਤਾਂ ਦਿਸੀ ਸੀ ਪ੍ਰਭਾਤ ਹੋਈ।

ਸਿਖਰ ਦੁਪਹਿਰਾ ਗਰਮੀ ਵੀ ਤਿੱਖੀ ਸੀ,
ਤਪਦੀ ਸੀ ਪੈਰ ਵਾਟ ਵੀ ਕਿਹੜੀ ਨਿੱਕੀ ਸੀ।

ਖੱਪਦੇ-ਖੱਪਦੇ ਮੰਜ਼ਿਲ ਦੇ ਵੱਲ ਤੁਰ ਪਏ ਸੀ,
ਜਿਵੇਂ ਜਿੰਦ ਕਿਸੇ ਕੈਦ 'ਚੋਂ ਅਜ਼ਾਦ ਹੋਈ।

ਮਨ ਨੂੰ ਸਮਝਾਇਆ ਜੋ ਜੁਗਾਂ ਤੋਂ ਹੁੰਦੀ ਸੀ,
ਚੰਗੇ ਨਾਲ ਕਦੇ ਨਾ ਚੰਗੀ ਹੁੰਦੀ ਸੀ।

ਐਵੇਂ ਚਿੱਤ ਡੁਲਾਉਣ ਦੀ ਲੋੜ ਨਹੀਂ ਬਲਜੀਤ,
ਹੋਈ ਨਜ਼ਰ ਸਵੱਲੀ ਤਾਂ ਜ਼ਿੰਦਗੀ ਸੋਹਣਾ ਖ਼ਾਬ ਹੋਈ।

#### ਖ਼ਾਮੋਸ਼ੀ ਦਾ ਸ਼ੋਰ

ਸਾਡੀ ਚੁੱਪ ਨੂੰ ਚੁੱਪ ਨਾ ਸਮਝੋਂ
ਇਸ ਦੇ ਗਰਭ 'ਚ
ਸ਼ੋਰ ਪਲ਼ ਰਿਹਾ ਹੈ।
ਲੂਹਿਆ ਹੈ ਸਾਡੇ ਪਿੰਡੇ ਨੂੰ
ਉਦਾਸੀ ਦੀ ਧੁੱਪ ਨੇ
ਪਰ ਸਾਡੇ ਖ਼ਾਬ
ਮੁਸਕਰਾਉਣਾ ਨਹੀਂ ਭੁੱਲੇ
ਅਸੀਂ ਅੱਜ ਵੀ
ਕਾਮ ਦੀ ਨਜ਼ਰ ਨਾਲ
ਬਿੰਨ੍ਹ ਹੋ ਰਹੀਆਂ ਹਾਂ
ਕਾਮੁਕਤਾ ਦਾ ਚਿੰਨ੍ਹ
ਹੋ ਰਹੀਆਂ ਹਾਂ
ਇਹ ਨਹੀਂ ਕਿ
ਇਹ ਸੰਤਾਪ ਸਦੀਆਂ
ਤਕ ਸਹਾਰਿਆਂ ਜਾਵੇਗਾ
ਟੁੱਟੀ ਜਿਸ ਦਿਨ ਖ਼ਾਮੋਸ਼ੀ
ਫਿਰ ਸਾਡਾ ਸ਼ੋਰ
ਮਰਦ ਪ੍ਰਧਾਨ ਸਮਾਜ ਦੇ
ਕੰਨ ਪਾੜੇਗਾ।



ਰਿਯਾ
88725-15432

#### ਬਦਲੇ ਰੁਖ ਹਵਾਵਾਂ



ਵੀਨਾ ਸਾਮਾ
91158-89290

ਜਦ ਦੇ ਬਦਲੇ ਰੁਖ ਹਵਾਵਾਂ।
ਪਾਂਧੀ ਵਿਸਰੇ ਆਪਣੀ ਰਾਹਾਂ।

ਹੰਸਾ ਦੀ ਪਛਾਣ ਕਰਨੀ ਹੈ ਔਖੀ,
ਭੇਸ ਵਟਾ ਲਏ ਬਗਲੇ, ਕਾਵਾਂ।

ਮਹਿਫ਼ਲ ਸੀ ਜੋ ਭਰੀ ਗੁਲਜ਼ਾਰਾ,
ਅੱਜ ਫੁੱਲ ਦਿੱਸੇ ਟਾਵਾਂ ਟਾਵਾਂ।

ਕਿਸ ਮਾਲੀ ਨੇ ਖੋਹੇ ਹਾਸੇ,
ਕਿਸ ਕੀਤੀਆਂ ਬੰਜ਼ਰ ਥਾਵਾਂ।

ਪਿਆਰ ਮੁਹੱਬਤ ਹਾਸਾ ਰੋਸਾ,
ਹਰ ਸ਼ੈਅ ਹੁਣ ਪਰਛਾਵਾਂ।

ਹਰ ਥਾਂ ਉੱਗੀ ਪਈ ਕੰਡਿਆਲੀ,
ਕੀਕਣ ਫੁੱਲਾਂ ਦੇ ਸੋਹਲੇ ਗਾਵਾਂ।

ਹਰਫ ਵਫ਼ਾ ਦਾ ਪੜ੍ਹਦਾ ਵਿਰਲਾ,
ਕਿਸ ਨਾ ਲਿਖੀਏ ਸਿਰਨਾਵਾਂ।

### ਪ੍ਰਾਪਤ ਪੁਸਤਕ




ਪੁਸਤਕ : ਨੌਲੱਖਾ ਬਾਗ਼
ਲੇਖਕ : ਨਵਦੀਪ ਸਿੰਘ ਗਿੱਲ
ਪੰਨੇ : 166
ਮੁੱਲ : 250/-
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

# ਖ਼ੂਨੀ ਵਿਸਾਖੀ ਦੀ ਅਣਗੌਲ਼ੀ ਕਵਿਤਾ





• ਡਾ. ਚਰਨਜੀਤ ਸਿੰਘ ਗੁਮਟਾਲਾ
94175-33060

ਇਸ ਕਾਲਮ ਅਧੀਨ ਅਸੀਂ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਲਿਖੀ ਉਹ ਕਵਿਤਾ ਪਾਠਕਾਂ ਦੇ ਸਨਮੁਖ ਕਰਦੇ ਹਾਂ ਜਿਸ ਨੂੰ ਮੌਕੇ ਦੀ ਹਕੂਮਤ ਨੇ ਜ਼ਬਤ ਕਰ ਕੇ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੂੰ ਇਸ 'ਚ ਪੂਰਨ ਤੌਰ 'ਤੇ ਸਫਲਤਾ ਨਾ ਮਿਲੀ ਤੇ ਇਹ ਕਵਿਤਾ ਸਦੀਵੀ ਹੋ ਨਿਬੜੀ...

ਜਲ੍ਹਿਆਂਵਾਲਾ ਬਾਗ਼ ਸ਼ਹਾਦਤ ਦੇ 100 ਸਾਲ
ਕਿਸ਼ਤ - 5

### ਗਿਆਨੀ ਮਾਨ ਸਿੰਘ

ਡਾ. ਗੁਰਦੇਵ ਸਿੰਘ ਸਿੱਧੂ ਅਨੁਸਾਰ ਇਹ ਕਵੀ ਫ਼ਿਰੋਜ਼ਪੁਰ ਦਾ ਵਸਨੀਕ ਸੀ ਪਰ ਉਸ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਮਿਲਦੀ। ਉਸ ਵੱਲੋਂ ਇਕ ਲੰਮਾ ਗੀਤ 'ਤਾਜ਼ੇ ਜ਼ਖ਼ਮ' ਉਨਵਾਨ ਹੇਠ ਚੌਪਤਰੇ ਦੇ ਰੂਪ ਵਿਚ ਫ਼ਾਰਸੀ ਤੇ ਗੁਰਮੁਖੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ। ਇਸ ਗੀਤ ਵਿਚ ਸੁਤੰਤਰਤਾ ਅੰਦੋਲਨ ਦੀਆਂ ਵਿਭਿੰਨ ਘਟਨਾਵਾਂ ਜਿਵੇਂ ਬਜਬਜ ਘਾਟ ਦਾ ਸਾਕਾ, ਜਲ੍ਹਿਆਂ ਵਾਲੇ ਬਾਗ਼ ਦੇ ਹੱਤਿਆ ਕਾਂਡ ਨਾਲ ਸਬੰਧਤ ਕਾਵਿ ਬੰਦਾਂ, ਜੋ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੇ ਗਏ ਹਨ, ਵਿੱਚ ਕਵੀ ਨੇ ਅੰਗਰੇਜ਼ ਅਫਸਰ ਸਮਿੱਥ ਦੁਆਰਾ ਜ਼ਨਾਨੀਆਂ ਦੇ ਘੁੰਡ ਲੁਹਾ ਕੇ ਮੂੰਹਾਂ ਉੱਤੇ ਥੁੱਕਣ ਅਤੇ ਔਰਤਾਂ ਦੀ ਬੇਪਤੀ ਕਰਦਿਆਂ ਉਨ੍ਹਾਂ ਦੇ ਫੋਟੋ ਲੁਹਾ ਕੇ ਇੰਗਲੈਂਡ ਭੇਜਣ ਆਦਿ ਦੀਆਂ ਚਰਚਿਤ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਕਵੀ ਦੁਆਰਾ ਆਪ ਹੀ ਫ਼ਾਰਸੀ ਅਤੇ ਗੁਰਮੁਖੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤੇ ਇਸ ਗੀਤ ਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ।

#### ਜਲ੍ਹਿਆਂ ਵਾਲੇ ਬਾਗ਼ ਦਾ ਹਾਲ

*ਕਲਗੀ ਵਾਲਿਆ ਦੇਖ ਹੁਣ ਹਾਲ ਜੀ।
ਦੁਸ਼ਟਾਂ ਧ੍ਰੋਹ ਕੀਤਾ ਸਾਡੇ ਨਾਲ ਜੀ।
ਗੋਲ਼ੀ ਮਾਰ ਕੇ ਖ਼ੂਨ ਵਗਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਬੇਗੁਨਾਹ ਨੂੰ ਕਤਲ ਕਰਾਇ ਕੇ।
ਸਾਨੂੰ ਭੁੱਖਿਆਂ ਨੂੰ ਤਰਸਾਇ ਕੇ।
ਡਾਇਰ ਕਾਤਲ ਇਨਾਮ ਹੈ ਪਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਭਾਰ ਢਿੱਡਾਂ ਦੇ ਸਾਨੂੰ ਤੁਰਾਇਆ ਸੀ।
ਇੱਜ਼ਤ ਸਾਡੀ ਨੂੰ ਖ਼ਾਕ ਰੁਲਾਇਆ ਸੀ।
ਮਾਰਸ਼ਲ ਲਾ ਕੇ ਸਾਨੂੰ ਦੁਖਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸਮਿੱਥ ਅੰਗਰੇਜ਼ ਨੇ ਕਹਿਰ ਕਮਾਇ ਸੀ।
ਜ਼ਬਰਨ ਪਕੜ ਕੇ ਘੁੰਡ ਲੁਹਾਇ ਸੀ।
ਨੰਗੇ ਮੂੰਹਾਂ ਉੱਤੇ ਸੀ ਥੁੱਕ ਪਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਧੀਆਂ ਭੈਣਾਂ ਦੇ ਪੜਦੇ ਲੁਹਾਂਵਦੇ।
ਫੋਟੋ ਲੈ ਇੰਗਲੈਂਡ ਸਿਧਾਂਵਦੇ।
ਰੱਜ-ਰੱਜ ਕੇ ਜ਼ੁਲਮ ਕਮਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਜ਼ਾਲਮ ਵੇਖੋ ਕੀ ਕਹਿਰ ਕਮਾਂਵਦੇ।
ਬੇਗੁਨਾਹਾਂ ਨੂੰ ਜੇਲ੍ਹਾਂ ਵਿਚ ਪਾਂਵਦੇ।
ਮਿਲਦਾ ਹੋਰ ਨਾ ਸਾਨੂੰ ਤਕਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਤੇਰੇ ਨਾਲ ਜੋ ਘਾਲਾ ਸੀ ਘਾਲੀਆਂ।
ਅਸਾਂ ਕਰੀਆਂ ਸੋ ਤੋੜ ਨਿਭਾਹ ਲੀਆਂ।
ਤੈਨੂੰ ਜਰਮਨ ਦੇ ਮੂੰਹੋਂ ਛੁੜਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਇਨ੍ਹਾਂ ਕਿਹਾ ਸੀ ਦਿਆਂਗੇ ਸੁਰਾਜ ਜੀ।
ਮਿਲ ਕੇ ਹਿੰਦੀਓ ਰੱਖੋ ਸਾਡੀ ਲਾਜ ਸੀ।
ਥੁੱਕ ਤਲੀ 'ਤੇ ਮੁੜ ਇਨ੍ਹਾਂ ਖਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸੁਰਾਜ ਦੇਣਾ ਰਿਹਾ ਇਕ ਪਾਸੇ।
ਮਾਰ ਡਾਂਗਾਂ ਤੋੜੇ ਸਾਡੇ ਪਾਸੇ।
ਰੋਲਟ ਬਿਲ ਉਲਟਾ ਤੂੰ ਛਪਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸਾਡੇ ਨਾਲ ਜੋ ਨੇਕੀਆਂ ਕੀਤੀਆਂ।
ਸਭੇ ਘੁੱਟ ਭਰ ਕੇ ਅਸਾਂ ਪੀਤੀਆਂ।
ਭੇਤ ਸੱਭੇ ਤੇਰਾ ਅਸਾਂ ਪਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਲੋੜ ਨਹੀਂ ਤੇਰੇ ਇਨਸਾਫ਼ ਦੀ।
ਤੈਥੋਂ ਦੁੱਖੀ ਹੋਈ ਗੱਲ ਸਾਫ਼ ਦੀ।
ਮਗਰੋਂ ਲਹਿ ਜਾ ਸਾਨੂੰ ਤੂੰ ਖਾ ਲਿਆ।
ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

### ਜਾਚਕ

ਜਾਚਕ ਦਾ 'ਕਵੀ ਕੁਟੀਆਂ' ਕਲਕਤਾ ਦੁਆਰਾ ਵੈਸਾਖ ਮੇਲੇ ਨਾਲ ਸਬੰਧਿਤ ਕਵਿਤਾਵਾਂ ਦਾ ਸੰਗ੍ਰਹਿ 'ਬੀਰ ਪ੍ਰਕਾਸ਼' ਵਿਚ ਪ੍ਰਕਾਸ਼ਿਤ ਹੋਇਆ ਮਿਲਦਾ ਹੈ। ਇਸ ਵਿਚ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੂੰ ਵਿਸ਼ਾ ਬਣਾ ਕੇ ਬੈਂਤ ਛੰਦ ਵਿਚ ਰਚੀ 'ਜਲ੍ਹਿਆਂ ਵਾਲੇ ਬਾਗ਼ ਦੀ ਯਾਦ' ਪੇਸ਼ ਹੈ, ਜਿਸ ਵਿਚ ਵਿਚ ਕਵੀ ਨੇ ਖ਼ੂਨੀ ਵੈਸਾਖੀ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ :

#### ਜਲ੍ਹਿਆਂ ਵਾਲੇ ਬਾਗ਼ ਦੀ ਯਾਦ

*ਹਿਰਦਾ ਕੰਬ ਉੱਠੇ ਅੱਖਾਂ ਲੌਣ ਛਹਿਬਰ,
ਜਦੋਂ ਯਾਦ ਜਲ੍ਹਿਆਂ ਵਾਲਾ ਬਾਗ਼ ਆਵੇ।*

*ਲੱਗੀ ਪ੍ਰੇਮ ਡੋਰੀ ਮੇਰੀ ਟੁੱਟ ਜਾਵੇ,
ਗੀਤ ਗਾਉਂਦੇ ਨੂੰ ਭੁੱਲ ਰਾਗ ਜਾਵੇ।
ਧੜਕੇ ਦਿਲ, ਅੱਖਾਂ ਅੱਗੇ ਫਿਰਨ ਤਾਰੇ,
ਸੁਖੀ ਸੋਏ ਨੂੰ ਤੁਰਤ ਹੀ ਜਾਗ ਆਵੇ।
ਲੁੱਛੇ ਕਾਲਜਾ, ਤੜਫ਼ੇ ਜਾਨ ਮੇਰੀ,
ਜਦੋਂ ਯਾਦ ਦਿਲ ਜਲ੍ਹਿਆਂ ਦਾ ਬਾਗ਼ ਆਵੇ।
ਓਹੀ ਫਿਰੇ ਤਸਵੀਰ ਬਣ ਅੱਖੀਆਂ 'ਤੇ,
ਖ਼ਲਕਤ ਜੁੜੀ ਓਵੇ ਬੇ-ਸੁਮਾਰ ਦਿੱਸੇ।
ਵੀਰ ਵੀਰਨਾਂ ਨੂੰ ਮਿਲਨ ਜੱਫ਼ੀਆਂ ਪਾ,
ਓਹੀ ਏਕਤਾ ਤੇ ਓਹੀ ਪਿਆਰ ਦਿੱਸੇ।*

*ਭਾਰਤ ਮਾਤ ਜਾਏ ਓਵੇਂ ਇਕ ਥਾਂਏ,
ਮੋਮਨ, ਸਿੱਖ, ਹਿੰਦੂ ਪਾਣੀ ਪੀਂਵਦੇ ਨੇ।
ਤੱਕ ਤੱਕ ਕਰਦੇ ਅੱਖਾਂ ਠੰਡੀਆਂ ਨੇ,
ਰਿਸ਼ਤੇ ਮੁੱਦਤਾਂ ਦੇ ਟੁੱਟੇ ਸੀਂਵਦੇ ਨੇ।
ਓਸੇ ਤਰ੍ਹਾਂ 'ਆਗੂ' ਖੜ੍ਹੇ ਦੇਣ ਲੈਕਚਰ,
ਓਵੇਂ ਸੁਣਨ ਵਾਲੇ ਮੁਰਦੇ ਜੀਂਵਦੇ ਨੇ।
ਓਵੇਂ ਦੇਸ਼-ਆਜ਼ਾਦੀ ਦੀਆਂ ਹੋਣ ਸੋਚਾਂ,
ਬੰਧਨ ਹਿੰਦ ਦੇ ਓਵੇਂ ਤੁੜੀਂਵਦੇ ਨੇ।
ਓਸੇ ਤਰ੍ਹਾਂ ਓਸੇ ਗੁਠੋਂ ਗੋਰਖੇ ਲੈ,
ਡਾਇਰ ਗੰਨ ਮਸ਼ੀਨ ਗਡਾ ਦੇਵੇ।
ਭਾਰਤ ਲਾਡਲੇ ਸ਼ੇਰ ਸਪੁੱਤਰਾਂ 'ਤੇ,
ਜ਼ਾਲਮ ਗੋਲੀਆਂ ਦੀ ਝੜੀ ਲਾ ਦੇਵ।*

*ਬਿਰਧ ਬਾਲ ਓਵੇਂ ਧਾੜ-ਧਾੜ ਡਿੱਗਨ,
ਨਿੱਕੇ ਬਾਲ ਓਵੇਂ ਚਾਂਗਾਂ ਮਾਰਦੇ ਨੇ।
ਓਵੇਂ ਖ਼ੂਨ ਧਾਰਾਂ ਨਿਕਲਨ ਸੀਨਿਆਂ 'ਚੋਂ,
ਓਵੇਂ ਵੈਣ ਪੈਂਦੇ ਹਾ!!ਹਾ!! ਕਾਰ ਦੇ ਨੇ।
ਕੰਬੇ ਧਰਤ ਅਸਮਾਨ ਭੁਚਾਲ ਵਾਂਗੂ,
ਘਾਇਲ ਪਏ ਤੜਫਣ ਚੀਕਾਂ ਮਾਰਦੇ ਨੇ।
ਜ਼ਾਲਮ ਕੈਹਰ ਕੀਤੋ ਈ ਬੇਦੋਸ਼ਿਆ 'ਤੇ,
ਰੋਵਨ ਰੁੱਖ, ਪੱਤੇ ਧਾਹੀ ਮਾਰਦੇ ਨੇ।
ਮਾਵਾਂ ਪੁੱਤ ਓਵੇਂ ਮਿੱਟੀ ਵਿਚ ਰੁਲਦੇ,
ਦਿਸਣ ਭੈਣ ਭਾਈ ਪਤੀ ਨਾਰੀਆਂ ਦੇ।*

*ਓਸੇ ਤਰ੍ਹਾਂ ਸ਼ਹੀਦਾਂ ਦਾ ਖ਼ੂਨ ਵਹਿ ਕੇ,
ਠਾਠਾਂ ਮਾਰਦਾ ਵਿਚ ਕਿਆਰੀਆਂ।*

*ਓਸੇ ਤਰ੍ਹਾਂ ਫੱਟੜ ਪਾਣੀ ਪਏ ਮੰਗਣ,
ਓਵੇਂ ਲੋਥ ਉੱਤੇ ਲੋਥ ਚੜ੍ਹੀ ਦਿੱਸੇ!
ਓਵੇਂ ਪਸ਼ੂ ਪੰਛੀ ਤ੍ਰਾਹ ਤ੍ਰਾਹ ਕਰਦੇ,
ਓਵੇਂ ਗ਼ਜ਼ਬ ਦੀ ਗੁਜ਼ਰਦੀ ਘੜੀ ਦਿੱਸੇ!
ਜ਼ਾਲਮ ਡਾਇਰ ਓਵੇਂ ਦਿਸੇ ਫਾਇਰ ਕਰਦਾ,
ਓਵੇਂ ਗੋਰਖਿਆਂ ਦੀ ਧਾੜ ਖੜੀ ਦਿੱਸੇ!
ਦੇਸ਼ ਸੇਵਕਾਂ ਕੌਮੀ ਬਹਾਦਰਾਂ 'ਤੇ,
ਲੱਗੀ ਅਰਸ਼ ਤੋਂ ਫੁੱਲਾਂ ਦੀ ਝੜੀ ਦਿੱਸੇ!
ਕੌਮੀ ਲਾਲ ਕੁਰੀਂਵਦੇ ਦਿੱਸਨ ਓਵੇਂ,
ਨਕਸ਼ਾ ਵੇਖ ਮੈ ਸੁਧ ਵਿਸਰਾ ਡਿੱਗਾ!
ਕਈ ਕਈ ਦਿਨ ਇਸ ਤਰ੍ਹਾਂ ਲੰਘ ਜਾਵਨ,
ਆਵੇ ਹੋਸ਼ ਤਾਂ ਫੇਰ ਗਸ਼ ਖਾ ਡਿੱਗਾਂ!*

### ਮੁਹੰਮਦ ਹੁਸੈਨ ਅਰਸ਼ਦ ਅੰਮ੍ਰਿਤਸਰੀ

ਇਸ ਕਵੀ ਦੁਆਰਾ 'ਸਿਆਪਾ ਡਾਇਰ ਦਾ' ਉਨਵਾਨ ਅਧੀਨ ਫ਼ਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਇਕ ਚੌਵਰਕੀ ਪ੍ਰਾਪਤ ਹੈ। ਇਸ ਦੇ ਸਰਵਰਕ ਉਪਰ ਦਰਜ ਸੂਚਨਾ ਅਨੁਸਾਰ ਕਵੀ ਅੰਮ੍ਰਿਤਸਰ ਦਾ ਵਸਨੀਕ ਅਤੇ ਜਨਾਬ ਸਯਦ ਸਾਦਕ ਅੰਮ੍ਰਿਤਸਰੀ ਦਾ ਸ਼ਾਗਿਰਦ ਸੀ। 'ਲੱਗੇ ਗੋਲ਼ੀ ਡਾਇਰ ਓ ਤੇਰੇ, ਜਲ੍ਹਿਆਂ ਵਾਲੇ ਬਾਗ਼ ਤੇ ਜ਼ੁਲਮ-ਕਮਾਇਆ' ਟੇਕ ਰੱਖ ਕੇ ਲਿਖੇ ਗਏ ਗੀਤ ਵਿਚ ਕਵੀ ਨੇ ਪੰਜਾਬੀਆਂ ਵੱਲੋਂ ਕੀਤੀ ਗਈ ਕੁਰਬਾਨੀ ਦੀ ਸਰਾਹਨਾ ਕੀਤੀ ਹੈ ਅਤੇ ਜਨਰਲ ਡਾਇਰ ਵੱਲੋਂ ਵਿਖਾਈ ਗਈ ਸੰਗਦਿਲੀ ਕਾਰਨ ਉਸ ਨੂੰ ਫਿੱਟ-ਲਾਅਨਤ ਪਾਈ ਹੈ।

#### ਲੱਗੇ ਗੋਲ਼ੀ ਡਾਇਰ ਓ ਤੇਰੇ

*ਜਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ
ਲਾਸ਼ਾਂ ਦਾ ਤੂੰ ਢੇਰ ਲਗਾਇਆ
ਤਰਸ ਦਿਲੇ ਵਿਚ ਮੂਲ ਨਾ ਆਇਆ
ਮਦਨ ਮੋਹਨ ਨੂੰ ਮਾਰ ਮੁਕਾਇਆ
ਬੱਸ ਨਹੀਂ ਕੁਛ ਮੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜੱਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਆਸੇ ਪਾਸੇ ਲੁੱਕ ਛਿਪ ਬਹਿੰਦੇ
ਗੋਲ਼ੀਆਂ ਤੇਰੀਆਂ ਸੀਨੇ ਸਹਿੰਦੇ
ਆਖ਼ਰ ਮਰ-ਮਰ ਲੰਬੇ ਪੈਂਦੇ
ਮੌਤ ਨੇ ਪਾ ਲਏ ਘੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜੱਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਏਹੀ ਦਿਲ ਦੀਆਂ ਦਿਲ ਵਿਚ ਮੇਰੇ
ਬਦਲੇ ਲੈਂਦੇ ਡਾਇਰ ਤੇਰੇ
ਇਹ ਦੁਆ ਹੈ ਸ਼ਾਮ ਸਵੇਰੇ
ਮੌਲਾ ਮੇਰੇ ਦਿਨਾਂ ਨੂੰ ਫੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਹਿੰਦੂ, ਮੁਸਲਿਮ ਹੋ ਗਏ 'ਕੱਠੇ
ਨਾਲੇ ਖ਼ਾਲਸਾ ਭਾਈ ਰੱਲ ਕੇ
ਖ਼ਿਦਮਤ ਹਿੰਦ ਦੀ ਕਰਦੇ
ਗਾਂਧੀ ਦੇ ਬਣ ਕੇ ਚੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਆਰਜ਼ੂ ਦਿਲ ਦੀ ਇਹ ਹੈ ਮੇਰੀ
ਹੱਥ ਮੇਂ ਕੰਗਨਾ ਪੈਰੀ ਬੇੜੀ
ਨਾਲੇ ਸਿਹਰਾ ਬੰਨ੍ਹ ਕੇ ਜੀ
ਇਕ ਦਿਨ ਲੈਂਦੇ ਫੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ।*

*ਆਜ਼ਜ਼ ਗ਼ੁਲਾਮ ਰਸੂਲ ਪੁਕਾਰੇ
ਦਿਨ ਰਾਤੀਂ ਸ਼ਾਮ ਸਵੇਰੇ
ਲੱਗੇ ਗੋਲ਼ੀ ਡਾਇਰ ਓ ਤੇਰੇ
ਜਲ੍ਹਿਆਂ ਵਾਲੇ ਬਾਗ਼ 'ਤੇ
ਜ਼ੁਲਮ ਕਮਾਇਆ। •*

# ਪੰਜਾਬ ਪੁਲਿਸ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਰੋਡਮੈਪ ਤਿਆਰ

➢ ਡੀਜੀਪੀ ਗੌਰਵ ਯਾਦਵ ਵੱਲੋਂ ਨਸ਼ਾ ਪੀੜਤਾਂ ਨੂੰ ਵੱਡੇ ਨਸ਼ਾ ਸਪਲਾਇਰਾਂ ਨੂੰ ਵੱਖ ਕਰਕੇ, ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਅਤੇ ਨਸ਼ਾ ਪੀੜਤਾਂ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਪ੍ਰੇਰਿਤ ਕਰਨ ਦਾ ਐਲਾਨ ➢ ਡੀਜੀਪੀ ਪੰਜਾਬ ਨੇ ਜਲੰਧਰ ਵਿਖੇ ਸੀਨੀਅਰ ਫੀਲਡ ਅਫਸਰਾਂ ਨਾਲ ਸੂਬਾ ਪੱਧਰੀ ਸਮੀਖਿਆ ਮੀਟਿੰਗ ਕੀਤੀ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਜਿਸ ਵਿੱਚ 15,000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਮਿਲੀ ਸ਼ਾਨਦਾਰ ਸਫਲਤਾ ਤੋਂ ਬਾਅਦ ਪੰਜਾਬ ਪੁਲਿਸ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਰੋਡਮੈਪ ਤਿਆਰ ਕੀਤਾ ਹੈ। ਇਹ ਐਲਾਨ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕੀਤਾ।

ਉਨ੍ਹਾਂ ਕਿਹਾ ਕਿ ਇਸ ਉਦੇਸ਼ ਦੀ ਪ੍ਰਾਪਤੀ ਲਈ ਨਸ਼ਿਆਂ ਦੇ ਨੈੱਟਵਰਕ ਨੂੰ ਨਸ਼ਟ ਕਰਨ ਲਈ ਦੋ-ਪੱਖੀ ਰਣਨੀਤੀ ਅਪਣਾਈ ਜਾ ਰਹੀ ਹੈ, ਜਿਸ ਵਿੱਚ ਵੱਡੇ ਨਸ਼ਾ ਸਪਲਾਇਰਾਂ/ਤਸਕਰਾਂ ਨੂੰ ਨਸ਼ਾ ਪੀੜਤਾਂ ਤੋਂ ਵੱਖ ਕੀਤਾ ਜਾ ਰਿਹਾ ਹੈ ਜਿਸ ਤਹਿਤ ਤਸਕਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ, ਜਦੋਂ ਕਿ ਨਸ਼ਾ ਪੀੜਤਾਂ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ, ÷ਸਾਡਾ ਉਦੇਸ਼ ਨਸ਼ੀਲੇ ਪਦਾਰਥਾਂ ਦੇ ਅਸਲ ਡੀਲਰਾਂ ਨੂੰ ਅਲੱਗ ਕਰਕੇ ਅਤੇ ਸਖ਼ਤ ਸਜ਼ਾ ਦੇ ਕੇ ਸਪਲਾਈ ਲੜੀ ਨੂੰ ਤੋੜਨਾ ਹੈ, ਜਦੋਂ ਕਿ ਨਸ਼ਾ ਪੀੜਤਾਂ ਦੀ ਰਿਕਵਰੀ ਲਈ ਹਮਦਰਦੀ ਭਰਿਆ ਰਵੱਈਆ ਅਪਣਾਉਣਾ ਹੈ।÷ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਡੀਲਰਾਂ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਅਤੇ ਨਸ਼ਾ ਪੀੜਤਾਂ ਦੇ ਪੁਨਰਵਾਸ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਡੀਜੀਪੀ ਪੀਏਪੀ ਕੰਪਲੈਕਸ ਜਲੰਧਰ ਵਿਖੇ ਸੂਬੇ ਵਿੱਚ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ, ਸੂਬੇ ਦੀ ਕਾਨੂੰਨ ਵਿਵਸਥਾ ਅਤੇ ਅੰਦਰੂਨੀ ਸੁਰੱਖਿਆ ਸਥਿਤੀ ਸਬੰਧੀ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਲਈ ਸੂਬਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਇਸ ਮੌਕੇ ਡੀਜੀਪੀ ਦੇ ਨਾਲ ਸਪੈਸ਼ਲ ਡੀਜੀਪੀ ਅੰਦਰੂਨੀ ਸੁਰੱਖਿਆ ਆਰ.ਐਨ. ਢੋਕੇ, ਸਪੈਸ਼ਲ ਡੀਜੀਪੀ ਐਂਟੀ-ਨਾਰਕੋਟਿਕਸ ਫੋਰਸ (ਏਐਨਟੀਐਫ) ਕੁਲਦੀਪ ਸਿੰਘ, ਸਪੈਸ਼ਲ ਡੀਜੀਪੀ ਕਾਨੂੰਨ ਵਿਵਸਥਾ ਅਰਪਿਤ ਸ਼ੁਕਲਾ, ਏਡੀਜੀਪੀ ਏਐਨਟੀਐਫ ਨੀਲਾਭ ਕਿਸ਼ੋਰ ਅਤੇ ਆਈਜੀਪੀ ਹੈੱਡਕੁਆਟਰ ਡਾ. ਸੁਖਚੈਨ ਸਿੰਘ ਗਿੱਲ ਮੌਜੂਦ ਸਨ। ਇਸ ਦੇ ਨਾਲ ਹੀ ਮੀਟਿੰਗ ਵਿੱਚ ਪੰਜਾਬ ਦੇ ਸਾਰੇ ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸਐਸਪੀਜ਼), ਕਮਿਸ਼ਨਰ ਆਫ ਪੁਲਿਸ (ਸੀਪੀਜ਼), ਅਤੇ ਰੇਂਜ ਆਈਜੀਜ਼/ਡੀਆਈਜੀਜ਼ ਵੀ ਮੌਜੂਦ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਸੂਚੀ-ਅਧਾਰਤ ਲਾਗੂਕਰਨ ਤੋਂ ਆਪਣਾ ਧਿਆਨ ਸੂਚਨਾ-ਅਧਾਰਤ ਲਾਗੂਕਰਨ ਵੱਲ ਕੇਂਦਰਿਤ ਕੀਤਾ ਹੈ ਤਾਂ ਜੋ ਸੇਫ਼ ਪੰਜਾਬ ਚੈਟਬੋਟ 'ਤੇ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ 'ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ, ÷ਸਾਡਾ ਮੁੱਖ ਧਿਆਨ ਸੇਫ਼ ਪੰਜਾਬ ਚੈਟਬੋਟ ਨੂੰ ਹੋਰ ਉਤਸ਼ਾਹਿਤ ਕਰਨਾ ਹੈ ਤਾਂ ਜੋ ਜਨਤਾ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰਕੇ ਨਸ਼ਿਆਂ ਦੀ ਵਿਕਰੀ ਦੇ ਪੱਧਰ 'ਤੇ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਲੋਕਾਂ ਨੂੰ ਸੇਫ਼ ਪੰਜਾਬ ਚੈਟਬੋਟ: 9779100200 'ਤੇ ਗੁਪਤ ਰੂਪ ਵਿੱਚ ਨਸ਼ਿਆਂ ਨਾਲ ਸਬੰਧਤ ਜਾਣਕਾਰੀ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨੇ ਆਪਣੀ ਰਣਨੀਤੀ ਦੇ ਹਮਦਰਦੀ ਵਾਲੇ ਪਹਿਲੂ ਨੂੰ ਉਜਾਗਰ ਕਰਦਿਆਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਥੋੜ੍ਹੀ ਮਾਤਰਾ ਨਾਲ ਫੜੇ ਗਏ 1,121 ਨਸ਼ਾ ਪੀੜਤਾਂ ਨਾਲ ਅਪਰਾਧੀਆਂ ਵਾਂਗ ਵਿਵਹਾਰ ਕਰਨ ਦੀ ਬਜਾਏ ਉਨ੍ਹਾਂ ਨੂੰ ਐਨਡੀਪੀਐਸ ਐਕਟ ਦੀ ਧਾਰਾ 64-ਏ ਤਹਿਤ ਮੁੜ ਵਸੇਬੇ ਲਈ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ, ਪੁਲਿਸ ਨੇ 5,786 ਨਸ਼ਾ ਪੀੜਤਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਲਈ ਭੇਜਿਆ ਗਿਆ ਹੈ ਅਤੇ ਹੋਰ 6,483 ਨਸ਼ਾ ਪੀੜਤਾਂ ਨੂੰ ਓਓਏਟੀ ਕਲੀਨਿਕਾਂ ਵਿੱਚ ਇਲਾਜ ਪ੍ਰਾਪਤ ਕਰਨ ਲਈ ਪ੍ਰੇਰਿਆ ਹੈ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਨਤੀਜੇ ਸਾਂਝੇ ਕਰਦਿਆਂ ਡੀਜੀਪੀ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ 1 ਮਾਰਚ, 2025 ਤੋਂ ਹੁਣ ਤੱਕ 9087 ਐਫਆਈਆਰ ਦਰਜ ਕੀਤੀਆਂ ਹਨ ਅਤੇ 15,495 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 607 ਕਿਲੋ ਹੈਰੋਇਨ, 249 ਕਿਲੋ ਅਫੀਮ, 14 ਟਨ ਭੁੱਕੀ, 9 ਕਿਲੋ ਚਰਸ, 263 ਕਿਲੋ ਗਾਂਜਾ, 2.5 ਕਿਲੋ ਆਈਸੀਈ, 1.6 ਕਿਲੋ ਕੋਕੀਨ, 26.35 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 10.83 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ, 144 ਨਸ਼ਾ ਤਸਕਰਾਂ ਦੀਆਂ 74.27 ਕਰੋੜ ਰੁਪਏ ਦੀਆਂ ਗੈਰ-ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤੀਆਂ ਜਾਇਦਾਦਾਂ ਨੂੰ ਫਰੀਜ਼ ਕੀਤਾ ਗਿਆ ਹੈ।

ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਜ਼ਮਾਨਤ 'ਤੇ ਰਿਹਾਅ ਹੋਏ ਵੱਡੇ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਅਤੇ ਨਿਗਰਾਨੀ ਲਈ ਜੀਪੀਐਸ ਐਂਕਲੇਟਸ ਦੀ ਵਰਤੋਂ ਕਰਨ ਦੀ ਵੀ ਪੜਚੋਲ ਕਰ ਰਹੀ ਹੈ। ਉਨ੍ਹਾਂ ਕਿਹਾ, ਅਸੀਂ ਸਮਰੱਥ ਅਦਾਲਤ ਦੀ ਪ੍ਰਵਾਨਗੀ ਨਾਲ ਜੀਪੀਐਸ ਐਂਕਲੇਟਸ ਰਾਹੀਂ ਜ਼ਮਾਨਤ 'ਤੇ ਰਿਹਾਅ ਹੋਏ ਵੱਡੇ ਤਸਕਰਾਂ ਦੀਆਂ ਗਤੀਵਿਧੀਆਂ ਨੂੰ ਟਰੈਕ ਕਰਨ ਅਤੇ ਨਿਗਰਾਨੀ ਕਰਨ ਲਈ ਕਾਨੂੰਨੀ ਪੱਖ ਤੋਂ ਪ੍ਰਸਤਾਵ ਦੀ ਜਾਂਚ ਕਰ ਰਹੇ ਹਾਂ।

# ਬਿਰਧ ਆਸ਼ਰਮ ਤਪਾ ਵਿੱਚ ਬਜ਼ੁਰਗਾਂ ਨੂੰ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ ਸਹੂਲਤਾਂ: ਡਿਪਟੀ ਕਮਿਸ਼ਨਰ

**ਬਰਨਾਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਸਰਕਾਰ ਵਲੋਂ ਤਪਾ ਵਿਖੇ ਬਾਬਾ ਫੂਲ ਸਰਕਾਰੀ ਬਿਰਧ ਆਸ਼ਰਮ ਦੀ ਸਹੂਲਤ ਦਿੱਤੀ ਗਈ ਹੈ।

ਇਹ ਬਿਰਧ ਆਸ਼ਰਮ 72 ਬੈੱਡਾਂ ਦਾ ਹੈ, ਜਿਥੇ ਬਜ਼ੁਰਗ ਰਹਿ ਵੀ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਵੀ ਲੋੜਵੰਦ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿਣਾ ਚਾਹੁੰਦੇ ਹਨ ਉਹ ਆਪਣਾ ਅਧਾਰ ਕਾਰਡ ਲੈ ਕੇ ਤਹਿਸੀਲ ਕੰਪਲੈਕਸ, ਨੇੜੇ ਸੇਵਾ ਕੇਂਦਰ, ਹੰਡਿਆਇਆ ਰੋਡ, ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਬਰਨਾਲਾ ਜਾਂ ਆਪਣੇ ਬਲਾਕ ਨਾਲ ਸਬੰਧਤ ਦਫ਼ਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ (ਸੀ ਡੀ ਪੀ ਓ) ਵਿਖੇ ਜਾ ਕੇ ਆਪਣੀ ਰਜਿਸਟੇਰਸ਼ਨ ਕਰਵਾ ਸਕਦੇ ਹਨ।

ਡਿਪਟੀ ਕਮਿਸ਼ਨਰ ਵੱਲੋਂ ਇਹ ਵੀ ਦੱਸਿਆ ਗਿਆ ਕਿ ਜੋ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿ ਰਹੇ ਹਨ, ਉਨ੍ਹਾਂ ਨੂੰ ਰਹਿਣ ਲਈ ਕਮਰੇ, ਸਿਹਤ ਅਤੇ ਮੈਡੀਕਲ ਸੇਵਾਵਾਂ, ਖਾਣਾ ਪੀਣਾ, ਕੱਪੜੇ, ਸੁਰੱਖਿਆ ਅਤੇ ਸੰਭਾਲ, ਲਾਇਬ੍ਰੇਰੀ ਅਤੇ ਹੋਰ ਆਧੁਨਿਕ ਸਹੂਲਤਾਂ ਮੁਫਤ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਰਜਿਸਟ੍ਰੇਸ਼ਨ ਵਾਸਤੇ ਸਬੰਧਤ ਬਜ਼ੁਰਗ ਦਾ ਨਾਮ, ਪਿਤਾ ਦਾ ਨਾਮ, ਮੌਜੂਦਾ ਰਿਹਾਇਸ਼, ਮੋਬਾਈਲ ਨੰਬਰ, ਆਧਾਰ ਕਾਰਡ ਨੰਬਰ ਆਦਿ ਲੋੜੀਂਦਾ ਹੈ। ਵਧੇਰੇ ਜਾਣਕਾਰੀ ਲਈ 0167929110, 9780356117 'ਤੇ ਸੰਪਰਕ ਕੀਤਾ ਜਾਵੇ।

# ਖੇਤੀ ਵਿਭਿੰਨਤਾ - ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ 6 ਜ਼ਿਲ੍ਹਿਆਂ ਵਿੱਚ ਪਾਇਲਟ ਪ੍ਰੋਜੈਕਟ ਸ਼ੁਰੂ

➢ 10000 ਹੈਕਟੇਅਰ ਰਕਬੇ ਵਿੱਚ ਕਿਸਾਨਾਂ ਨੂੰ ਝੋਨੇ ਤੋਂ ਬਦਲ ਕੇ ਮੱਕੀ ਦੀ ਕਾਸ਼ਤ ਕਰਵਾਉਣ ਦਾ ਟੀਚਾ ➢ ਕਿਸਾਨ ਨੂੰ ਪ੍ਰਤੀ ਹੈਕਟੇਅਰ ਮਿਲੇਗੀ 17500 ਰੁਪਏ ਦੀ ਪ੍ਰੋਤਸਾਹਨ ਰਾਸ਼ੀ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਗਰੂਰ, 8 ਜੂਨ, 2025: ਸੂਬੇ ਵਿੱਚ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ, ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਕਿਸਾਨਾਂ ਨੂੰ ਆਰਥਿਕ ਪੱਖੋਂ ਹੋਰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਝੋਨੇ ਦੇ ਬਦਲ ਵਜੋਂ ਮੱਕੀ ਦੀ ਫ਼ਸਲ ਬੀਜਣ ਦੀ ਅਪੀਲ ਕੀਤੀ ਹੈ। ਝੋਨੇ ਹੇਠਲੇ ਰਕਬੇ ਨੂੰ ਘਟਾ ਕੇ ਮੱਕੀ ਹੇਠ ਲਿਆਉਣ ਲਈ ਸਰਕਾਰ ਵੱਲੋਂ ਇਕ ਪਾਇਲਟ ਪ੍ਰੋਜੈਕਟ ਲਿਆਂਦਾ ਗਿਆ ਹੈ। ਇਸ ਪਾਇਲਟ ਪ੍ਰੋਜੈਕਟ ਤਹਿਤ ਪੰਜਾਬ ਦੇ 6 ਜ਼ਿਲ੍ਹਿਆਂ ਸੰਗਰੂਰ, ਬਠਿੰਡਾ, ਪਠਾਨਕੋਟ, ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ ਵਿੱਚ 10000 ਹੈਕਟੇਅਰ ਰਕਬੇ ਵਿੱਚ ਕਿਸਾਨਾਂ ਨੂੰ ਝੋਨੇ ਤੋਂ ਬਦਲ ਕੇ ਮੱਕੀ ਦੀ ਕਾਸ਼ਤ ਕਰਵਾਉਣ ਦਾ ਟੀਚਾ ਹੈ। ਇਸ ਬਦਲੇ ਕਿਸਾਨਾਂ ਨੂੰ 17500/- ਪ੍ਰਤੀ ਹੈਕਟੇਅਰ ਪ੍ਰੋਤਸ਼ਾਹਨ ਰਾਸ਼ੀ ਦਿੱਤੀ ਜਾਵੇਗੀ ਅਤੇ ਮੱਕੀ ਦੀ 2400 ਰੁਪਏ ਐਮ.ਐਸ.ਪੀ. 'ਤੇ ਖਰੀਦ ਯਕੀਨੀ ਬਣਾਈ ਜਾਵੇਗੀ।

ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਵੱਲੋਂ ਪੈਟਰੋਲ ਵਿੱਚ 20 ਫੀਸਦੀ ਐਥਾਨੋਲ ਮਿਲਾਉਣ ਨੂੰ ਹਰੀ ਝੰਡੀ ਦੇਣ ਨਾਲ ਐਥਾਨੋਲ ਦੀ ਡਿਮਾਂਡ ਵੱਧ ਗਈ ਹੈ। ਐਥਾਨੋਲ ਮੱਕੀ ਦੀ ਫ਼ਸਲ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਸ ਕਾਰਨ ਮੱਕੀ ਦੀ ਵੀ ਮੰਗ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਇਸ ਮੰਗ ਨੂੰ ਪੂਰਾ ਕਰਨ ਲਈ ਵੱਧ ਤੋਂ ਵੱਧ ਕਿਸਾਨਾਂ ਨੂੰ ਮੱਕੀ ਦੀ ਫ਼ਸਲ ਦੀ ਪੈਦਾਵਾਰ ਕਰਨ ਵੱਲ ਉਤਸ਼ਾਹਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੱਕੀ ਦੀ ਫ਼ਸਲ ਬੀਜਣ ਨਾਲ ਜਿੱਥੇ ਸੂਬੇ ਵਿੱਚ ਖੇਤੀ ਵਿਭਿੰਨਤਾ ਆਵੇਗੀ, ਉੱਥੇ ਹੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਕਿਸਾਨਾਂ ਦੀ ਆਰਥਿਕ ਉੱਨਤੀ ਦਾ ਰਾਹ ਵੀ ਪੱਧਰਾ ਹੋਵੇਗਾ।

ਪੰਜਾਬ ਸਰਕਾਰ ਵੱਲੋਂ ਪਾਇਲਟ ਪ੍ਰੋਜੈਕਟ ਤਹਿਤ ਜ਼ਿਲ੍ਹਾ ਸੰਗਰੂਰ ਅਤੇ ਗੁਰਦਾਸਪੁਰ ਵਿੱਚ 2000-2000 ਹੈਕਟੇਅਰ, ਪਠਾਨਕੋਟ, ਜਲੰਧਰ, ਬਠਿੰਡਾ ਅਤੇ ਕਪੂਰਥਲਾ ਵਿੱਚ 1500-1500 ਹੈਕਟੇਅਰ ਝੋਨੇ ਵਾਲੀ ਖੇਤਾਂ ਵਿਚ ਮੱਕੀ ਦੀ ਖੇਤੀ ਕਰਾਉਣ ਦਾ ਟੀਚਾ ਹੈ। ਸਿਰਫ ਉਹਨਾਂ ਖੇਤਾਂ ਵਿੱਚ ਹੀ ਮੱਕੀ ਬਿਜਵਾਈ ਜਾਵੇਗੀ ਜਿੱਥੇ ਪਹਿਲਾਂ ਝੋਨਾ ਬੀਜਿਆ ਜਾਂਦਾ ਰਿਹਾ ਹੈ।

ਟੀਚੇ ਨੂੰ ਪ੍ਰਾਪਤ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਮੱਕੀ ਬੀਜਣ ਵਾਲੇ ਕਿਸਾਨਾਂ ਦੀ ਰਜਿਸਟ੍ਰੇਸ਼ਨ, ਖੇਤ ਮੁੱਦਿਆਂ ਅਤੇ ਤਕਨੀਕੀ ਸਲਾਹ ਵਿੱਚ ਮਦਦ ਲਈ ਹਰ ਪਿੰਡ ਵਿੱਚ ਸਿਖਲਾਈ ਪ੍ਰਾਪਤ ਕਿਸਾਨ ਮਿੱਤਰ (ਕਿਸਾਨ ਦੋਸਤ) ਨਿਯੁਕਤ ਕੀਤੇ ਗਏ ਹਨ, ਜੋ ਕਿਸਾਨਾਂ ਹਰ ਤਰ੍ਹਾਂ ਦੀ ਸਹਾਇਤਾ ਲਈ ਮੌਜੂਦ ਰਹਿਣਗੇ। ਮੱਕੀ ਦੀ ਨਵੀਨਤਮ ਮਸ਼ੀਨਰੀ 'ਤੇ ਸਬਸਿਡੀ ਉਪਲੱਬਧ ਕਰਵਾਈ ਜਾ ਰਹੀ ਹੈ। ਪੰਜਾਬ ਦੇ ਬਾਕੀ ਦੇ ਖੇਤਰ ਅਤੇ ਜ਼ਿਲ੍ਹਿਆਂ ਨੂੰ ਸੀ.ਡੀ.ਪੀ./ਆਰ.ਕੇ.ਵੀ. ਵਾਈ ਸਕੀਮ ਤਹਿਤ 35000 ਹੈਕਟੇਅਰ ਪ੍ਰਦਰਸ਼ਨੀਆਂ ਤੇ 10,000 ਪ੍ਰਤੀ ਹੈਕਟੇਅਰ ਦੀ ਦਰ ਨਾਲ ਕਿਸਾਨਾਂ ਨੂੰ ਮੱਕੀ ਦਾ ਬੀਜ ਅਤੇ ਹੋਰ ਇਨਪੁਟਸ ਜਿਵੇਂ ਕਿ ਖਾਦਾਂ, ਦਵਾਈਆਂ ਆਦਿ ਸਹਾਇਤਾ ਦੇ ਤੌਰ 'ਤੇ ਦਿੱਤੇ ਜਾਣਗੇ।

ਸੰਗਰੂਰ ਦੇ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਬਸਿਡੀ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ਤੇ ਕਿਸਾਨਾਂ ਨੂੰ ਦਿੱਤੀ ਜਾਵੇਗੀ।ਇਹ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਖੇਤੀ ਵਿੱਚ ਨਵੀਂ ਉਮੀਦ ਜਗਾਉਣ ਦਾ ਮੌਕਾ ਹੈ। ਉਹਨਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕੋਈ ਸਰਕਾਰ ਅਜਿਹੀ ਪ੍ਰੋਤਸਾਹਨ ਰਾਸ਼ੀ ਦੇ ਰਹੀ ਹੈ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤੀਬਾੜੀ ਵਿਭਾਗ ਨਾਲ ਮਿਲ ਕੇ ਮੱਕੀ ਦੀ ਖੇਤੀ ਨੂੰ ਨਵੀਂ ਉਚਾਈਆਂ 'ਤੇ ਲੈ ਜਾਣ ਵਿੱਚ ਸਹਿਯੋਗ ਕਰਨ। ਉਹਨਾਂ ਕਿਹਾ ਕਿ ਕਿਸਾਨ ਵੀਰ ਵਧੇਰੇ ਜਾਣਕਾਰੀ ਲਈ ਖੇਤੀਬਾੜੀ ਵਿਕਾਸ ਅਧਿਕਾਰੀ, ਬਲਾਕ ਖੇਤੀਬਾੜੀ ਅਫਸਰ ਅਤੇ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਨਾਲ ਵੀ ਸੰਪਰਕ ਕਰ ਸਕਦੇ ਹਨ।

ਜ਼ਿਲ੍ਹਾ ਸੰਗਰੂਰ ਦੇ ਮੁੱਖ ਖੇਤੀਬਾੜੀ ਅਫ਼ਸਰ ਸ੍ਰ. ਧਰਮਿੰਦਰਜੀਤ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿੱਚ 9 ਜੂਨ ਤੋਂ ਝੋਨੇ ਦੀ ਬਿਜਾਈ ਸ਼ੁਰੂ ਹੋਣੀ ਹੈ। ਮੱਕੀ ਦੀ ਬਿਜਾਈ ਜੂਨ ਮਹੀਨੇ ਦੀ ਅਖੀਰ ਤੱਕ ਕੀਤੀ ਜਾ ਸਕਦੀ ਹੈ। ਜਿਸ ਲਈ ਉਹਨਾਂ ਕਿਸਾਨਾਂ ਨੂੰ ਅਪੀਲ ਕਿ ਉਹ ਝੋਨੇ ਦੀ ਬਿਜਾਏ ਮੱਕੀ ਬੀਜਣ ਨੂੰ ਪਹਿਲ ਦੇਣ।

ਜ਼ਿਲ੍ਹਾ ਸੰਗਰੂਰ ਦੇ ਕਿਸਾਨਾਂ ਨੂੰ ਮੱਕੀ ਦੀ ਫ਼ਸਲ ਵੇਚਣ ਵਿੱਚ ਕੋਈ ਵੀ ਦਿੱਕਤ ਪੇਸ਼ ਨਹੀਂ ਆਵੇਗੀ, ਕਿਉਂਕਿ ਪੰਜਾਬ ਵਿੱਚ ਵੀ ਕਈ ਜਗ੍ਹਾ ਐਥਾਨੋਲ ਦੀਆਂ ਫੈਕਟਰੀਆਂ ਲੱਗ ਚੁੱਕੀਆਂ ਹਨ।

# ਪਿੰਡ ਕਲਾਲਮਾਜਰਾ ਵਿੱਚ ਕਿਸਾਨ ਗੱਲਬਾਤ ਪ੍ਰੋਗਰਾਮ ਕਰਾਇਆ



**ਬਰਨਾਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਸੀਏਆਰ ਦੇ ਵਿਗਿਆਨੀਆਂ ਅਤੇ ਰਾਜ ਖੇਤੀਬਾੜੀ ਵਿਭਾਗ ਪੰਜਾਬ ਦੇ ਅਧਿਕਾਰੀਆਂ ਦੁਆਰਾ ਵਿਕਸਤ ਕ੍ਰਿਸ਼ੀ ਸੰਕਲਪ ਅਭਿਆਨ 2025 ਤਹਿਤ ਪਿੰਡ ਕਲਾਲਮਾਜਰਾ ਵਿੱਚ ਕਿਸਾਨ ਗੱਲਬਾਤ ਪ੍ਰੋਗਰਾਮ ਕਰਾਇਆ ਗਿਆ।

ਇਸ ਮੌਕੇ ਵਿਕਸਤ ਕ੍ਰਿਸ਼ੀ ਸੰਕਲਪ ਅਭਿਆਨ 2025 ਰਾਹੀਂ ਖੇਤੀਬਾੜੀ ਭਾਈਚਾਰਿਆਂ ਨੂੰ ਸਸ਼ਕਤ ਬਣਾਉਣ ਲਈ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਕੇ, ਕਿਸਾਨਾਂ ਨੂੰ ਦਰਪੇਸ਼ ਮੁੱਦਿਆਂ ਨੂੰ ਹੱਲ ਕਰਕੇ ਅਤੇ ਵਿਗਿਆਨਕ ਤਕਨੀਕਾਂ ਨੂੰ ਅਪਣਾਉਣ ਨੂੰ ਉਤਸ਼ਾਹਿਤ ਕਰਕੇ ਭਾਰਤੀ ਖੇਤੀਬਾੜੀ ਨੂੰ ਬਦਲਣ ਲਈ ਸਰਕਾਰ ਦੇ ਯਤਨਾਂ ਨੂੰ ਉਜਾਗਰ ਕੀਤਾ ਗਿਆ।

ਇਸ ਮੌਕੇ ਮੱਕੀ ਦੀ ਕਾਸ਼ਤ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਜਿਸ ਵਿੱਚ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਵਪਾਰਕ ਉਦੇਸ਼ਾਂ ਲਈ ਵੀ ਵੱਡੀ ਸੰਭਾਵਨਾ ਹੈ। ਕਿਸਾਨਾਂ ਨੂੰ ਆਧੁਨਿਕ ਮੱਕੀ ਦੀ ਖੇਤੀ ਦੇ ਤਰੀਕਿਆਂ, ਬੀਜਾਂ ਦੀ ਚੋਣ ਅਤੇ ਏਕੀਕ੍ਰਿਤ ਪੌਸ਼ਟਿਕ ਪ੍ਰਬੰਧਨ ਬਾਰੇ ਅਪਡੇਟ ਦਿੱਤੇ ਗਏ। ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਘੱਟ ਕਰਨ ਅਤੇ ਆਮਦਨ ਵਧਾਉਣ ਲਈ, ਵਾਢੀ ਤੋਂ ਬਾਅਦ ਦੇ ਵੱਖ-ਵੱਖ ਪ੍ਰੋਸੈਸਿੰਗ ਤਕਨੀਕਾਂ ਪੇਸ਼ ਕੀਤੀਆਂ ਗਈਆਂ। ਕਿਸਾਨਾਂ ਨੂੰ ਸਹੀ ਸੁਕਾਉਣ, ਗਰੇਡਿੰਗ ਤੇ ਸਟੋਰੇਜ ਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ, ਨਾਲ ਹੀ ਛੋਟੇ ਪੈਮਾਨੇ 'ਤੇ ਪ੍ਰੋਸੈਸਿੰਗ ਯੂਨਿਟ ਸਥਾਪਤ ਕਰਨ ਲਈ ਸਥਾਨਕ ਵਿਕਲਪਾਂ ਦੀ ਉਪਲਬਧਤਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮੁੱਲ-ਵਰਧਿਤ ਉਤਪਾਦਾਂ 'ਤੇ ਕੇਂਦ੍ਰਿਤ ਸਿਖਲਾਈ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ, ਜੋ ਸੂਖਮ ਉੱਦਮ ਵਿਕਾਸ ਲਈ ਨਵੇਂ ਰਸਤੇ ਖੋਲ੍ਹ ਸਕਦੇ ਹਨ।

ਇਸ ਮੌਕੇ ਦੱਸਿਆ ਗਿਆ ਕਿ ਇਹ ਸੈਸ਼ਨ ਟਿਕਾਊ ਖੇਤੀਬਾੜੀ, ਉੱਦਮਤਾ ਅਤੇ ਆਧੁਨਿਕ ਖੇਤੀਬਾੜੀ ਅਭਿਆਸਾਂ ਵਿੱਚ ਕਿਸਾਨ ਸਮਰੱਥਾ ਬਣਾਉਣ ਲਈ ਤਿਆਰ ਕੀਤੇ ਗਏ ਹਨ। ਇਸ ਪ੍ਰੋਗਰਾਮ ਦਾ ਮਕਸਦ ਕਿਸਾਨਾਂ ਨੂੰ ਨਵੀਨਤਮ, ਸਰਕਾਰੀ ਯੋਜਨਾਵਾਂ ਤੇ ਸਹਾਇਤਾ ਪ੍ਰਣਾਲੀਆਂ ਨਾਲ ਜੋੜਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਮੁਹਈਆ ਕਰਾਉਣਾ ਸੀ।

# ਪੰਜਾਬ ਸਰਕਾਰ ਨਸ਼ਾ ਛੱਡ ਚੁੱਕੇ ਵਿਅਕਤੀਆਂ ਨੂੰ ਹੁਨਰਮੰਦ ਬਣਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇਗੀ

## ਅਮਨ ਅਰੋੜਾ ਵੱਲੋਂ ਨਸ਼ਾ-ਮੁਕਤ ਹੋ ਚੁੱਕੇ ਵਿਅਕਤੀਆਂ ਲਈ ਹੁਨਰ ਵਿਕਾਸ ਪ੍ਰੋਗਰਾਮ ਦੀ ਨਿਗਰਾਨੀ ਵਾਸਤੇ ਪ੍ਰੋਜੈਕਟ ਪ੍ਰਬੰਧਨ ਯੂਨਿਟ ਸਥਾਪਤ ਕਰਨ ਦੇ ਨਿਰਦੇਸ਼

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਲਈ ਆ ਰਹੇ ਲੋਕਾਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਇੱਕ ਵਿਸ਼ੇਸ਼ ਹੁਨਰ ਵਿਕਾਸ ਪ੍ਰੋਗਰਾਮ ਸ਼ੁਰੂ ਕਰਨ @ਤੇ ਵਿਚਾਰ ਕਰ ਰਹੀ ਹੈ ਤਾਂ ਜੋ ਨਸ਼ਾ ਛੱਡ ਚੁੱਕੇ ਵਿਅਕਤੀਆਂ ਨੂੰ ਮੁੜ ਤੋਂ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ।

ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਅਤੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ, ਜਿਸ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੀ ਮੌਜੂਦ ਸਨ, ਵਿੱਚ ਇਹ ਫੈਸਲਾ ਲਿਆ ਗਿਆ ਕਿ ਨਸ਼ਿਆਂ ਦੀ ਦਲਦਲ @ਚੋਂ ਨਿਕਲ ਚੁੱਕੇ ਵਿਅਕਤੀਆਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਉਨ੍ਹਾਂ ਨੂੰ ਲੋੜੀਂਦੇ ਹੁਨਰ ਨਾਲ ਲੈਸ ਕੀਤਾ ਜਾਵੇਗਾ।

ਸ੍ਰੀ ਅਮਨ ਅਰੋੜਾ ਨੇ ਅਧਿਕਾਰੀਆਂ ਨੂੰ ਨਸ਼ਾ-ਮੁਕਤੀ ਦਾ ਇਲਾਜ ਕਰਾ ਚੁੱਕੇ ਵਿਅਕਤੀਆਂ ਲਈ ਹੁਨਰ ਵਿਕਾਸ ਪ੍ਰੋਗਰਾਮ ਦੀ ਨਿਗਰਾਨੀ ਲਈ ਇੱਕ ਪ੍ਰੋਜੈਕਟ ਪ੍ਰਬੰਧਨ ਯੂਨਿਟ (ਪੀਐਮਯੂ) ਸਥਾਪਤ ਕਰਨ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਇਨ੍ਹਾਂ ਵਿਅਕਤੀਆਂ ਨੂੰ ਸਫ਼ਲਤਾਪੂਰਵਕ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਕੇ ਨਸ਼ਿਆਂ ਵੱਲ ਮੁੜ ਜਾਣ ਤੋਂ ਰੋਕਿਆ ਜਾ ਸਕੇ।

ਰੋਜ਼ਗਾਰ ਉਤਪਤੀ ਮੰਤਰੀ ਨੇ ਪੰਜਾਬ ਹੁਨਰ ਵਿਕਾਸ ਮਿਸ਼ਨ (ਪੀਐਸਡੀਐਮ), ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਲਾਜ ਕਰਾ ਚੁੱਕੇ ਵਿਅਕਤੀਆਂ ਨੂੰ ਸਮੇਂ ਦੀ ਮੰਗ ਅਨੁਸਾਰ ਹੁਨਰ ਨਾਲ ਲੈਸ ਕਰਨ ਲਈ ਉਦਯੋਗਾਂ ਨਾਲ ਤਾਲਮੇਲ ਕਰਨ ਦੇ ਨਿਰਦੇਸ਼ ਦੇਣ ਤੋਂ ਇਲਾਵਾ ਅਧਿਕਾਰੀਆਂ ਨੂੰ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ (ਡੀਬੀਈਈ) ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਨ ਲਈ ਵੀ ਕਿਹਾ ਤਾਂ ਜੋ ਨਸ਼ਿਆਂ ਤੋਂ ਮੁਕਤ ਹੋ ਚੁੱਕੇ ਵਿਅਕਤੀਆਂ ਨੂੰ ਹੁਨਰ ਪ੍ਰਦਾਨ ਕਰਨ ਦੀ ਪ੍ਰਕਿਰਿਆ ਨੂੰ ਵਧੇਰੇ ਸੁਚਾਰੂ ਬਣਾਇਆ ਜਾ ਸਕੇ।

ਸ੍ਰੀ ਅਮਨ ਅਰੋੜਾ ਨੇ ਸਬੰਧਤ ਅਧਿਕਾਰੀਆਂ ਨੂੰ ਹੁਨਰ ਵਿਕਾਸ @ਚ ਰੁਚੀ ਰੱਖਣ ਵਾਲੇ ਨਸ਼ੇ ਦਾ ਇਲਾਜ ਕਰਾ ਚੁੱਕੇ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਢੁਕਵੇਂ ਕਿੱਤਿਆਂ ਦੀ ਸਿਖਲਾਈ ਦੇਣ ਲਈ ਕਿਹਾ। ਮਿਸ਼ਨ ਡਾਇਰੈਕਟਰ ਪੀਐਸਡੀਐਮ ਨੂੰ ਵੀ ਨਿਰਦੇਸ਼ ਦਿੱਤੇ ਕਿ ਉਹ ਹੁਨਰ ਸਿਖਲਾਈ ਲੈਣ ਵਾਲੇ ਵਿਅਕਤੀਆਂ ਦੀ ਪਲੇਸਮੈਂਟ ਕਰਵਾਉਣ ਲਈ ਉਪਰਾਲੇ ਕਰਨ ਤਾਂ ਜੋ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸਫਲਤਾਪੂਰਵਕ ਸ਼ਾਮਲ ਕੀਤਾ ਜਾ ਸਕੇ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਰਾਜ ਸਰਕਾਰ ਦਾ ਉਦੇਸ਼ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਚੁੱਕੇ ਵਿਅਕਤੀਆਂ ਵਿੱਚ ਚੰਗੀਆਂ ਆਦਤਾਂ ਅਤੇ ਹੁਨਰ ਪੈਦਾ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਸਸ਼ਕਤ ਬਣਾਇਆ ਜਾ ਸਕੇ ਅਤੇ ਉਨ੍ਹਾਂ ਦੀ ਨਸ਼ਿਆਂ ਵੱਲ ਮੁੜ ਜਾਣ ਦੀ ਸੰਭਾਵਨਾ ਨੂੰ ਟਾਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਮੇਰੀ ਸੋਚ ਨਸ਼ੇ ਦੇ ਆਦੀਆਂ ਨੂੰ ਇਲਾਜ ਅਤੇ ਟੀਚਾਗਤ ਹੁਨਰ ਵਿਕਾਸ ਜ਼ਰੀਏ ਉੱਦਮੀਆਂ ਵਿੱਚ ਬਦਲਣਾ ਹੈ।

ਇਸ ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਲਕਨੰਦਾ ਦਿਆਲ, ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਡੀਆਈਜੀ (ਏਐਨਟੀਐਫ) ਸੰਜੀਵ ਰਾਮਪਾਲ, ਆਈਜੀ ਜੇਲ੍ਹਾਂ ਰੂਪ ਕੁਮਾਰ ਅਰੋੜਾ, ਮਿਸ਼ਨ ਡਾਇਰੈਕਟਰ ਪੰਜਾਬ ਹੁਨਰ ਵਿਕਾਸ ਮਿਸ਼ਨ ਅੰਮ੍ਰਿਤ ਸਿੰਘ, ਡਾਇਰੈਕਟਰ ਤਕਨੀਕੀ ਸਿੱਖਿਆ ਸ੍ਰੀ ਮੋਨੀਸ਼ ਕੁਮਾਰ, ਡਾਇਰੈਕਟਰ ਪੈਨਸ਼ਨਜ਼ ਅਮਨਦੀਪ ਬਾਂਸਲ, ਡਾਇਰੈਕਟਰ ਪ੍ਰਮੋਸ਼ਨ ਆਫ਼ ਇਨਫਰਮੇਸ਼ਨ ਟੈਕਨਾਲੋਜੀ ਮੋਹਿੰਦਰ ਪਾਲ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਪੈਰਾਗੁਏ ਦੇ ਰਾਸ਼ਟਰਪਤੀ ਵੱਲੋਂ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਰਜਿੰਦਰ ਗੁਪਤਾ ਨਾਲ ਮੁੰਬਈ 'ਚ ਮੁਲਾਕਾਤ



**ਮੁੰਬਈ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਰਾਗੁਏ ਵਿੱਚ ਭਾਰਤ ਉਦਯੋਗ ਨਿਵੇਸ਼ ਨੂੰ ਆਕਰਸ਼ਿਤ ਕਰਨ ਦੀ ਰਣਨੀਤੀ ਦੇ ਤਹਿਤ ਪੈਰਾਗਵੇ ਦੇ ਰਾਸ਼ਟਰਪਤੀ ਮਿਸਟਰ ਸੈਂਟਿਆਗੋ ਪੈਨਾਂ ਨੇ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਸ਼੍ਰੀ ਰਜਿੰਦਰ ਗੁਪਤਾ ਨਾਲ ਮੁੰਬਈ ਵਿੱਚ ਮੁਲਾਕਾਤ ਕੀਤੀ। ਇਹ ਮੀਟਿੰਗ ਬਹੁਤ ਹੀ ਲਾਹੇਵੰਦ ਰਹੀ ਅਤੇ ਇਸ ਵਿੱਚ ਹੋਮ ਟੈਕਸਟਾਈਲਜ਼, ਕੈਮੀਕਲ ਅਤੇ ਪਲਪ ਐਂਡ ਪੇਪਰ ਖੇਤਰਾਂ ਵਿੱਚ ਨਿਵੇਸ਼ ਦੀਆਂ ਸੰਭਾਵਨਾਵਾਂ 'ਤੇ ਵਿਚਾਰ-ਵਟਾਂਦਰਾ ਹੋਇਆ।

ਸ਼੍ਰੀ ਗੁਪਤਾ, ਜੋ ਕਿ ਭਾਰਤ ਦੇ ਛੋਟੀ ਦੇ ਉਦਯੋਗਪਤੀ ਕਾਰੋਬਾਰੀਆਂ ਵਿੱਚੋਂ ਇੱਕ ਹਨ, ਨੂੰ ਪੈਰਾਗੁਏ ਵੱਲੋਂ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ ਸੀ ਤਾਂ ਜੋ ਭਾਰਤੀ ਉਦਯੋਗਾਂ ਨੂੰ ਪੈਰਾਗੁਏ ਵਿੱਚ ਨਿਵੇਸ਼ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਰਾਸ਼ਟਰਪਤੀ ਪੇਨਾ ਨੇ ਨਿਵੇਸ਼ਕਾਰਾਂ ਲਈ ਪੈਰਾਗੁਏ ਦੇ ਆਕਰਸ਼ਕ ਲਾਭ ਗਿਨਾਏ, ਜੋ ਕਿ ਹੇਠ ਲਿਖੇ ਹਨ:

1. ਘੱਟ ਪੂੰਜੀ ਲਾਗਤ ਘੱਟ ਮਜ਼ਦੂਰੀ ਲਾਗਤ, ਸਸਤੀ ਜ਼ਮੀਨ, ਸਸਤੀ ਬਿਜਲੀ
2. ਰਣਨੀਤਿਕ ਲੋਕੇਸ਼ਨ ਅਤੇ ਮਾਰਕੀਟਾਂ ਤੱਕ ਪਹੁੰਚ ਭੂਗੋਲਿਕ ਫ਼ਾਇਦਾ: ਦੱਖਣੀ ਅਮਰੀਕਾ ਦੇ ਮੱਧ ਵਿੱਚ ਹੋਣ ਕਰਕੇ ਬ੍ਰਾਜ਼ੀਲ ਅਤੇ ਅਰਜਨਟੀਨਾ ਵਰਗੇ ਵੱਡੇ ਬਾਜ਼ਾਰਾਂ ਦੀ ਆਸਾਨ ਪਹੁੰਚ ਮਰਕੋਸੁਰ ਸਹਿਮਤੀ: ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚਕਾਰ ਸ਼ੁਲਕ-ਮੁਕਤ ਵਪਾਰ ਦੀ ਸਹੂਲਤ ਐਕਸਪੋਰਟ ਮੌਕੇ: ਕੱਪੜਿਆਂ ਦੇ ਗਲੋਬਲ ਮਾਰਕੀਟ ਵਿੱਚ ਪੈਰਾਗਵੇ ਇੱਕ ਮੁਕਾਬਲਾਤੀ ਐਕਸਪੋਰਟ ਕੇਂਦਰ ਬਣ ਸਕਦਾ ਹੈ।
3. ਮਾਕੀਲਾ ਉਦਯੋਗ ਅਤੇ ਪ੍ਰੋਤਸਾਹਨ

ਮਾਕੀਲਾ ਸਿਸਟਮ: ਕੱਚਾ ਮਾਲ Duty ਫ਼ਰੀ Import ਅਤੇ ਤਿਆਰ ਉਤਪਾਦ Export ਕਰਨ ਦੀ ਵਿਵਸਥਾ ਆਦਿ।

# ਪੰਜਾਬ ਸਰਕਾਰ 12 ਹਜ਼ਾਰ ਹੈਕਟੇਅਰ ਰਕਬਾ ਝੋਨੇ ਤੋਂ ਮੱਕੀ ਦੀ ਕਾਸ਼ਤ ਹੇਠ ਲਿਆਉਣ ਲਈ ਪ੍ਰਤੀ ਹੈਕਟੇਅਰ 17,500 ਰੁਪਏ ਦੇਵੇਗੀ

## ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਛੇ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਜਾਵੇਗਾ ਪਾਇਲਟ ਪ੍ਰੋਜੈਕਟ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਵਿੱਚ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਸਾਲ 12,000 ਹੈਕਟੇਅਰ ਝੋਨੇ ਦੀ ਖੇਤੀ ਵਾਲੇ ਰਕਬੇ ਨੂੰ ਸਾਉਣੀ ਦੀ ਮੱਕੀ ਅਧੀਨ ਲਿਆਉਣ ਸਬੰਧੀ ਅਹਿਮ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 17,500 ਰੁਪਏ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ, ਜਿਸਦਾ ਉਦੇਸ਼ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ-ਨਾਲ ਵਧੇਰੇ ਟਿਕਾਊ ਤੇ ਵਾਤਾਵਰਣ-ਪੱਖੀ ਖੇਤੀ ਨੂੰ ਉਤਸ਼ਾਹਿਤ ਕਰਨਾ ਹੈ।

ਇਸ ਫ਼ਸਲੀ ਵਿਭਿੰਨਤਾ ਯੋਜਨਾ ਬਾਰੇ ਵੇਰਵੇ ਸਾਂਝੇ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਹ ਪ੍ਰਾਜੈਕਟ ਛੇ ਜ਼ਿਲ੍ਹਿਆਂ ਬਠਿੰਡਾ, ਸੰਗਰੂਰ, ਪਠਾਨਕੋਟ, ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ ਵਿੱਚ ਪਾਇਲਟ ਪ੍ਰੋਜੈਕਟ ਲਾਗੂ ਕੀਤਾ ਜਾਵੇਗਾ, ਜਿਸ ਤਹਿਤ ਝੋਨੇ ਤੋਂ ਬਦਲ ਕੇ ਮੱਕੀ ਦੀ ਕਾਸ਼ਤ ਅਧੀਨ 12,000 ਹੈਕਟੇਅਰ ਰਕਬਾ ਲਿਆਉਣ ਦਾ ਟੀਚਾ ਹੈ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਝੋਨੇ ਤੋਂ ਸਾਉਣੀ ਮੱਕੀ ਦੀ ਕਾਸ਼ਤ ਵੱਲ ਜਾਣ ਲਈ ਉਤਸ਼ਾਹਿਤ ਕਰਨ ਅਤੇ ਸੇਧ ਪ੍ਰਦਾਨ ਕਰਨ ਲਈ 200 ਕਿਸਾਨ ਮਿੱਤਰ ਵੀ ਤਾਇਨਾਤ ਕੀਤੇ ਗਏ ਹਨ। ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦਾ ਫੈਸਲਾ ਰਣਨੀਤਕ ਤੌਰ @ਤੇ ਪਾਣੀ ਦੀ ਘੱਟ ਖ਼ਪਤ ਵਾਲੀਆਂ ਫਸਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਉਦੇਸ਼ ਨਾਲ ਜੁੜਿਆ ਹੋਇਆ ਹੈ। ਮੱਕੀ, ਜੋ ਬੇਹੱਦ ਪੌਸ਼ਟਿਕ ਅਤੇ ਬਹੁਪੱਖੀ ਫਸਲ ਹੈ, ਨੂੰ ਝੋਨੇ ਦੇ ਮੁਕਾਬਲੇ ਘੱਟ ਪਾਣੀ ਦੀ ਲੋੜ ਹੁੰਦੀ ਹੈ, ਜਿਸ ਕਰਕੇ ਇਹ ਵਧੇਰੇ ਟਿਕਾਊ ਬਦਲ ਹੈ। ਇਸ ਤੋਂ ਇਲਾਵਾ ਭੋਜਨ ਤੋਂ ਲੈ ਕੇ ਪਸ਼ੂਆਂ ਦੀ ਖੁਰਾਕ ਅਤੇ ਸਟਾਰਚ ਸਮੱਗਰੀ ਤੱਕ ਇਸਦੀ ਬਹੁਪੱਖੀ ਵਰਤੋਂ ਦੇ ਮਾਮਲੇ ਵਿੱਚ ਇਹ ਫ਼ਸਲ ਕਿਸਾਨਾਂ ਲਈ ਇੱਕ ਵਿਸ਼ਾਲ ਬਾਜ਼ਾਰ ਅਤੇ ਆਮਦਨ 'ਚ ਵਾਧੇ ਦੀ ਸੰਭਾਵਨਾ ਪ੍ਰਦਾਨ ਕਰਦੀ ਹੈ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ, ਅਸੀਂ ਫ਼ਸਲੀ ਵਿਭਿੰਨਤਾ ਨੂੰ ਅਪਨਾ ਕੇ ਮਿੱਟੀ ਦੀ ਸਿਹਤ ਵਿੱਚ ਸੁਧਾਰ, ਪਾਣੀ ਦੀ ਖਪਤ ਘਟਾਉਣ ਦੇ ਨਾਲ-ਨਾਲ ਇੱਕ ਵਧੇਰੇ ਟਿਕਾਊ ਖੇਤੀਬਾੜੀ ਪ੍ਰਣਾਲੀ ਤਿਆਰ ਕਰ ਸਕਦੇ ਹਾਂ। ਇਸ ਨਾਲ ਨਾ ਸਿਰਫ਼ ਸਾਡੇ ਕਿਸਾਨਾਂ ਨੂੰ ਲਾਭ ਹੋਵੇਗਾ ਸਗੋਂ ਇਹ ਪੰਜਾਬ ਵਿੱਚ ਟਿਕਾਊ ਖੇਤੀਬਾੜੀ ਦੇ ਸਾਡੇ ਟੀਚੇ ਨੂੰ ਪ੍ਰਾਪਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵੀ ਸਾਬਤ ਹੋਵੇਗੀ।

ਖੇਤੀਬਾੜੀ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਦੱਸਿਆ ਕਿ ਹੁਣ ਤੱਕ 1500 ਹੈਕਟੇਅਰ ਰਕਬੇ ਵਿੱਚ ਸਾਉਣੀ ਮੱਕੀ ਦੀ ਬਿਜਾਈ ਹੋ ਚੁੱਕੀ ਹੈ। ਇਹ ਕਦਮ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਦੀ ਸਮੱਸਿਆ ਨੂੰ ਹੱਲ ਕਰਨ ਲਈ ਅਹਿਮ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੋਤਸਾਹਨ ਰਾਸ਼ੀ ਖੇਤੀ ਲਾਗਤਾਂ (ਜਿਵੇਂ ਬੀਜ, ਖਾਦ) ਆਦਿ ਦੇ ਖ਼ਰਚੇ ਨੂੰ ਪੂਰਾ ਕਰਦਿਆਂ ਕਿਸਾਨਾਂ ਦਰਮਿਆਨ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰੇਗੀ।

ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸਰਕਾਰ ਫ਼ਸਲੀ ਵਿਭਿੰਨਤਾ ਯੋਜਨਾ ਦੇ ਸਫ਼ਲ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਤਕਨੀਕੀ ਸਹਾਇਤਾ ਅਤੇ ਸਿਖਲਾਈ ਵੀ ਪ੍ਰਦਾਨ ਕਰੇਗੀ।

# ਏਯੂ ਸਮਾਲ ਫਾਈਨੈਂਸ ਬੈਂਕ ਨੇ ਆਈਐਫਸੀ ਨਾਲ ਭਾਈਵਾਲੀ ਕੀ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਟਿਕਾਊ ਵਿੱਤੀ ਪ੍ਰਣਾਲੀਆਂ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ, ਭਾਰਤ ਦਾ ਸਭ ਤੋਂ ਵੱਡਾ ਸਮਾਲ ਫਾਈਨੈਂਸ ਬੈਂਕ ਏਯੂ ਸਮਾਲ ਫਾਈਨੈਂਸ ਬੈਂਕ (1" SFB) ਅੰਤਰਰਾਸ਼ਟਰੀ ਵਿੱਤ ਨਿਗਮ (963) ਨਾਲ ਸਵਾਕਾਰ ਕਰਦਾ ਹੈ। ਇਸ ਭਾਈਵਾਲੀ ਦੇ ਤਹਿਤ, ਬੈਂਕ ਇੱਕ ਵਿਆਪਕ ਜਲਵਾਯੂ ਜੋਖਮ ਸਲਾਹਕਾਰ ਪ੍ਰੋਗਰਾਮ ਸ਼ੁਰੂ ਕਰੇਗਾ। ਇਸ ਪਹਿਲਕਦਮੀ ਰਾਹੀਂ, ਏਯੂ ਐਸਐਫਬੀ ਜਲਵਾਯੂ ਜੋਖਮ ਨੂੰ ਆਪਣੇ ਸ਼ਾਸਨ ਪ੍ਰਣਾਲੀ, ਰਣਨੀਤਕ ਯੋਜਨਾਬੰਦੀ, ਜੋਖਮ ਪ੍ਰਬੰਧਨ ਪ੍ਰਕਿਰਿਆਵਾਂ ਅਤੇ ESG (ਵਾਤਾਵਰਣ, ਸਮਾਜਿਕ ਅਤੇ ਸ਼ਾਸਨ) ਖੁਲਾਸੇ ਵਿੱਚ ਏਕੀਕ੍ਰਿਤ ਕਰੇਗਾ - ਜੋ ਕਿ ਵਿਸ਼ਵਵਿਆਪੀ ਸਭ ਤੋਂ ਵਧੀਆ ਅਭਿਆਸ ਹਨ। ਅਵਿਸ਼ਵਾਸੀ ਉਮੀਦਾਂ ਹਨ। ਏਯੂ ਸਮਾਲ ਫਾਈਨੈਂਸ ਬੈਂਕ ਦੇ ਸੰਸਥਾਪਕ, ਐਮਡੀ ਅਤੇ ਸੀਈਓ ਸੰਜੇ ਅਗਰਵਾਲ ਨੇ ਕਿਹਾ, ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ, ਅਸੀਂ ਦੁਹਰਾਉਂਦੇ ਹਾਂ ਕਿ ਸਮਾਵੇਸ਼ੀ ਵਿਕਾਸ ਦਾ ਮਾਰਗ ਸਿਰਫ਼ ਉਦੋਂ ਹੀ ਲਾਭਦਾਇਕ ਹੁੰਦਾ ਹੈ ਜਦੋਂ ਇਹ ਟਿਕਾਊ ਹੋਵੇ। ਆਈਐਫਸੀ ਨਾਲ ਇਹ ਭਾਈਵਾਲੀ ਏਯੂ ਐਸਐਫਬੀ ਦੀ ਸਥਿਰਤਾ ਯਾਤਰਾ ਵਿੱਚ ਇੱਕ ਰਣਨੀਤਕ ਮੋੜ ਹੈ। ਭਾਰਤ ਦੇ ਪਛੜੇ ਖੇਤਰਾਂ ਦੀ ਸੇਵਾ ਕਰਨ ਵਾਲੇ ਇੱਕ ਮੁੱਲ-ਅਧਾਰਤ ਸੰਗਠਨ ਦੇ ਰੂਪ ਵਿੱਚ, ਅਸੀਂ ਸਮਝਦੇ ਹਾਂ ਕਿ ਜਲਵਾਯੂ ਲਚਕਤਾ ਲੰਬੇ ਸਮੇਂ ਦੀ ਵਿੱਤੀ ਸ਼ਮੂਲੀਅਤ ਲਈ ਜ਼ਰੂਰੀ ਹੈ। ਸਾਡੇ ਜੋਖਮ ਢਾਂਚੇ ਅਤੇ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਜਲਵਾਯੂ-ਸਬੰਧਤ ਪਹਿਲੂਆਂ ਨੂੰ ਯੋਜਨਾਬੱਧ ਢੰਗ ਨਾਲ ਜੋੜ ਕੇ, ਅਸੀਂ ਆਪਣੇ ਪੋਰਟਫੋਲੀਓ ਨੂੰ ਭਵਿੱਖ-ਪ੍ਰਮਾਣਿਤ ਕਰ ਰਹੇ ਹਾਂ ਅਤੇ ਭਾਰਤ ਦੇ ਜਲਵਾਯੂ ਪਰਿਵਰਤਨ ਲਈ ਪੂੰਜੀ ਇਕੱਠੀ ਕਰਨ ਵਿੱਚ ਅਗਵਾਈ ਕਰ ਰਹੇ ਹਾਂ। ਇਹ ਪਹਿਲਕਦਮੀ ਸਾਰੇ ਹਿੱਸੇਦਾਰਾਂ ਲਈ ਜ਼ਿੰਮੇਵਾਰ ਬੈਂਕਿੰਗ ਅਤੇ ਟਿਕਾਊ ਮੁੱਲ ਸਿਰਜਣ ਪ੍ਰਤੀ ਸਾਡੀ ਦੋਹਰੀ ਵਚਨਬੱਧਤਾ ਦੇ ਅਨੁਸਾਰ ਹੈ।

ਕੌਮੀ ਪੱਤ੍ਰਿਕਾ

## ਸੰਪਾਦਕੀ

### ਅਧਿਆਪਕ ਵੱਲੋਂ ਦਿਵਿਆਂਗ ਬੱਚੇ ਨੂੰ ਕੁੱਟਣਾ ਮੰਦਭਾਗੀ ਘਟਨਾ

ਬੀਤੇ ਦਿਨੀਂ ਨੋਇਡਾ ਦੇ ਇੱਕ ਸਕੂਲ 'ਚ ਵਿਸ਼ੇਸ਼ ਲੋੜਾਂ ਦੇ ਅਧਿਆਪਕ ਨੇ ਹਾਲ ਹੀ ਵਿੱਚ ਆਟਿਜ਼ਮ ਤੋਂ ਪੀੜਤ ਬੱਚੇ ਨੂੰ ਕੁੱਟਿਆ। ਵੀਡੀਓ ਵਿੱਚ ਇਹ ਸਭ ਕੁਝ ਕੈਦ ਹੋ ਗਿਆ- ਕੁੱਟਮਾਰ, ਭੈਅ ਤੇ ਬੇਵਸੀ। ਲੜਕਾ, ਜੋ ਸਿਰਫ਼ ਦਸ ਸਾਲ ਦਾ ਹੈ ਤੇ ਬੋਲ ਨਹੀਂ ਸਕਦਾ, ਮਦਦ ਲਈ ਵੀ ਰੌਲਾ ਨਹੀਂ ਪਾ ਸਕਿਆ। ਉਹ ਆਪ ਬੀਤੀ ਕਿਸੇ ਨੂੰ ਦੱਸ ਵੀ ਨਹੀਂ ਸਕਿਆ ਪਰ ਵੀਡੀਓ ਉਸ ਦੀ ਗਵਾਹੀ ਭਰਦੀ ਹੈ। ਇਹ ਤਿੜਕੇ ਢਾਂਚੇ ਦੀ ਡਰਾਉਣੀ ਅਤੇ ਬੇਹੱਦ ਸੰਜੀਦਾ ਤਸਵੀਰ ਹੈ। ਇਹ ਕੋਈ ਇਕੱਲਾ ਅਜਿਹਾ ਹਾਦਸਾ ਨਹੀਂ ਹੈ; ਪੂਰੇ ਭਾਰਤ ਵਿੱਚ ਦੁਰਵਿਹਾਰ ਦੀਆਂ ਘਟਨਾਵਾਂ (ਸਰੀਰਕ, ਭਾਵਨਾਤਮਕ ਤੇ ਸੰਸਥਾਈ) ਅਕਸਰ ਆਟਿਜ਼ਮ ਤੇ ਬੌਧਿਕ ਅਪੰਗਤਾ ਦੇ ਪੀੜਤਾਂ ਨਾਲ ਵਾਪਰਦੀਆਂ ਰਹਿੰਦੀਆਂ ਹਨ। ਇਨ੍ਹਾਂ ਦਾ ਵਾਰ-ਵਾਰ ਵਾਪਰਨਾ ਫ਼ਿਕਰਮੰਦੀ ਵਾਲੀ ਗੱਲ ਹੈ। ਚਾਹੇ ਸਕੂਲ ਹੋਣ, ਸਰਕਾਰ ਵੱਲੋਂ ਚਲਾਏ ਜਾਂਦੇ ਆਸਰਾ ਘਰ ਜਾਂ ਗ਼ੈਰ-ਰਸਮੀ ਸੰਭਾਲ ਕੇਂਦਰ, ਮੁੱਢਲੇ ਸਤਿਕਾਰ ਤੇ ਸਨਮਾਨ ਦੀ ਹੋ ਰਹੀ ਉਲੰਘਣਾ 'ਤੇ ਗੌਰ ਨਹੀਂ ਕੀਤਾ ਜਾਂਦਾ, ਜਿਸ ਦਾ ਮੁੱਖ ਕਾਰਨ ਮਾੜੀ ਨਿਗਰਾਨੀ ਤੇ ਲੋੜ ਮੁਤਾਬਿਕ ਜਵਾਬਦੇਹੀ ਦਾ ਨਾ ਹੋਣਾ ਹੈ।

ਜਿਹੜੀ ਚੀਜ਼ ਇਸ ਮਾਮਲੇ ਨੂੰ ਹੋਰ ਵੀ ਚਿੰਤਾਜਨਕ ਬਣਾਉਂਦੀ ਹੈ, ਉਹ ਇਹ ਹੈ ਕਿ ਮੁਲਜ਼ਮ ਵੀ ਵਿਸ਼ੇਸ਼ ਲੋੜਾਂ ਵਾਲਾ ਅਧਿਆਪਕ ਸੀ ਜਿਸ ਤੋਂ ਆਟਿਸਟਿਕ ਬੱਚਿਆਂ ਦੀਆਂ ਵਿਲੱਖਣ ਲੋੜਾਂ ਅਤੇ ਕਮਜ਼ੋਰੀਆਂ ਨੂੰ ਸਮਝਣ ਦੀ ਉਮੀਦ ਕੀਤੀ ਜਾਂਦੀ ਹੈ। ਅਧਿਆਪਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸਕੂਲ ਨੇ ਉਸ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਜ਼ਰੂਰੀ ਹੈ ਪਰ ਇਹ ਢਾਂਚਾਗਤ ਖ਼ਰਾਬੀ ਨੂੰ ਡੂੰਘਾ ਨਹੀਂ ਫਰੋਲਦੀ। ਸਕੂਲ ਮੈਨੇਜਮੈਂਟ ਨੂੰ ਵੀ ਆਪਣੇ ਵਿਦਿਆਰਥੀਆਂ ਦੀ ਸਲਾਮਤੀ 'ਚ ਅਸਫਲ ਰਹਿਣ ਲਈ ਬਰਾਬਰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਸਾਡੇ ਕੋਲ 'ਦਿ ਰਾਈਟਸ ਆਫ ਪਰਸਨਜ਼ ਵਿਦ ਡਿਸਏਬਿਲਟੀਜ਼ ਐਕਟ-2016' ਹੈ, ਜੋ ਵਿਕਲਾਂਗਾਂ ਦੇ ਅਧਿਕਾਰਾਂ ਨਾਲ ਸਬੰਧਿਤ ਹੈ ਪਰ ਇਸ ਨੂੰ ਢੰਗ ਨਾਲ ਲਾਗੂ ਕਰਨ 'ਚ ਲਾਪਰਵਾਹੀ ਦਿਖਾਈ ਗਈ ਹੈ। ਜੇ ਸਕੂਲਾਂ ਦੀ ਨਿਗਰਾਨੀ ਨਾ ਹੋਵੇ, ਅਧਿਆਪਕਾਂ ਨੂੰ ਸਿਖਲਾਈ ਨਾ ਦਿੱਤੀ ਜਾਵੇ ਅਤੇ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇ ਤਾਂ ਕਾਨੂੰਨਾਂ ਦਾ ਕੋਈ ਬਹੁਤਾ ਮਤਲਬ ਨਹੀਂ ਰਹਿ ਜਾਂਦਾ। ਇਸ ਮਾਮਲੇ 'ਤੇ ਸਿਰਫ਼ ਕ੍ਰੋਧ ਜ਼ਾਹਿਰ ਕਰਨਾ ਕਾਫ਼ੀ ਨਹੀਂ ਹੈ। ਸਾਨੂੰ ਤਬਦੀਲੀ ਦੀ ਲੋੜ ਹੈ। ਹਰ ਵਿਸ਼ੇਸ਼ ਐਜੂਕੇਟਰ ਨੂੰ ਸਖ਼ਤ ਸਿਖਲਾਈ ਵਿੱਚੋਂ ਲੰਘਾਉਣਾ ਚਾਹੀਦਾ ਹੈ। ਸਕੂਲਾਂ ਨੂੰ ਸੀਸੀਟੀਵੀ ਕੈਮਰੇ ਲਾਉਣੇ ਚਾਹੀਦੇ ਹਨ, ਅਮਲੇ ਦੇ ਪਿਛੋਕੜ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਅਜਿਹੀਆਂ ਸੁਰੱਖਿਅਤ ਥਾਵਾਂ ਕਾਇਮ ਕਰਨੀਆਂ ਚਾਹੀਦੀਆਂ ਹਨ ਜਿੱਥੇ ਬੱਚੇ ਅਤੇ ਮਾਪੇ ਬਿਨਾਂ ਡਰ ਤੋਂ ਆਪਣੀ ਗੱਲ ਰੱਖ ਸਕਣ।

ਇਹ ਘਟਨਾ ਸਿਰਫ਼ ਇੱਕ ਹੋਰ ਵਾਇਰਲ ਵੀਡੀਓ ਜਾਂ ਇੱਕ-ਦੋ ਦਿਨ ਦਾ ਗੁੱਸਾ ਬਣ ਕੇ ਨਹੀਂ ਰਹਿ ਜਾਣੀ ਚਾਹੀਦੀ ਬਲਕਿ ਇਸ ਨੂੰ ਦਿਵਿਆਂਗ ਬੱਚਿਆਂ ਦੀ ਦੇਖਭਾਲ ਦਾ ਕੰਮ ਸੰਭਾਲਣ ਵਾਲੀਆਂ ਸੰਸਥਾਵਾਂ ਦੇ ਸੰਚਾਲਨ ਵਿੱਚ ਤੁਰੰਤ ਸੁਧਾਰ ਦਾ ਕਾਰਨ ਬਣਾਉਣਾ ਚਾਹੀਦਾ ਹੈ। ਕਿਸੇ ਚੰਗੇ ਸਮਾਜ ਦੀ ਪਛਾਣ ਇਨ੍ਹਾਂ ਤੱਥਾਂ ਤੋਂ ਹੀ ਹੁੰਦੀ ਹੈ ਕਿ ਉਹ ਆਪਣੇ ਸਭ ਤੋਂ ਕਮਜ਼ੋਰ ਲੋਕਾਂ ਨਾਲ ਕਿਵੇਂ ਪੇਸ਼ ਆਉਂਦਾ ਹੈ। ਸਾਨੂੰ ਬੱਚਿਆਂ ਪ੍ਰਤੀ ਆਪਣੇ ਫ਼ਰਜ਼ਾਂ ਵਿੱਚ ਨਾਕਾਮ ਨਹੀਂ ਹੋਣਾ ਚਾਹੀਦਾ, ਖ਼ਾਸ ਕਰ ਕੇ ਉਨ੍ਹਾਂ ਪ੍ਰਤੀ ਜੋ ਆਪਣੀ ਆਵਾਜ਼ ਚੁੱਕਣ ਲਈ ਦੂਜਿਆਂ 'ਤੇ ਨਿਰਭਰ ਕਰਦੇ ਹਨ।

### ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਮੁਕੱਦਮਾ

ਪਿਛਲੇ ਕਈ ਮਹੀਨਿਆਂ ਤੋਂ ਭਾਰਤ ਰਹਿ ਰਹੀ ਬੰਗਲਾਦੇਸ਼ ਦੇ ਕੌਮਾਂਤਰੀ ਅਪਰਾਧਾਂ ਬਾਰੇ ਟ੍ਰਿਬਿਊਨਲ ਨੇ ਪਿਛਲੇ ਸਾਲ ਮੁਜ਼ਾਹਰਾਕਾਰੀਆਂ ਖ਼ਿਲਾਫ਼ ਹਿੰਸਕ ਕਾਰਵਾਈਆਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਖ਼ਿਲਾਫ਼ ਸਮੂਹਿਕ ਹੱਤਿਆਵਾਂ ਸਮੇਤ ਬਹੁਤ ਸਾਰੇ ਦੋਸ਼ ਆਇਦ ਕੀਤੇ ਹਨ ਜਿਸ ਨੂੰ ਲੈ ਕੇ ਕੋਈ ਖ਼ਾਸ ਹੈਰਾਨੀ ਨਹੀਂ ਹੋਈ। ਦਸ ਮਹੀਨੇ ਪਹਿਲਾਂ ਸ਼ੇਖ ਹਸੀਨਾ ਦੀ ਸੱਤਾ ਖ਼ਿਲਾਫ਼ ਜਨਤਕ ਵਿਦਰੋਹ ਭੜਕਣ ਕਰ ਕੇ ਉਨ੍ਹਾਂ ਨੂੰ ਦੇਸ਼ ਛੱਡ ਕੇ ਭੱਜਣਾ ਪਿਆ ਸੀ ਅਤੇ ਉਦੋਂ ਤੋਂ ਹੀ ਉਹ ਭਾਰਤ ਵਿੱਚ ਜਲਾਵਤਨੀ ਹੰਢਾਅ ਰਹੇ ਹਨ। ਟ੍ਰਿਬਿਊਨਲ ਦੀ ਕਾਰਵਾਈ ਦੇ ਕਿਆਸ ਪਹਿਲਾਂ ਹੀ ਲਾਏ ਜਾ ਰਹੇ ਸਨ। ਉਨ੍ਹਾਂ ਦੀ ਪਾਰਟੀ ਅਵਾਮੀ ਲੀਗ ਨੇ ਦੋਸ਼ ਲਾਇਆ ਹੈ ਕਿ ਰਾਸ਼ਟਰ ਵਿਰੋਧੀ ਅਤੇ ਆਜ਼ਾਦੀ ਵਿਰੋਧੀ ਸ਼ਕਤੀਆਂ ਨੇ ਉਸ ਦੇ ਖ਼ਿਲਾਫ਼ ਫਰਜ਼ੀ ਮੁਕੱਦਮੇ ਦਾ ਸਵਾਂਗ ਰਚਿਆ ਹੈ। ਟ੍ਰਿਬਿਊਨਲ ਵੱਲੋਂ ਹਸੀਨਾ ਖ਼ਿਲਾਫ਼ ਦੋਸ਼ ਆਇਦ ਕਰਨ ਅਤੇ ਨਾਲ ਹੀ ਨਵੇਂ ਸਿਰਿਓਂ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਨਾਲ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੂੰ ਭਾਰਤ 'ਤੇ ਉਨ੍ਹਾਂ ਦੀ ਹਵਾਲਗੀ ਲਈ ਦਬਾਅ ਪਾਉਣ ਦਾ ਹੌਸਲਾ ਮਿਲਿਆ ਹੈ।

ਨਵੀਂ ਦਿੱਲੀ ਸ਼ੇਖ ਹਸੀਨਾ ਨੂੰ ਵਾਪਸ ਭੇਜਣ ਦੀ ਬਹੁਤੀ ਇੱਛਕ ਨਹੀਂ ਜਾਪਦੀ ਜਿਸ ਦੇ ਜ਼ਾਹਿਰਾ ਕਾਰਨ ਹਨ। ਉਸ ਦੇ ਖ਼ਿਲਾਫ਼ ਮੁਕੱਦਮਾ ਅੰਤ ਨੂੰ ਸਿਆਸਤ ਤੋਂ ਪ੍ਰੇਰਿਤ ਹੋਵੇਗਾ ਅਤੇ ਉਸ ਨੂੰ ਸਜ਼ਾ-ਏ-ਮੌਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਗੱਲ ਸੱਚ ਹੈ ਕਿ ਉਨ੍ਹਾਂ ਦੇ ਸ਼ਾਸਨ ਕਾਲ ਦੌਰਾਨ ਵਿਰੋਧੀਆਂ ਦਾ ਦਮਨ ਕੀਤਾ ਗਿਆ ਸੀ ਪਰ ਸਿਤਮਜ਼ਰੀਫ਼ੀ ਇਹ ਹੈ ਕਿ ਸ਼ੇਖ ਹਸੀਨਾ ਦੇ ਦੇਸ਼ ਨਿਕਾਲੇ ਦੇ ਬਾਵਜੂਦ ਬੰਗਲਾਦੇਸ਼ ਵਿੱਚ ਲੋਕਰਾਜ ਦੀ ਸੁਰਜੀਤੀ ਬਾਰੇ ਅਜੇ ਤੱਕ ਭੰਬਲਭੂਸਾ ਬਣਿਆ ਹੋਇਆ ਹੈ। ਉਨ੍ਹਾਂ ਦੇ ਸਿਆਸੀ ਵਿਰੋਧੀ ਕਿਸੇ ਪ੍ਰਕਾਰ ਦੇ ਸੁਧਾਰਾਂ ਦੀ ਸ਼ੁਰੂਆਤ ਕਰਨ ਦੀ ਬਜਾਏ ਸ਼ੇਖ ਹਸੀਨਾ ਅਤੇ ਉਸ ਦੇ ਹਮਾਇਤੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਦ੍ਰਿੜ ਨਜ਼ਰ ਆ ਰਹੇ ਹਨ। ਇੱਕ ਹੋਰ ਅਹਿਮ ਕਾਰਨ ਇਹ ਹੈ ਕਿ ਸ਼ੇਖ ਹਸੀਨਾ ਦੇ ਭਾਰਤ ਨਾਲ ਗਹਿਰੇ ਸਬੰਧ ਰਹੇ ਹਨ ਅਤੇ 1971 ਦੀ ਜੰਗ ਵਿੱਚ ਉਸ ਨੂੰ ਭਾਰਤੀ ਫ਼ੌਜੀ ਦਸਤਿਆਂ ਨੇ ਬਚਾਇਆ ਸੀ ਅਤੇ ਮਗਰੋਂ 1975 ਵਿੱਚ ਜਦੋਂ ਉਨ੍ਹਾਂ ਦੇ ਪਿਤਾ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਅਤੇ ਕਈ ਪਰਿਵਾਰਕ ਮੈਂਬਰਾਂ ਦਾ ਕਤਲ ਕਰ ਦਿੱਤਾ ਗਿਆ ਸੀ ਤਾਂ ਉਨ੍ਹਾਂ ਦਿੱਲੀ ਵਿੱਚ ਪਨਾਹ ਲਈ ਸੀ। ਹਸੀਨਾ ਉਸ ਦੀ ਬਿਪਤਾ ਦੀ ਘੜੀ ਵਿੱਚ ਦਿੱਤੇ ਸਾਥ ਬਦਲੇ ਭਾਰਤ ਦਾ ਖੁੱਲ੍ਹੇ ਤੌਰ 'ਤੇ ਸ਼ੁਕਰੀਆ ਕਰਦੀ ਰਹੀ ਹੈ। ਭਾਰਤ ਜਿੱਥੋਂ ਤੱਕ ਹੋ ਸਕੇਗਾ, ਅਜਿਹੇ ਭਰੋਸੇਮੰਦ ਸਾਥੀ ਨੂੰ ਬਚਾਉਣ ਦੀ ਕੋਸ਼ਿਸ਼ ਕਰੇਗਾ ਤੇ ਇਸ ਲਈ ਵੀ ਕਿ ਬੰਗਲਾਦੇਸ਼ ਵਿੱਚ ਮੌਜੂਦਾ ਸਰਕਾਰ ਨਾਲ ਭਾਰਤ ਦੇ ਸਬੰਧ ਸੁਖਾਵੇਂ ਨਹੀਂ ਚੱਲ ਰਹੇ।

ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਵਾਰ-ਵਾਰ ਦੋਸ਼ ਲਾਏ ਹਨ ਕਿ ਭਾਰਤ ਸਮੇਤ ਕੁਝ ਵਿਦੇਸ਼ੀ ਤਾਕਤਾਂ ਬੰਗਲਾਦੇਸ਼ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਨਵੀਂ ਦਿੱਲੀ ਜ਼ਾਹਿਰਾ ਤੌਰ 'ਤੇ ਇਨ੍ਹਾਂ ਦੋਸ਼ਾਂ ਤੇ ਉਸ ਮੁਲਕ ਵਿੱਚ ਘੱਟਗਿਣਤੀ ਹਿੰਦੂਆਂ ਨਾਲ ਹੋ ਰਹੇ ਮਾੜੇ ਸਲੂਕ ਅਤੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜੇ ਜਾਣ ਨੂੰ ਲੈ ਕੇ ਨਾਖੁਸ਼ ਹੈ ਜਿਸ ਕਰ ਕੇ ਦੋਵਾਂ ਦੇਸ਼ਾਂ ਦੇ ਰਿਸ਼ਤੇ ਖਰਾਬ ਹੋ ਗਏ ਹਨ। ਇਨ੍ਹਾਂ ਹਾਲਾਤ ਵਿੱਚ ਸ਼ੇਖ ਹਸੀਨਾ ਨੂੰ ਭਾਰਤ ਵਿੱਚ ਰੱਖਣ ਹੀ ਸਮਝਦਾਰੀ ਹੋਵੇਗੀ।

## ਗੁਰਦੁਆਰਾ ਸਾਹਿਬ 'ਚ 13 ਦਾ ਕੰਪਰੈਸ਼ਰ ਫਟਣ ਕਾਰਨ 1 ਔਰਤ ਦੀ ਮੌਤ, 9 ਹੋਰ ਸ਼ਰਧਾਲੂ ਜਖਮੀ



**ਰੂਪ ਨਗਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤੁਲਜ ਦਰਿਆ ਦੇ ਕੰਢੇ ਰੋਪੜ ਨੇੜੇ ਸਥਿਤ ਗੁਰਦੁਆਰਾ ਹੈੱਡ ਦਰਬਾਰ ਕੋਟ ਪੁਰਾਣ (ਗੁਰਦੁਆਰਾ ਟਿੱਬੀ ਸਾਹਿਬ) ਵਿਖੇ ਸੰਤ ਬਾਬਾ ਖੁਸ਼ਹਾਲ ਸਿੰਘ ਨਮਿਤ ਭੋਗ ਅਤੇ ਅੰਤਿਮ ਅਰਦਾਸ ਮੌਕੇ ਇੱਕ ਏਅਰ ਕੰਡੀਸ਼ਨਰ ਦਾ ਕੰਪਰੈਸ਼ਰ ਫਟਣ ਕਾਰਨ ਇੱਕ ਸ਼ਰਧਾਲੂ ਔਰਤ ਦੀ ਮੌਤ ਹੋ ਗਈ, ਜਦੋਂ ਕਿ 9 ਹੋਰ ਸ਼ਰਧਾਲੂ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਮ੍ਰਿਤਕਾ ਦੀ ਪਛਾਣ ਕਸ਼ਮੀਰ ਕੌਰ (62) ਵਾਸੀ ਹਰਿਗੋਬਿੰਦ ਨਗਰ, ਰੂਪਨਗਰ ਦੱਸੀ ਜਾਂਦੀ ਹੈ। ਗੰਭੀਰ ਜ਼ਖ਼ਮੀ ਔਰਤ ਦੀ ਪਛਾਣ ਬਲਜੀਤ ਕੌਰ, ਪਿੰਡ ਭਲਿਆਣ ਵਜੋਂ ਹੋਈ ਹੈ, ਜਿਸ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕੀਤਾ ਗਿਆ ਹੈ।

ਅੱਜ ਗੁਰਦੁਆਰਾ ਹੈੱਡ ਦਰਬਾਰ ਕੋਟ ਪੁਰਾਣ ਵਿਖੇ ਸੰਤ ਬਾਬਾ ਖੁਸ਼ਹਾਲ ਸਿੰਘ ਨਮਿਤ ਅੰਤਿਮ ਅਰਦਾਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਸੰਗਤ ਮੌਜੂਦ ਸੀ। ਇਸ ਦੌਰਾਨ ਅਚਾਨਕ ਹੀ ਇੱਕ ਸਟੈਂਡਿੰਗ ਏਅਰ ਕੰਡੀਸ਼ਨਰ ਦਾ ਕੰਪਰੈਸ਼ਰ ਫਟ ਗਿਆ ਅਤੇ ਅੱਗ ਦਾ ਭਾਂਬੜ ਮਚ ਗਿਆ।

ਇਸ ਕਾਰਨ 10 ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਫ਼ੌਰੀ ਰੂਪਨਗਰ ਦੇ ਪਰਮਾਰ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਇਕ ਔਰਤ ਕਸ਼ਮੀਰ ਕੌਰ ਦੀ ਮੌਤ ਹੋ ਗਈ। ਇਕ ਗੰਭੀਰ ਜ਼ਖ਼ਮੀ ਔਰਤ ਬਲਜੀਤ ਕੌਰ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕੀਤਾ ਗਿਆ ਹੈ, ਜਦੋਂ ਕਿ ਬਾਕੀ ਜ਼ਖ਼ਮੀਆਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਅੰਤਿਮ ਅਰਦਾਸ ਸਮੇਂ ਵੱਡੀ ਗਿਣਤੀ ਵਿੱਚ ਸਿਆਸੀ ਆਗੂ ਵੀ ਗੁਰਦੁਆਰਾ ਸਾਹਿਬ ਵਿਚ ਮੌਜੂਦ ਸਨ।

## ਸੂਬਾ ਸਰਕਾਰ ਪਸ਼ੂ ਪਾਲਕਾਂ ਤੇ ਬੇਰੁਜਗਾਰ ਨੌਜਵਾਨਾਂ ਨੂੰ ਡੇਅਰੀ ਸਿਖਲਾਈ ਦੇਣ ਲਈ ਯਤਨਸ਼ੀਲ : ਡਿਪਟੀ ਕਮਿਸ਼ਨਰ

**ਬਠਿੰਡਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪਸ਼ੂ ਪਾਲਕਾਂ ਤੇ ਬੇਰੁਜਗਾਰ ਨੌਜਵਾਨਾਂ ਨੂੰ ਡੇਅਰੀ ਸਿਖਲਾਈ ਦੇਣ ਲਈ ਹਰ ਤਰ੍ਹਾਂ ਦੇ ਵਿਸ਼ੇਸ਼ ਉਪਰਾਲਿਆਂ ਤਹਿਤ ਸਹਾਇਕ ਧੰਦਿਆਂ ਨੂੰ ਆਪਣਾ ਕੇ ਲੋਕਾਂ ਨੂੰ ਆਪਣੇ ਪੈਰਾਂ ਸਿਰ ਖੜ੍ਹਾ ਕਰਨ ਦਾ ਯਤਨ ਕਰ ਰਹੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਸ. ਗੁਰਬਿੰਦਰ ਸਿੰਘ ਨੇ ਦੱਸਿਆ ਕਿ ਸਮੇਂ-ਸਮੇਂ ਅਨੁਸਾਰ ਪਿੰਡਾਂ ਵਿੱਚ ਪਸ਼ੂ ਪਾਲਕਾਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਮੱਦੇਨਜ਼ਰ ਲਗਾਤਾਰ ਡੇਅਰੀ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਕੈਂਪਾਂ ਦੀ ਲੜੀ ਤਹਿਤ ਸਾਲ 2024-25 ਦੌਰਾਨ ਦੋ ਹਫਤੇ ਡੇਅਰੀ ਸਿਖਲਾਈ ਅਧੀਨ 585 ਪਸ਼ੂ ਪਾਲਕਾਂ ਨੂੰ ਸਿਖਲਾਈ ਦੇਣ ਦਾ ਟੀਚਾ ਮਿੱਥਿਆ ਗਿਆ ਸੀ, ਜਿਸ ਵਿੱਚੋਂ ਫ਼ਰਵਰੀ 2025 ਤੱਕ 644 ਪਸ਼ੂ ਪਾਲਕਾਂ ਨੂੰ ਸਿਖਲਾਈ ਮੁਹੱਈਆ ਕਰਵਾਈ ਗਈ।

ਇਸ ਤੋਂ ਇਲਾਵਾ ਡੇਅਰੀ ਉੱਦਮ ਸਿਖਲਾਈ ਤਹਿਤ ਸਾਲ 2024-25 ਦੌਰਾਨ 90 ਪਸ਼ੂ ਪਾਲਕਾਂ ਨੂੰ ਸਿਖਲਾਈ ਦੇਣ ਦਾ ਟੀਚਾ ਮਿਥਿਆ ਗਿਆ ਸੀ ਫ਼ਰਵਰੀ 2025 ਤੱਕ 96 ਪਸ਼ੂ ਪਾਲਕਾਂ ਨੂੰ ਸਿਖਲਾਈ ਦਿੱਤੀ ਗਈ। ਇਸ ਤੋਂ ਇਲਾਵਾ ਡੇਅਰੀ ਵਿਕਾਸ ਵਿਭਾਗ ਵੱਲੋਂ ਸਾਲ 2024-25 ਦੌਰਾਨ 18 ਦੁੱਧ ਉਤਪਾਦਕ ਕੈਂਪਾਂ ਦਾ ਟੀਚਾ ਦਿੱਤਾ ਸੀ ਜੋ ਕਿ ਸਮੇਂ ਸਿਰ ਪੂਰਾ ਕਰ ਲਿਆ ਸੀ।

ਸ. ਗੁਰਬਿੰਦਰ ਸਿੰਘ ਨੇ ਦੱਸਿਆ ਕਿ ਸਵੈ ਰੋਜ਼ਗਾਰ ਸਕੀਮ ਤਹਿਤ ਡੇਅਰੀ ਦੀ ਸਿਖਲਾਈ ਲਈ ਪਸ਼ੂ ਪਾਲਕਾਂ ਨੂੰ 10 ਦਿਨਾਂ ਦੀ ਸਿਖਲਾਈ ਕਰਵਾਈ ਜਾਂਦੀ ਹੈ, ਜਿਸ ਵਿੱਚ ਪਸ਼ੂਆਂ ਦਾ ਰਾਖ-ਰਖਾਵ, ਪਸ਼ੂਆਂ ਦੀਆਂ ਨਸਲਾਂ ਕੈਟਲ ਸੈਂਡ (ਗਾਵਾਂ-ਮੱਝਾਂ ਲਈ) ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਿਖਲਾਈ ਲੈਣ ਲਈ ਜਨਰਲ ਕੈਟਾਗਰੀ ਲਈ 1000 ਰੁਪਏ ਅਤੇ ਸ਼ੈਡਿਊਲ ਕਾਸਟ (ਐਸਸੀ) ਲਈ 750 ਰੁਪਏ ਫੀਸ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੇਂਡੂ ਖੇਤਰ ਦਾ ਰਹਿਣ ਵਾਲਾ ਪਸ਼ੂ ਪਾਲਕ ਪੰਜਵੀਂ ਪਾਸ ਤੇ ਉਮਰ 18 ਤੋਂ 55 ਸਾਲ ਹੋਣੀ ਲਾਜ਼ਮੀ ਹੈ।

ਡੇਅਰੀ ਉਦਮ ਸਿਖਲਾਈ ਤਹਿਤ ਪਸ਼ੂ ਪਾਲਕ ਦਸਵੀਂ ਪਾਸ ਜਿਸ ਦੀ ਉਮਰ 18 ਤੋਂ 45 ਸਾਲ ਹੋਵੇ। ਉਹਨਾਂ ਇਹ ਵੀ ਕਿਹਾ ਕਿ ਪਿੰਡ ਦਾ ਰਹਿਣ ਵਾਲਾ ਹੋਣਾ ਚਾਹੀਦਾ ਹੈ ਜਿਸ ਕੋਲ ਘੱਟੋ ਘੱਟ ਪੰਜ ਜਾਂ ਇਸ ਤੋਂ ਵੱਧ ਹੋਣੇ ਚਾਹੀਦੇ ਹਨ। ਇਸ ਸਿਖਲਾਈ ਵਿੱਚ ਆਪਣੀ ਪਸ਼ੂਆਂ ਲਈ ਆਪਣੀ ਕੈਟਲ ਫੀਡ ਤਿਆਰ ਕਰਨਾ ਅਤੇ ਪਸ਼ੂਆਂ ਦੀਆਂ ਨਸਲਾਂ, ਨਸਲ ਸੁਧਾਰ, ਕੈਟਲ ਸ਼ੈਡ ਦੀ ਬਣਤਰ ਨਕਸ਼ੇ ਮੁਤਾਬਕ ਅਤੇ ਵੈਲਿਊ ਐਡੀਸ਼ਨ, ਦੁੱਧ ਤੋਂ ਪਦਾਰਥ ਬਣਾਉਣੇ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਦੀ ਫੀਸ 5000 ਰੁਪਏ ਜਰਨਲ ਕੈਟਾਗਰੀ ਪ੍ਰਤੀ ਸਿਖਿਆਰਥੀ ਅਤੇ ਐਸਸੀ ਵਰਗ ਲਈ ਫੀਸ 4 ਹਜਾਰ ਰੁਪਏ ਹੈ। ਇਸ ਤੋਂ ਇਲਾਵਾ 100 ਰੁਪਏ ਦਾ ਵੱਖਰਾ ਫਾਰਮ ਹੈ। ਇਹ ਸਿਖਲਾਈ ਡੇਅਰੀ ਵਿਕਾਸ ਵਿਭਾਗ ਦੇ ਸਿਖਲਾਈ ਕੇਂਦਰ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ), ਅਬਲੂ ਖਰਾਣਾ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਅਤੇ ਗਿੱਲ (ਜ਼ਿਲ੍ਹਾ ਮੋਗਾ) ਵਿਖੇ ਕਰਵਾਈ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ 90 ਹਜਾਰ ਲੋਨ ਪ੍ਰਤੀ ਜਾਨਵਰ ਗਾਂ ਜਾਂ ਮੱਝ ਲਈ ਸਿਖਲਾਈ ਲੈਣ ਤੋਂ ਬਾਅਦ ਪਸ਼ੂ ਪਾਲਕ ਨੂੰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ 2,5,10 ਅਤੇ 20 ਜਾਨਵਰਾਂ ਲਈ ਲੋਨ ਬੈਂਕ ਵੱਲੋਂ ਕੇਸ ਸਪੋਂਸਰ ਕਰਕੇ ਦਿਵਾਇਆ ਜਾਂਦਾ ਹੈ। ਸਰਕਾਰੀ ਸਕੀਮ ਅਧੀਨ ਫਿਊਚਰ ਜਨਰਲ ਕੰਪਨੀ ਦਾ ਡੇਅਰੀ ਵਿਕਾਸ ਵਿਭਾਗ ਨਾਲ ਰਾਬਤਾ ਹੋਣ ਕਰਕੇ ਡੇਅਰੀ ਫਾਰਮ ਲਈ ਸਰਕਾਰ ਵੱਲੋਂ ਨੈਸ਼ਨਲ ਲਾਈਵ ਸਟਾਕ ਮਿਸ਼ਨ ਅਧੀਨ ਪਸ਼ੂਆਂ ਦਾ ਬੀਮਾ ਕੀਤਾ ਜਾਂਦਾ ਹੈ।

ਸ. ਗੁਰਬਿੰਦਰ ਸਿੰਘ ਨੇ ਪਸ਼ੂ ਬੀਮਾ ਸਕੀਮ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪ੍ਰਤੀ ਪਸ਼ੂ ਇੱਕ ਸਾਲ ਦਾ ਬੀਮਾ 1120 ਰੁਪਏ (ਜਨਰਲ ਕੈਟਾਗਰੀ ਲਈ), 672 ਰੁਪਏ (ਐਸੀ ਕੈਟਾਗਰੀ ਲਈ), ਦੋ ਸਾਲ ਦੇ ਬੀਮੇ ਲਈ 2100 ਰੁਪਏ (ਜਨਰਲ ਕੈਟਾਗਰੀ) 1260 ਰੁਪਏ (ਐਸਸੀ ਕੈਟਾਗਰੀ ਲਈ) ਅਤੇ ਤਿੰਨ ਸਾਲ ਦੇ ਬੀਮੇ ਲਈ 2800 ਰੁਪਏ (ਜਨਰਲ ਕੈਟਾਗਰੀ ਲਈ) ਅਤੇ 1680 ਰੁਪਏ (ਐਸਸੀ ਕੈਟਾਗਰੀ ਲਈ) ਪ੍ਰਤੀ ਪਸ਼ੂ ਬੀਮਾ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇਹਨਾਂ ਕੇਸਾਂ ਵਿੱਚ ਜਾਨਵਰਾਂ ਲਈ ਸਬਸਿਡੀ ਦੀ ਵਿਵਸਥਾ ਵੀ ਹੈ ਜੋ ਕਿ 25 ਫੀਸਦੀ ਜਨਰਲ ਵਰਗ ਤੇ 33 ਫੀਸਦੀ ਐਸਸੀ ਵਰਗ ਲਈ ਸਰਕਾਰ ਵੱਲੋਂ ਸ਼ਡਿਊਲ ਫੰਡ ਉਪਲਬਧ ਹੋਣ ਕਰਕੇ ਹੀ ਮਿਲਦੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਸਕੂਲਾਂ 'ਚ ਜਾ ਕੇ ਵਿਦਿਆਰਥੀਆਂ ਨੂੰ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ।

## ਸਾਡਾ ਟੀਚਾ: ਬੁਨਿਆਦੀ ਢਾਂਚੇ ਦਾ ਵਿਕਾਸ ਤੇ ਨਸ਼ਾ ਮੁਕਤ ਪੰਜਾਬ : ਨਰਿੰਦਰ ਪਾਲ ਸਿੰਘ ਸਵਨਾ

**ਫਾਜ਼ਿਲਕਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਦੇ ਤਹਿਤ ਨਸ਼ਾ ਮੁਕਤੀ ਯਾਤਰਾ ਅੱਜ ਵਿਧਾਨ ਸਭਾ ਹਲਕਾ ਫਾਜ਼ਿਲਕਾ ਦੇ ਪਿੰਡ ਕੇਰੀਆਂ, ਮੰਡੀ ਹਜੂਰ ਸਿੰਘ, ਆਸਫ ਵਾਲਾ ਅਤੇ ਕਰਨੀਖੇੜਾ ਪਹੁੰਚੀ। ਇਸ ਮੌਕੇ ਹਲਕੇ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਇਸ ਯਾਤਰਾ ਦੀ ਅਗਵਾਈ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਇਲਾਕੇ ਵਿਚ ਬੁਨਿਆਦੀ ਢਾਂਚੇ ਦਾ ਵਿਕਾਸ ਹੋਵੇ ਅਤੇ ਸਾਡਾ ਸਮਾਜ ਨਸ਼ਾ ਮੁਕਤ ਹੋਵੇ।



ਵਿਧਾਇਕ ਨੇ ਕਿਹਾ ਕਿ ਇਸ ਲਈ ਸੂਬਾ ਸਰਕਾਰ ਵੱਲੋਂ ਵਿਆਪਕ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਹਰੇਕ ਪਿੰਡ ਵਿਚ ਜਿੱਥੇ ਵਿਕਾਸ ਕਾਰਜ ਹੋ ਰਹੇ ਹਨ ਉਥੇ ਹੀ ਸਰਕਾਰ ਨੇ ਨਸ਼ਿਆਂ ਖਿਲਾਫ ਇਕ ਵੱਡੀ ਸਮਾਜਿਕ ਮੁਹਿੰਮ ਆਰੰਭ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਮੁਹਿੰਮ ਦੇ ਚੰਗੇ ਨਤੀਜੇ ਵੀ ਨਿਕਲ ਰਹੇ ਹਨ ਅਤੇ ਲਗਾਤਾਰ ਨਸ਼ਾ ਤਸਕਰਾਂ ਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਤੇ ਬੁਲਡੋਜਰ ਚੱਲ ਰਹੇ ਹਨ।

ਉਨ੍ਹਾਂ ਨੇ ਇਸ ਮੌਕੇ ਖਾਸ ਤੌਰ ਤੇ ਜੋਰ ਦੇ ਕੇ ਕਿਹਾ ਕਿ ਨਸ਼ੇ ਤੋਂ ਪੀੜਤ ਲੋਕ ਅਸਲ ਵਿਚ ਮਾਨਸਿਕ ਤੌਰ ਤੇ ਬਿਮਾਰ ਹਨ। ਇਸ ਬਿਮਾਰੀ ਦਾ ਇਲਾਜ ਸੰਭਵ ਹੈ। ਇਸ ਲਈ ਅਜਿਹੇ ਲੋਕਾਂ ਨੂੰ ਤਾਨ੍ਹੇ ਮੇਹਣੇ ਮਾਰਨ ਦੀ ਬਜਾਏ ਇੰਨ੍ਹਾਂ ਦਾ ਇਲਾਜ ਕਰਵਾਉਣ ਲਈ ਅੱਗੇ ਆਓ। ਸਰਕਾਰ ਇਹ ਇਲਾਜ ਮੁਫ਼ਤ ਕਰਦੀ ਹੈ। ਇਸ ਲਈ ਫਾਜ਼ਿਲਕਾ ਦੇ ਪੁਰਾਣੇ ਸਿਵਲ ਹਸਪਤਾਲ ਵਿਚ ਨਸ਼ਾ ਮਕਤੀ ਕੇਂਦਰ ਚੱਲ ਰਿਹਾ ਹੈ।

ਵਿਧਾਇਕ ਨੇ ਕਿਹਾ ਕਿ ਸੂਬਾ ਸਰਕਾਰ ਨਸ਼ੇ ਵੱਲ ਸਾਡੇ ਨੌਜਵਾਨ ਨਾ ਜਾਣ ਇਸ ਲਈ ਪਿੰਡਾਂ ਵਿਚ ਯੂਥ ਕਲੱਬ ਬਣਾ ਰਹੀ ਹੈ। ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪਿੰਡ ਪਿੰਡ ਖੇਡ ਮੈਦਾਨ ਬਣਾਏ ਜਾ ਰਹੇ ਹਨ। ਨੌਜਵਾਨਾਂ ਨੂੰ ਰੋਜਗਾਰ ਨਾਲ ਜੋੜਨ ਲਈ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ।

ਇਸ ਮੌਕੇ ਖੁਸਬੂ ਸਾਵਨਸੁੱਖਾ ਸਵਨਾ ਨੇ ਆਪਣੇ ਸੰਬੋਧਨ ਵਿਚ ਔਰਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਜੋ ਨਸ਼ੇ ਤੋਂ ਪੀੜਤ ਹਨ ਉਨ੍ਹਾਂ ਨੂੰ ਪ੍ਰੇਰਿਤ ਕਰਕੇ ਨਸ਼ਾ ਮੁਕਤੀ ਕੇਂਦਰ ਤੱਕ ਲਿਆਂਦਾ ਜਾਵੇ।

ਇਸ ਮੌਕੇ ਰਾਜੇਸ਼ ਖੁਰਾਣਾ, ਦਰਸ਼ਨ ਸਿੰਘ ਆਦਿ ਪਤਵੰਤੇ ਸਜਨ ਵੀ ਹਾਜਰ ਸਨ।

## ਆਧਾਰ ਕਾਰਡ ਵਿਚ ਇਕ ਵਾਰ ਵੀ ਵੇਰਵੇ ਅਪਡੇਟ ਨਾ ਕਰਨ ਵਾਲਿਆਂ ਲਈ ਆਧਾਰ ਨੂੰ ਅਪੇਡਟ ਕਰਨਾ ਲਾਜ਼ਮੀ



**ਫਾਜ਼ਿਲਕਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ (ਯੂ.ਆਈ.ਡੀ.ਏ.ਆਈ.) ਦੇ ਪ੍ਰੋਜੈਕਟ ਹੈੱਡ ਮਧੁਰ ਬਾਂਸਲ ਅਤੇ ਏ ਐਮ ਅੰਕੁਸ਼ ਠਾਕੁਰ ਨੇ ਆਧਾਰ ਦੇ ਨਵੇਂ ਵਰਤੋਂ ਦੇ ਮਾਮਲਿਆਂ ਅਤੇ ਸਰਕਾਰ ਦੁਆਰਾ ਜਾਰੀ ਕੀਤੇ ਗਏ ਨਵੀਨਤਮ ਦਿਸ਼ਾ-ਨਿਰਦੇਸ਼ਾਂ 'ਤੇ ਅਧਾਰਿਤ ਵੀਡੀਓ ਕਾਨਫਰਸਿੰਗ ਰਾਹੀਂ ਜ਼ਿਲ੍ਹਾ ਪੱਧਰੀ ਆਧਾਰ ਨਿਗਰਾਨੀ ਕਮੇਟੀ ਦੀ ਮੀਟਿੰਗ ਕੀਤੀ। ਜ਼ਿਲ੍ਹਾ ਪੱਧਰ ਤੋਂ ਸ਼੍ਰੀ ਅਮਨਦੀਪ ਸਿੰਘ ਮਾਵੀ,ਪੀ.ਸੀ.ਐਸ,ਸਹਾਇਕ ਕਮਿਸ਼ਨਰ (ਜ) ਫਾਜਿਲਕਾ ਅਤੇ ਹੋਰ ਵਿਭਾਗਾਂ ਦੇ ਵੱਖ-ਵੱਖ ਅਧਿਕਾਰੀਆਂ ਨੇ ਵੀ.ਸੀ. ਨੂੰ ਜੁਆਇਨ ਕੀਤਾ।

ਪ੍ਰੋਜੈਕਟ ਹੈੱਡ ਮਧੁਰ ਬਾਂਸਲ ਅਤੇ ਏ ਐਮ ਅੰਕੁਸ਼ ਠਾਕੁਰ ਨੇ ਨਿਵਾਸੀਆਂ ਦੇ ਪਛਾਣ ਦੇ ਸਬੂਤ ਅਤੇ ਪਤੇ ਦੇ ਸਬੂਤ ਦਸਤਾਵੇਜ਼ਾਂ ਨੂੰ ਅਪਡੇਟ ਕਰਕੇ ਆਧਾਰ ਰਿਕਾਰਡ ਨੂੰ ਮਜ਼ਬੂਤ ਕਰਨ ਲਈ ਸਰਕਾਰ ਦੀ ਪਹਿਲਕਦਮੀ 'ਤੇ ਚਾਨਣਾ ਪਾਇਆ। ਮੀਟਿੰਗ ਰਾਹੀਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਜਿਨ੍ਹਾਂ ਨਿਵਾਸੀਆਂ ਨੇ 2015 ਤੋਂ ਪਹਿਲਾਂ ਆਧਾਰ ਲਈ ਨਾਮ ਦਰਜ ਕਰਵਾਇਆ ਹੈ ਅਤੇ ਇੱਕ ਵਾਰ ਵੀ ਆਪਣੇ ਵੇਰਵੇ ਅਪਡੇਟ ਨਹੀਂ ਕੀਤੇ ਹਨ, ਉਨ੍ਹਾਂ ਨੂੰ ਨਜ਼ਦੀਕੀ ਆਧਾਰ ਕੇਂਦਰ 'ਤੇ ਜਾਂ ਆਨਲਾਈਨ ਪੋਰਟਲ https://uidai.gov.in ਰਾਹੀਂ ਅਪਡੇਟ ਨੂੰ ਪੂਰਾ ਕੀਤਾ ਜਾਵੇ। ਆਨਲਾਈਨ ਅਪਡੇਟ ਦੀ ਸਹੂਲਤ 18 ਜੂਨ 2025 ਤੱਕ ਮੁਫ਼ਤ ਹੈ।

ਆਧਾਰ ਦੀਆਂ ਸੁਰੱਖਿਆ ਵਿਸ਼ੇਸ਼ਤਾਵਾਂ 'ਤੇ ਜ਼ੋਰ ਦਿੰਦੇ ਹੋਏ ਸਹਾਇਕ ਕਮਿਸ਼ਨਰ (ਜ) ਸ. ਅਮਨਦੀਪ ਸਿੰਘ ਮਾਵੀ ਨੇ ਨਿਵਾਸੀਆਂ ਨੂੰ ਸੁਰੱਖਿਆ ਵਧਾਉਣ ਲਈ ਆਪਣੇ ਬਾਇਓਮੈਟ੍ਰਿਕਸ ਨੂੰ ਔਨਲਾਈਨ ਲਾਕ ਕਰਨ ਦੀ ਸਲਾਹ ਦਿੱਤੀ। ਉਨ੍ਹਾਂ https://myaadhaar.uidai.gov.in ਜਾਂ mAadhaar ਮੋਬਾਈਲ ਐਪਲੀਕੇਸ਼ਨ ਰਾਹੀਂ ਵੱਖ-ਵੱਖ ਆਧਾਰ-ਸਬੰਧਤ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਨੂੰ ਸਮਰੱਥ ਬਣਾਉਣ ਲਈ ਆਧਾਰ ਨਾਲ ਮੋਬਾਈਲ ਨੰਬਰ ਰਜਿਸਟਰ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਉਚ ਅਧਿਕਾਰੀਆਂ ਤੋਂ ਪ੍ਰਾਪਤ ਹਦਾਇਤਾਂ ਦੀ ਪਾਲਣਾ ਕਰਦਿਆਂ ਡੀ.ਓ.ਬੀ. ਸਰਟੀਫਿਕੇਟਾਂ ਵਿੱਚ ਸਹੀ ਨਾਵਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਆਧਾਰ ਨਾਮਾਂਕਣ ਦੀ ਸਹੂਲਤ ਲਈ ਪ੍ਰਸ਼ਾਸਨ ਸੰਸਥਾਗਤ ਡਿਲੀਵਰੀ ਹਸਪਤਾਲਾਂ, ਨਰਸਿੰਗ ਹੋਮਾਂ, ਟੀਕਾਕਰਨ ਕੇਂਦਰਾਂ ਅਤੇ ਆਂਗਣਵਾੜੀ ਕੇਂਦਰਾਂ 'ਤੇ ਵਿਸ਼ੇਸ਼ ਨਾਮਾਂਕਣ ਕੈਂਪਾਂ ਦਾ ਆਯੋਜਨ ਕਰੇਗਾ।

ਇਸ ਤੋਂ ਇਲਾਵਾ ਕ੍ਰਮਵਾਰ 5 ਅਤੇ 15 ਸਾਲ ਦੀ ਉਮਰ ਹੋਣ 'ਤੇ ਬੱਚਿਆਂ ਲਈ ਬਾਇਓਮੈਟ੍ਰਿਕਸ ਨੂੰ ਅਪਡੇਟ ਕਰਨਾ ਲਾਜ਼ਮੀ ਹੈ। ਮੈਨਡੇਟਰੀ ਬਾਇਓਮੈਟ੍ਰਿਕ ਅਪਡੇਟ (ਐਮ.ਬੀ.ਯੂ) ਇੱਕ ਮਹੱਤਵਪੂਰਨ ਪ੍ਰਕਿਰਿਆ ਹੈ ਜੋ ਆਧਾਰ ਡੇਟਾ ਦੀ ਸ਼ੁੱਧਤਾ ਅਤੇ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਂਦੀ ਹੈ, ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਇਹਨਾਂ ਬੱਚਿਆਂ ਦਾ ਆਧਾਰ 7 ਅਤੇ 17 ਸਾਲ ਦੀ ਉਮਰ ਹੋਣ 'ਤੇ ਅਯੋਗ ਹੋ ਜਾਂਦਾ ਹੈ। ਉਨ੍ਹਾਂ ਨੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਆਧਾਰ ਵੇਰਵੇ ਸਰਕਾਰੀ ਅਤੇ ਵਿੱਤੀ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਲਈ ਅੱਪ ਟੂ ਡੇਟ ਹੋਣ।

## ਪੀ.ਏ.ਯੂ.-ਕੇ.ਵੀ.ਕੇ. ਗੁਰਦਾਸਪੁਰ ਵੱਲੋਂ ਵਿਕਸਿਤ ਖੇਤੀਬਾੜੀ ਸੰਕਲਪ ਅਭਿਆਨ ਦੇ ਤਹਿਤ ਵੱਖ-ਵੱਖ ਪਿੰਡਾਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਗਏ




**ਗੁਰਦਾਸਪੁਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਗੁਰਦਾਸਪੁਰ ਵੱਲੋਂ ਵਿਕਸਤ ਖੇਤੀਬਾੜੀ ਸੰਕਲਪ ਅਭਿਆਨ ਤਹਿਤ ਵੱਖ-ਵੱਖ ਪਿੰਡਾਂ ਭੋਪਰ ਸੈਦਾਂ, ਚੌਹਾਨ, ਔਜਲਾ, ਕੋਟਲੀ ਰੌਲਾ, ਲਾਧੂਪੁਰ, ਮਾਨ ਚੋਪੜਾ, ਮਾੜੇ, ਸਹਾਏਪੁਰ, ਸ਼ੰਕਰਪੁਰਾ, ਡਡਿਆਲਾ ਨੱਤ, ਤੇਜਾ ਕਲਾਂ, ਤੇਜਾ ਖੁਰਦ, ਕੋਟ ਮੌਲਵੀ, ਪਰਾਚਾ, ਅਲੀਸ਼ੇਰ, ਅਮੀਪੁਰ ਵਿਖੇ ਕਿਸਾਨ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਇਹ ਪ੍ਰੋਗਰਾਮ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਨਿਰਦੇਸ਼ਕ ਡਾ. ਸਰਬਜੀਤ ਸਿੰਘ ਔਲਖ ਦੀ ਅਗਵਾਈ ਹੇਠ ਨੇਪਰੇ ਚਾੜ੍ਹੇ ਗਏ।

ਇਸ ਮੌਕੇ ਡਾ. ਸਤਵਿੰਦਰਜੀਤ ਕੌਰ, ਸਹਿਯੋਗੀ ਪ੍ਰੋਫੈਸਰ (ਭੂਮੀ ਵਿਗਿਆਨ) ਨੇ ਮਿੱਟੀ ਦੀ ਪਰਖ ਅਤੇ ਖਾਦ ਪ੍ਰਬੰਧ ਬਾਰੇ, ਡਾ. ਅਨਿਲ ਕੁਮਾਰ ਖੋਖਰ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਝੋਨੇ ਦੀਆਂ ਉੱਤਮ ਕਿਸਮਾਂ, ਪਨੀਰੀ ਦੀ ਦੇਖਭਾਲ ਸਬੰਧੀ, ਡਾ. ਯਾਮਿਨੀ ਸ਼ਰਮਾ, ਸਹਾਇਕ ਪ੍ਰੋਫੈਸਰ (ਬਾਗ਼ਬਾਨੀ) ਨੇ ਸਬਜ਼ੀਆਂ ਅਤੇ ਫਲਾਂ ਦੀ ਕਾਸ਼ਤ ਸਬੰਧੀ, ਡਾ. ਰਾਜਵਿੰਦਰ ਕੌਰ, ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਨੇ ਝੋਨੇ ਅਤੇ ਬਾਸਮਤੀ ਵਿੱਚ ਬੀਜ ਦੀ ਸੋਧ ਅਤੇ ਸਾਉਣੀ ਦੀਆਂ ਫ਼ਸਲਾਂ ਵਿੱਚ ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਅਤੇ ਡਾ ਅੰਕੁਸ਼ ਪਰੋਚ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ) ਨੇ ਪਸ਼ੂਆਂ ਦੀ ਗਰਮੀ ਵਿੱਚ ਸਾਂਭ ਸੰਭਾਲ ਅਤੇ ਹੋਰ ਲੱਗਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਕਿਸਾਨਾਂ ਨੂੰ ਖੇਤੀਬਾੜੀ ਸਾਹਿਤ ਵੀ ਵੰਡਿਆ ਗਿਆ। ਇਹਨਾਂ ਕੈਂਪਾਂ ਵਿੱਚ ਖੇਤੀਬਾੜੀ ਨਾਲ ਸਬੰਧਿਤ ਵਿਭਾਗਾਂ ਦੇ ਨੁਮਾਇੰਦਿਆਂ ਨੇ ਵੀ ਭਾਗ ਲਿਆ ਅਤੇ ਕਿਸਾਨ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ।

## ਚੇਅਰਮੈਨ ਸ੍ਰ. ਦਿਲਬਾਗ ਸਿੰਘ ਨੇ ਪਿੰਡਾਂ ਤੇ ਸ਼ਹਿਰਾਂ ਵਿੱਚੋਂ ਨਸ਼ਾ ਖਤਮ ਕਰਨ ਲਈ ਲੋਕਾਂ ਤੋਂ ਕੀਤੀ ਸਹਿਯੋਗ ਦੀ ਮੰਗ



**ਤਰਨ ਤਾਰਨ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਮੁਕਤੀ ਮੋਰਚਾ ਦੇ ਮਾਝਾ ਕੋਆਰਡੀਨੇਟਰ ਸੋਨੀਆਂ ਮਾਨ ਨੇ ਅੱਜ ਵਿਧਾਨ ਸਭਾ ਹਲਕਾ ਪੱਟੀ ਦੇ ਕਸਬਾ ਹਰੀਕੇ ਵਿਖੇ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਹਰੀਕੇ ਸ੍ਰ. ਦਿਲਬਾਗ ਸਿੰਘ ਨੇ ਵੀ ਪਿੰਡਾਂ ਤੇ ਸ਼ਹਿਰਾਂ ਵਿੱਚੋਂ ਨਸ਼ਾ ਖਤਮ ਕਰਨ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ। ਇਸ ਮੌਕੁ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਸਮੂਹ ਵਰਗਾਂ ਦੇ ਸਹਿਯੋਗ ਨਾਲ ਰਾਜ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨਾ ਹੈ ਅਤੇ ਪੰਜਾਬ ਨੌਜਵਾਨੀ ਨੂੰ ਇਸ ਭੈੜੀ ਅਲਾਮਤ ਤੋਂ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਜੋ ਸਾਡੀ ਨੌਜਵਾਨ ਪੀੜ੍ਹੀ ਦੀ ਜਿੰਦਗੀ ਨੂੰ ਲਗਾਤਾਰ ਤਬਾਹ ਕਰ ਰਿਹਾ ਸੀ ਅਤੇ ਲੋਕਾਂ ਦੇ ਘਰ ਬਰਬਾਦ ਕਰ ਰਿਹਾ ਸੀ, ਪਰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਅੱਜ ਕਾਫ਼ੀ ਹੱਦ ਤੱਕ ਇਸ ਬੁਰਾਈ ਤੋਂ ਰਾਹਤ ਮਿਲੀ ਹੈ।

ਸੋਨੀਆਂ ਮਾਨ ਨੇ ਕਿਹਾ ਕਿ ਸੂਬੇ ਵਿਚੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕਰਨ ਲਈ ਆਮ ਲੋਕਾਂ ਦੇ ਸਹਿਯੋਗ ਦੀ ਬਹੁਤ ਜ਼ਰੂਰਤ ਹੈ ਅਤੇ ਲੋਕਾਂ ਦੇ ਸਹਿਯੋਗ ਤੋਂ ਬਿਨ੍ਹਾਂ ਇਹ ਅਸੰਭਵ ਹੈ। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਿੰਡਾਂ ਵਿੱਚ ਇੱਕ ਪਹਿਰੇਦਾਰ ਦੀ ਤਰ੍ਹਾਂ ਕੰਮ ਕਰਨ, ਕਿਸੇ ਵੀ ਨਸ਼ਾ ਵੇਚਣ ਵਾਲੇ ਦਾ ਸਾਥ ਨਾ ਦਿੱਤਾ ਜਾਵੇ। ਜੇਕਰ ਪਿੰਡਾਂ ਵਿਚ ਕੋਈ ਨਸ਼ਾ ਖਾਂਦਾ ਦਿਖਾਈ ਦਿੰਦਾ ਹੈ ਤਾਂ ਉਸ ਨੂੰ ਨਸ਼ਾ ਛੁਡਾਓ ਕੇਂਦਰਾਂ ਵਿੱਚ ਭਰਤੀ ਕਰਵਾਇਆ ਜਾਵੇ, ਜਿੱਥੇ ਉਨ੍ਹਾਂ ਦਾ ਇਲਾਜ ਹੋ ਸਕੇ।

ਇਸ ਮੌਕੇ ਉਹਨਾਂ ਵੱਲੋਂ ਸਮੂਹ ਹਾਜ਼ਰੀਨ ਨੂੰ ਨਸਿ ?ਆਂ ਤੋਂ ਦੂਰ ਰਹਿਣ ਦੀ ਸਹੁੰ ਵੀ ਚੁਕਵਾਈ ਗਈ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਭੂਮਿਕਾ ਨਿਭਾਉਣ ਦੀ ਅਪੀਲ ਵੀ ਕੀਤੀ ਗਈ।

ਇਸ ਮੌਕੇ ਐਸ ਐਚ ਓ ਕੰਵਲਜੀਤ ਰਾਏ, ਸਰਪੰਚ ਇਕਬਾਲ ਸਿੰਘ ਸਿੱਧੂ ਹਰੀਕੇ, ਰੋਸ਼ਨ ਲਾਲ ਪੁਰੀ, ਸਰਪੰਚ ਸੋਨੂੰ ਭੁੱਲਰ ਕਿਰਤੋਵਾਲ, ਗੁਰਦਿਆਲ ਸਿੰਘ ਮਰਹਾਣਾ, ਬਲਵੀਰ ਸਿੰਘ ਸ਼ਾਹ, ਬਲਬੀਰ ਸਿੰਘ ਵਿਜੀਲੈਂਸ ਵਾਲੇ, ਪੰਚਾਇਤ ਮੈਂਬਰ ਅਮਰੀਕ ਸਿੰਘ, ਮਨਬੀਰ ਸਿੰਘ ਹਰੀਕੇ, ਭੁਪਿੰਦਰ ਸਿੰਘ ਕੱਪੜੇ ਵਾਲੇ, ਪ੍ਰਗਟ ਸਿੰਘ ਹਰੀਕੇ, ਸ਼ਾਲੂ ਹਰੀਕੇ, ਹੀਰਾ ਲਾਲ ਭਾਟੀਆ, ਪਰਮਜੀਤ ਸਿੰਘ ਕਰੀਰ, ਨਿਸ਼ਾਨ ਸਿੰਘ ਬੁੱਟਰ, ਸੁਖਵਿੰਦਰ ਸਿੰਘ ਸੰਧੂ, ਆਦਿ ਹਾਜ਼ਰ ਸਨ।

## ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਸਹਾਈ ਸਿੱਧ ਹੋ ਰਿਹਾ ਆਈਐਚਐਮ : ਵਧੀਕ ਡਿਪਟੀ ਕਮਿਸ਼ਨਰ

**ਬਠਿੰਡਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ (ਆਈਐਚਐਮ) ਨੇ ਅੱਜ ਆਪਣੇ ਉੱਦਮਤਾ ਪ੍ਰੋਗਰਾਮ ਦੇ ਤਹਿਤ ਇੰਡੀਅਨ ਸਵੀਟਸ ਐਂਡ ਬੇਕਰੀ ਦੇ ਦੋ ਸਫਲ ਬੈਚਾਂ ਲਈ ਇੱਕ ਪ੍ਰਮਾਣੀਕਰਣ ਸਮਾਰੋਹ ਦੀ ਮੇਜ਼ਬਾਨੀ ਕੀਤੀ, ਇਹ ਇੱਕ ਪਹਿਲ ਹੈ ਜਿਸ ਨੂੰ ਭਾਰਤ ਸਰਕਾਰ ਦੇ ਸੈਰ-ਸਪਾਟਾ ਮੰਤਰਾਲੇ ਦੁਆਰਾ ਖੁੱਲ੍ਹੇ ਦਿਲ ਨਾਲ ਫੰਡ ਦਿੱਤਾ ਗਿਆ ਹੈ। ਇਸ ਮੌਕੇ ਵਿਆਪਕ ਸਿਖਲਾਈ ਲੈਣ ਉਪਰੰਤ 70 ਚਾਹਵਾਨ ਉੱਦਮੀਆਂ ਨੂੰ ਸਰਟੀਫਿਕੇਟ ਵੀ ਵੰਡੇ।




ਇਸ ਮੌਕੇ ਸਰਟੀਫਿਕੇਟ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਪ੍ਰਿੰਸੀਪਲ ਆਈਐਚਐਮ ਸ਼੍ਰੀਮਤੀ ਕੰਚਨ ਦੁਆਰਾ ਭੇਟ ਕੀਤੇ ਗਏ। ਇਸ ਮੌਕੇ ਉਹਨਾਂ ਆਪਣੇ ਸੰਬੋਧਨ ਵਿੱਚ ਭਾਗੀਦਾਰਾਂ ਦੇ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਸੈਰ-ਸਪਾਟਾ ਖੇਤਰ ਵਿੱਚ ਆਰਥਿਕ ਵਿਕਾਸ ਨੂੰ ਅੱਗੇ ਵਧਾਉਣ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਉੱਦਮਤਾ ਦੀ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੈਰ-ਸਪਾਟਾ ਮੰਤਰਾਲੇ ਵੱਲੋਂ ਇਹ ਪਹਿਲਕਦਮੀ, ਜੋ ਕਿ ਆਈਐਚਐਮ ਰਾਹੀਂ ਚਲਾਈ ਗਈ ਹੈ, ਵਿਅਕਤੀਆਂ ਨੂੰ ਸਸ਼ਕਤ ਬਣਾਉਣ ਅਤੇ ਦੇਸ਼ ਭਰ ਵਿੱਚ ਸੈਰ-ਸਪਾਟਾ ਵਾਤਾਵਰਣ ਨੂੰ ਮਜ਼ਬੂਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਇਸ ਮੌਕੇ ਸ਼੍ਰੀਮਤੀ ਗੀਤੂ ਬਾਲਾ ਗਰਗ, ਸੀਬੀਐਸਪੀ ਕੋਆਰਡੀਨੇਟਰ ਨੇ ਪ੍ਰੋਗਰਾਮ ਦੇ ਨਤੀਜਿਆਂ 'ਤੇ ਆਪਣੀ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਉੱਦਮਤਾ ਅਤੇ ਹੁਨਰ ਵਿਕਾਸ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਆਈਐਚਐਮ ਦੀ ਵਚਨਬੱਧਤਾ ਨੂੰ ਦੁਹਰਾਇਆ।

# ਕੂੰਜਾਂ ਦੇ ਮਗਰੇ - ਮਗਰ ਕੂੰਜਾਂ ਦੇ ਦੇਸ

ਜਗਦੇਵ ਸਿੱਧੂ



403 351 1136

ਕਣਕੀਂ ਕੂੰਜੀਂ ਮਿਹਣਾ, ਜੇ ਰਹਿ ਜਾਣ ਵਿਸਾਖ।

ਭਲਾ ਠੰਢੇ ਵਤਨਾਂ ਦੀਆਂ ਕੂੰਜਾਂ ਤਾਂ ਗਰਮੀ ਨਹੀਂ ਸਹਾਰਦੀਆਂ ਤੇ ਵਤਨਾਂ ਨੂੰ ਮੁੜ ਲੰਮੀ ਉਡਾਰੀ ਮਾਰ ਜਾਂਦੀਆਂ ਹਨ, ਕਣਕਾਂ ਨੇ ਵੀ ਗਰਮੀ ਸ਼ੁਰੂ ਹੁੰਦਿਆਂ ਪੱਕਣਾ ਹੀ ਹੁੰਦਾ ਹੈ, ਪਰ ਸ਼ੇਖਰ ਨੂੰ ਕੀ ਅਹੁੜਿਆ ਕਿ ਉਹ ਵੀ ਚੜ੍ਹਦੇ ਵਿਸਾਖ ਆਪਣੀਆਂ ਪਾਲ਼ੀਆਂ ਕਣਕਾਂ ਨੂੰ ਪਕਦੀਆਂ ਛੱਡ ਕੇ ਲੰਮੀ ਉਡਾਰੀ ਮਾਰ ਕੇ ਕੂੰਜਾਂ ਦੇ ਦੇਸ ਆ ਉੱਤਰਿਆ। ਪੰਜਾਬ ਤੋਂ ਕੈਨੇਡਾ ਵਿਚ।

ਕੂੰਜਾਂ ਵੇਖਣਾ ਕੁਦਰਤ ਦਾ ਇੱਕ ਅਲੋਕਾਰ ਨਜ਼ਾਰਾ ਹੈ। ਇਹ ਬਰਫਾਨੀ ਠੰਢੇ ਇਲਾਕਿਆਂ ਵਿਚ ਰਹਿੰਦੀਆਂ ਹਨ, ਚਾਹੇ ਸਾਇਬੇਰੀਆ ਹੋਵੇ, ਮੰਗੋਲੀਆ ਜਾਂ ਕੈਨੇਡਾ ਦਾ ਟੁੰਡਰਾ ਇਲਾਕਾ। ਜਦੋਂ ਇਨ੍ਹਾਂ ਦੇ ਰੈਣ-ਬਸੇਰੇ ਵਿਚ ਨਿਰੀ ਬਰਫ਼ ਦਾ ਰਾਜ ਹੁੰਦਾ ਹੈ ਤੇ ਪਾਰਾ ਬਹੁਤ ਮਨਫ਼ੀ ਚਲਾ ਜਾਂਦਾ ਹੈ, ਸੂਰਜ ਦਿਖਾਈ ਨਹੀਂ ਦਿੰਦਾ ਤਾਂ ਇਹ ਹਜ਼ਾਰਾਂ ਮੀਲਾਂ ਦੀ ਲੰਮੀ ਉਡਾਰੀ ਮਾਰ ਕੇ ਦੂਰ-ਦੁਰਾਡੇ ਇਲਾਕਿਆਂ ਵਿਚ ਜਾ ਉਤਰਦੀਆਂ ਹਨ। ਪੰਜਾਬ ਦੀਆਂ ਸਰਦੀਆਂ ਦਾ ਪੌਣਪਾਣੀ ਇਨ੍ਹਾਂ ਦੇ ਖ਼ਾਸ ਕਰ ਕੇ ਰਾਸ ਆਉਂਦਾ ਹੈ। ਓਥੇ ਜਦੋਂ ਕੱਤੇ ਦੇ ਮਹੀਨੇ ਠਾਰੀ ਉਤਰਦੀ ਹੈ ਤਾਂ ਕੂੰਜਾਂ ਦੀਆਂ ਡਾਰਾਂ ਅੱਧ ਅਸਮਾਨ ਵਿਚ ਇਉਂ ਦਿਸਦੀਆਂ ਹਨ ਜਿਵੇ ਦੋ ਉਲਟ ਦਿਸਹੱਦਿਆਂ ਤੋਂ ਦੋ ਲਕੀਰਾਂ ਨੇੜੇ ਹੁੰਦੀਆਂ-ਹੁੰਦੀਆਂ ਇਕ ਬਿੰਦੂ ਤੇ ਆ ਸਿਮਟਦੀਆਂ ਹੋਣ, ਇਨ੍ਹਾਂ ਦੀ ਹੂਕ ਜਿਵੇਂ ਬ੍ਰਹਿਮੰਡ 'ਚੋਂ ਗੂੰਜਿਆ ਬ੍ਰਹਮਨਾਦ ਹੋਵੇ, ਇਨ੍ਹਾਂ ਦੇ ਮਜ਼ਬੂਤ ਖੰਭਾਂ ਦੀ ਹਰਕਤ ਜਿਵੇਂ ਆਕਾਸ਼ਗੰਗਾ ਦੀਆਂ ਤਰੰਗਾਂ ਹੋਣ, ਇਨ੍ਹਾਂ ਦੀ ਉਡਾਰੀ ਦਾ ਅਲੌਕਿਕ ਨਜ਼ਾਰਾ ਜਿਵੇਂ ਨੀਲੇ ਅਸਮਾਨੀਂ ਕੋਈ ਕਵਿਤਾ ਤੈਰ ਰਹੀ ਹੋਵੇ।

ਕੱਤਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥

ਸ਼ੇਖਰ ਜਦੋਂ ਕੋਠੇ ਤੇ ਚੜ੍ਹ ਕੇ ਉਡਦੀਆਂ ਕੂੰਜਾਂ ਨੂੰ ਟਿਕਟਿਕੀ ਲਾ ਕੇ ਵੇਖਦਾ ਤਾਂ ਕਿਸੇ ਰੂਹਾਨੀ ਆਨੰਦ ਵਿਚ ਲੈਅ-ਮਗਨ ਹੋ ਜਾਂਦਾ। ਕਿਵੇਂ ਦੋ ਉਡਾਰੀਆਂ ਪੂਰਨ ਲੈਅ ਵਿਚ ਖਿਸਕਦੀਆਂ-ਖਿਸਕਦੀਆਂ ਲਿਟਵੀਂ `ਵੀ` (ਅੰਗ੍ਰੇਜ਼ੀ ਦਾ ਅੱਖਰ) ਦੀ ਸ਼ਕਲ ਅਖਤਿਆਰ ਕਰਦੀਆਂ ਇੱਕ ਦੂਜੀ ਵਿਚ ਸਮਾਵੇਸ਼ ਕਰ ਕੇ ਇੱਕ ਉਡਾਰੀ ਬਣ ਜਾਂਦੀਆਂ। ਮਜਾਲ ਐ ਕੋਈ ਕੂੰਜ ਇਧਰ ਉਧਰ ਹੋ ਕੇ ਸੰਤੁਲਨ ਵਿਗਾੜੇ। ਕਦੇ-ਕਦਾਈਂ ਕੋਈ ਕੂੰਜ ਪਿੱਛੇ ਰਹਿ ਜਾਂਦੀ ਤੇ ਕੁਰਲਾਹਟ ਕਰਦੀ ਸਖੀਆਂ ਸਹੇਲੀਆਂ ਨੂੰ ਭਾਲ਼ਦੀ ਦਿਸਦੀ। ਇਸ ਦੀ ਤੁਲਨਾ ਕਿਸੇ ਇਕੱਲੀ ਵਿਆਹੁਤਾ ਮੁਟਿਆਰ ਦੇ ਵਿਯੋਗ ਨਾਲ ਕੀਤੀ ਗਈ ਹੈ -

ਨੀਂ ਮੈਂ ਕੂੰਜ ਵਿੱਛੜ ਗਈ ਡਾਰੋਂ ਤੇ ਸੱਜਣਾਂ ਨੂੰ ਲੱਭਦੀ ਫਿਰਾਂ।

ਕੋਈ ਧੀ ਜਦੋਂ ਵਿਆਹ ਸਮੇ ਬਾਬਲ ਤੋਂ ਵਿਦਾ ਹੁੰਦੀ ਹੈ ਤਾਂ ਉਸ ਦੇ ਅੰਦਰੋਂ ਹੂਕ ਉਠਦੀ ਹੈ - ਸਾਡੀ ਲੰਮੀ ਉਡਾਰੀ ਵੇ ਬਾਬਲ ਅਸਾਂ ਉੱਡ ਜਾਣਾ। ਜਿਵੇਂ ਕੂੰਜਾਂ ਕੱਤੇ ਤੋਂ ਚੇਤ ਉਤਰਦੇ ਤੱਕ ਪੰਜਾਬ ਦੀ ਧਰਤੀ ਤੇ ਦਾਣਾ-ਪਾਣੀ ਚੁਗਣ ਆਉਂਦੀਆਂ ਹਨ, ਲਗਦਾ ਹੈ ਧੀਆਂ ਵੀ ਬਾਬਲ ਦੇ ਘਰ ਜਿਵੇਂ ਪ੍ਰਾਹੁਣੀਆਂ ਹੀ ਹੁੰਦੀਆਂ ਹਨ, ਇੱਕ ਦਿਨ ਤਾਂ ਪਰਾਏ ਘਰ ਜਾਣਾ ਹੀ ਪੈਂਦਾ ਹੈ -

ਬੂਰ ਪਿਆ ਕਣਕਾਂ ਨੂੰ ਮਾਏ ਵਿਚ ਬਾਗੀਂ ਅੰਬੀਆਂ ਪੱਕੀਆਂ।

ਅੱਗ ਦੇ ਭਾਂਬੜ ਵਰਗੀਆਂ ਧੀਆਂ ਤੂੰ ਸਾਂਭ ਸਾਂਭ ਕੇ ਰੱਖੀਆਂ।

ਗਿਣਵੇਂ ਦਿਨਾਂ ਦੀਆਂ ਸਾਂਝਾਂ ਵੇ ਬਾਬਲ ਅਸਾਂ ਸਿਦਕਾਂ ਨਾਲ ਨਿਭਾਈਆਂ।

ਕੂੰਜਾਂ ਵਾਂਗ ਪ੍ਰਾਹੁਣੀਆਂ ਧੀਆਂ ਤੇਰੇ ਵਿਹੜੇ ਖੇਡਣ ਆਈਆਂ।

ਸ਼ੇਖਰ ਨੂੰ ਲਗਦਾ ਕਿ ਗੱਲ ਤਾਂ ਦਾਣੇ-ਪਾਣੀ ਦੀ ਹੀ ਹੈ। ਜਦੋਂ ਅੱਤ ਦੇ ਠੰਢੇ ਇਲਾਕਿਆਂ ਵਿਚ ਬਰਫ਼ ਦੀ ਬਹੁਤਾਤ ਅਤੇ ਸੂਰਜ ਦੀ ਗੈਰਹਾਜ਼ਰੀ ਸਦਕਾ ਚੋਗਾ ਲਗਭਗ ਅਲੋਪ ਹੋ ਜਾਂਦਾ ਹੈ ਤਾਂ ਕੂੰਜਾਂ ਆਪਣੇ ਨਿੱਕੇ ਚੂਚਿਆਂ ਨੂੰ ਛੱਡ ਕੇ ਚੋਗੇ ਦੀ ਭਾਲ਼ ਵਿਚ ਲੰਮੀ ਉਡਾਰੀ ਮਾਰਦੀਆਂ ਹਨ। ਸ਼ੇਖਰ ਹੈਰਾਨ ਹੁੰਦਾ ਕਿ ਪਿੱਛੇ ਇਨ੍ਹਾਂ ਦੇ ਬੱਚਿਆਂ ਦਾ ਕੀ ਬਣੂੰ -

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨ ਕਰਿਆ।

ਸ਼ੇਖਰ ਆਪਣੇ ਨਾਲ ਦੇ ਪਿੰਡ ਦੀ ਗਹਿਣੇ ਲਈ ਜ਼ਮੀਨ ਤੇ ਉਦੋਂ ਬਾਹਲ਼ੇ ਗੇੜੇ ਮਾਰਨ ਲਗਦਾ ਜਦੋਂ ਓਥੇ ਕੂੰਜਾਂ ਦੇ ਝੁੰਡ ਉੱਤਰਦੇ। ਦਰਅਸਲ ਇਹ ਥਾਂ ਕੂੰਜਾਂ ਲਈ ਢੁਕਵੀਂ ਸੀ। ਇੱਕ ਤਾਂ ਇਹ ਜ਼ਮੀਨ ਲਾਗਲੇ ਪਿੰਡਾਂ ਦੀ ਵਸੋਂ ਤੋਂ ਖਾਸੀ ਦੂਰ ਸੀ, ਸੋ ਕੁੱਤੇ-ਬਿੱਲੀ ਦਾ ਡਰ ਘੱਟ ਸੀ। ਦੂਜਾ ਇਹ ਖੇਤ ਨਹਿਰ ਅਤੇ ਸੂਏ ਦੇ ਸੰਨ੍ਹ ਵਿਚ ਪੈਂਦੇ ਸਨ। ਦੋਵਾਂ ਪਟੜੀਆਂ ਤੇ ਟਾਹਲੀਆਂ ਦੇ ਵੱਡੇ ਸੰਘਣੇ ਦਰਖਤ ਸਨ, ਜੰਡ, ਕਰੀਰ, ਵਣ, ਰਹੂੜੇ ਸਨ, ਮਲ੍ਹਿਆਂ ਦੀਆਂ ਝਾੜੀਆਂ ਤੇ ਧਾਮਣ ਵਰਗੇ ਲੰਮੇ ਘਾਹ ਸਨ। ਓਦੋਂ ਇਨ੍ਹਾਂ ਮਾਰੂ (ਬਰਾਨੀ ) ਪਰ ਪੱਧਰੀਆਂ ਤੇ ਉਪਜਾਊ ਜ਼ਮੀਨਾਂ ਵਿਚ ਛੋਲੇ, ਤਾਰਾਮੀਰਾ ਤੇ ਸਰ੍ਹੋਂ ਦੀ ਤਕੜੀ ਫਸਲ ਹੁੰਦੀ ਸੀ। ਕਹਿੰਦੇ ਸਨ ਜ਼ਮੀਨ ਝੋਟੇ ਦੇ ਸਿਰ ਵਰਗੀ ਹੈ। (ਹੁਣ ਤਾਂ ਮੋਘਾ ਪੈਂਦਾ ਹੈ, ਲਹਿਰਾਂ-ਬਹਿਰਾਂ ਹਨ)। ਸੋ ਕੂੰਜਾਂ ਦੇ ਲੁਕਣ, ਉੱਡ ਕੇ ਦਰਖਤਾਂ ਉਪਰ ਚੜ੍ਹਨ, ਰਹਿਣ ਅਤੇ ਖਾਣ-ਪੀਣ ਵਾਸਤੇ ਇਹ ਵਧੀਆ ਰਿਹਾਇਸ਼ੀ ਖੇਤਰ ਸੀ। ਸ਼ੇਖਰ ਚੌੜ-ਚੌੜ ਵਿਚ ਇਨ੍ਹਾਂ ਕੂੰਜਾਂ ਮਗਰ ਫਿਰਦਾ ਰਹਿੰਦਾ ਪਰ ਛੇੜਦਾ ਨਾ। ਉਸਦਾ ਬਾਪ ਕਹਿੰਦਾ - ਇਹ ਤਾਂ ਵਿਚਾਰੀਆਂ ਧੀਆਂ - ਧਿਆਣੀਆਂ ਚਾਰ ਦਿਨਾਂ ਦੀਆਂ ਪ੍ਰਾਹੁਣੀਆਂ ਬੜੀ ਦੂਰੋਂ ਆਈਆਂ ਨੇ ਤੇ ਉੱਡ ਜਾਣਗੀਆਂ। ਫੇਰ ਜਦੋਂ ਵਿਸਾਖ ਚੜ੍ਹਨ ਤੋਂ ਪਹਿਲਾਂ ਹੀ ਕੂੰਜਾਂ ਦੀਆਂ ਡਾਰਾਂ ਮੁੜਦੀਆਂ ਅਸਮਾਨ ਤੇ ਦਿਸਦੀਆਂ ਤਾਂ ਉਹ ਉਦਰੇਵਾਂ ਕਰਦਾ। ਉਸ ਦਾ ਜੀਅ ਕਰਦਾ ਕਿ ਉਨ੍ਹਾਂ ਦੇ ਨਾਲ ਹੀ ਉੱਡ ਜਾਵੇ। ਇੱਕ ਨਿਆਣੇ ਦੇ ਮਨ ਵਿਚ ਇਹੋ ਜਿਹੇ ਖਿਆਲ ਸੁਪਨੇ ਦਾ ਰੂਪ ਧਾਰ ਲੈਂਦੇ ਹਨ ਤੇ ਕਿਤੇ ਨਾ ਕਿਤੇ ਜ਼ਹਿਨ ਵਿਚ ਮਨ੍ਹੇ ਵਾਂਗ ਗੱਡੇ ਜਾਂਦੇ ਹਨ, ਜਿਹੜੇ ਮੁਨਾਸਬ ਸਮਾਂ ਆਉਣ ਤੇ ਸ਼ਾਇਦ ਪੂਰੇ ਹੋਣੇ ਹੁੰਦੇ ਹਨ, ਠੀਕ ਜਿਵੇਂ ਮੀਂਹ ਪੈਣ ਤੇ ਚੀਚ ਵਹੁਟੀਆਂ ਟਿੱਬਿਆਂ ਤੇ ਰੀਂਗਦੀਆਂ ਹਨ, ਜਿਵੇਂ ਰੂੜੀਆਂ ਤੇ ਵੀ ਖੁੰਬਾਂ ਉੱਠ ਖੜ੍ਹਦੀਆਂ ਹਨ। ਖ਼ੈਰ ਉਹ ਦਿਨ ਵੀ ਆ ਗਿਆ ਜਦੋਂ ਉਸ ਦੇ ਨੌਕਰੀ ਤੋਂ ਸੇਵਾ-ਮੁਕਤ ਹੋਣ ਮਗਰੋਂ ਕੈਨੇਡਾ ਰਹਿੰਦੇ ਧੀ-ਪੁੱਤ ਕੋਲ ਜਾਣ ਦਾ ਸਬੱਬ ਬਣ ਗਿਆ। ਸਬੱਬ ਕੀ, ਬੱਸ ਦੇਵਨੇਤ ਨੂੰ ਚੜ੍ਹਦੇ ਵਿਸਾਖ ਉਸ ਨੇ ਦਿੱਲੀ ਏਅਰਪੋਰਟ ਤੋਂ ਲੰਮੀ ਉਡਾਰੀ ਭਰੀ ਤੇ ਮਲਕੜੇ ਜਿਹੇ ਕੈਨੇਡਾ ਦੇ ਸ਼ਹਿਰ ਕੈਲਗਰੀ ਆ ਉੱਤਰਿਆ - ਕੂੰਜਾਂ ਦੇ ਦੇਸ, ਸੁਪਨਿਆਂ ਦੇ ਦੇਸ।



ਜਿਹੜੇ ਨਜ਼ਾਰੇ ਉਹ ਓਧਰ ਵੇਖਦਾ ਸੀ ਉਹ ਬਦਲਵੀਂ ਜਾਂ ਉਸੇ ਸ਼ਕਲ ਵਿਚ ਏਧਰ ਵੀ ਵੇਖਣ ਨੂੰ ਮਿਲੇ। ਉਹ ਮਨ ਹੀ ਮਨ ਖ਼ੁਸ਼ ਵੀ ਹੁੰਦਾ, ਅਚੰਭਿਤ ਵੀ, ਵਿਚਾਰ-ਮਗਨ ਵੀ ਤੇ ਓਦਰਦਾ ਵੀ। ਏਥੇ ਓਹੀ ਕੂੰਜਾਂ ਦੇ ਝੁੰਡ, ਓਹੀ ਅਸਮਾਨੀ ਉਡਦੀਆਂ ਡਾਰਾਂ ਰੋਜ਼ ਸ਼ਾਮ ਨੂੰ ਦਿਸਦੀਆਂ। ਓਹੀ ਗੋਲੇ ਕਬੂਤਰ। ਓਹੀ ਚਿੱਟੇ, ਚਿਤਕਬਰੇ, ਬੱਗੇ ਤੇ ਲਾਲ ਭਾਹ ਮਾਰਦੇ ਸੁਰਮਈ ਕਬੂਤਰ। ਸ਼ੇਖਰ ਵੇਖਦਾ ਤੇ ਯਾਦ ਕਰਦਾ ਕਿ ਜਦੋਂ ਨਿੱਕਾ ਹੁੰਦਾ ਛੇ ਕੋਹ ਦੂਰ ਨਾਨਕੇ ਪਿੰਡ ਤੁੰਗਵਾਲੀ ਜਾਂਦਾ ਸੀ ਤਾਂ ਚੁਬਾਰੇ ਤੇ ਲੱਗੀ ਛਤਰੀ ਤੇ ਬੈਠੇ ਬਿਲਕੁਲ ਇਹੋ ਜਿਹੇ ਕਬੂਤਰ ਵੇਖਦਾ ਸੀ। ਉਸ ਦੇ ਨਾਨੇ ਦੇ ਇਕਲੌਤੇ ਲਾਡਲੇ ਪੁੱਤਰ ਜਾਣੀ ਮਾਮੇ ਨੂੰ ਕਬੂਤਰਬਾਜ਼ੀ ਦਾ ਸ਼ੌਕ ਸੀ। ਮਾਮੇ ਦੀ ਰੀਸ ਨਾਲ ਸ਼ੇਖਰ ਆਪ ਕਬੂਤਰਾਂ ਨੂੰ ਮੱਖਣੀ ਲਾ ਕੇ ਬਦਾਮ ਖੁਆਉਂਦਾ ਹੁੰਦਾ ਸੀ। ਕਹਿੰਦੇ ਸਨ ਇਸ ਖ਼ੁਰਾਕ ਨਾਲ ਖੰਭਾਂ ਦੇ ਪੱਠੇ ਮਜ਼ਬੂਤ ਹੁੰਦੇ ਹਨ, ਗਰਮੀ ਘੱਟ ਲਗਦੀ ਹੈ, ਥਕੇਵਾਂ ਨਹੀਂ ਹੁੰਦਾ, ਉਡਾਰੀ ਉੱਚੀ ਹੁੰਦੀ ਹੈ, ਉਡਦਿਆਂ ਨੂੰ ਭੁੱਖ- ਤੇਹ ਵੀ ਨਹੀਂ ਲਗਦੀ। ਇਨ੍ਹਾਂ ਕਬੂਤਰਾਂ ਨੂੰ ਉਡਾਉਣ ਦੀਆਂ ਸ਼ਰਤਾਂ ਲਗਦੀਆਂ। ਦਸਦੇ ਹਨ ਕਿ ਇਨ੍ਹਾਂ ਦੇ ਗਲ਼ ਵਿਚ ਰੁੱਕੇ ਬੰਨ੍ਹ ਕੇ ਦੂਰ ਸਹੀ ਟਿਕਾਣੇ ਤੇ ਪੁਚਾਏ ਜਾਂਦੇ ਸਨ। ਇਉਂ ਇਹ ਸੁਨੇਹੇ ਭੇਜਣ ਵਾਲੇ ਦੂਤ ਵਜੋਂ ਵਰਤੇ ਜਾਂਦੇ ਰਹੇ ਹਨ - ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ।

ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ। ਪਰ ਏਧਰ ਤਾਂ ਇਹ ਕਬੂਤਰ ਸ਼ਰੇਆਮ ਖੁੱਲ੍ਹੇ ਫਿਰਦੇ ਹਨ, ਨਾ ਕੋਈ ਛੇੜੇ ਨਾ ਬਦਾਮ ਖੁਆਵੇ।

ਏਧਰ ਸ਼ੇਖਰ ਨੇ ਇੱਕ ਹੋਰ ਖ਼ੁਸ਼ਨੁਮਾ ਵਰਤਾਰਾ ਵੇਖਿਆ। ਦੇਸੀ ਚਿੜੀਆਂ, ਜਿਨ੍ਹਾਂ ਨੂੰ ਕਦੇ ਉਹ ਟੋਕਰਾ ਲਾ ਕੇ ਤੇ ਦਾਣਿਆਂ ਦਾ ਚੋਗਾ ਪਾ ਕੇ ਫੜਦਾ ਹੁੰਦਾ ਸੀ ਤੇ ਜਿਹੜੀਆਂ ਕਈ ਚਿਰਾਂ ਤੋਂ ਅਲੋਪ ਹੋ ਗਈਆਂ ਸਨ, ਉਹ ਏਧਰ ਵਾਧੂ ਹਨ। ਕਿਸੇ ਹਿੰਦੀ ਕਵੀ ਦੇ ਵਿਹੜੇ ਦਾ ਸ਼ਿੰਗਾਰ ਹੁੰਦੀਆਂ ਸਨ - ਮੇਰੇ ਮਟ ਮੈਲੇ ਆਂਗਨ ਮੇਂ ਫੁਦਕ ਰਹੀ ਗੌਰਈਆ। ਜਦੋਂ ਵੱਡੇ ਤੜਕੇ ਇਨ੍ਹਾਂ ਚਿੜੀਆਂ ਦੀ ਚਹਿਚਿਹਾਟ ਕੰਨੀਂ ਪੈਂਦੀ ਤਾਂ ਹਾਲ਼ੀ ਹਰਨਾਲੀ ਲੈ ਕੇ ਖੇਤਾਂ ਨੂੰ ਤੁਰ ਪੈਂਦੇ, ਸੁਆਣੀਆਂ ਦੁੱਧ 'ਚ ਮਧਾਣੀ ਪਾਉਂਦੀਆਂ, ਚੁੱਲ੍ਹੇ-ਚੌਂਕੇ ਦਾ ਆਹਰ ਕਰਦੀਆਂ, ਰਾਹੀ ਵਾਟ ਨਿਬੇੜਨ ਲਈ ਰਾਹ ਪੈਂਦੇ। ਸ਼ਾਇਰ ਨੂੰ ਕਵਿਤਾ ਫੁਰਦੀ -

ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ, ਪਈਆਂ ਚਾਟੀਆਂ ਵਿਚ ਮਧਾਣੀਆਂ ਨੀ।

ਗੁਰਬਾਣੀ ਦੀਆਂ ਇਹ ਸਤਰਾਂ ਵੀ ਇਹੋ ਬਿਆਨ ਕਰਦੀਆਂ ਹਨ -

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੈ ਨਾਨਕ ਨਾਮਹਿ ਰੰਗ॥ (ਅੰਗ 319॥

ਸ਼ੇਖਰ ਨੂੰ ਜਦੋਂ ਵੀ ਆਪਣੇ ਖੇਤ, ਫਸਲਾਂ ਛੱਡਣ ਦਾ ਵਿਗੋਚਾ ਲਗਦਾ ਤਾਂ ਲੰਮੀ ਸੈਰ ਕਰਨ ਨਿਕਲ ਜਾਂਦਾ। ਜੋ ਕੁਛ ਆਲ਼ੇ-ਦੁਆਲ਼ੇ ਵੇਖਦਾ ਉਸ ਨਾਲ ਮਨ ਬਹਿਲ ਜਾਂਦਾ, ਧਰਵਾਸ ਮਿਲਦਾ। ਪੀਲ਼ੇ ਫੁੱਲਾਂ ਵਾਲੀ ਬੂਟੀ `ਡੈਂਡੀਲਾਇਨ` ਉਸ ਨੂੰ ਭਗਤਲ਼ ਲਗਦੀ। ਓਹੀ ਭਗਤਲ਼ ਜਿਹੜੀ ਬਰਾਨੀ ਖੇਤਾਂ ਵਿਚ ਛੋਲਿਆਂ ਦੀ ਫਸਲ ਵਿਚ ਨਦੀਨ ਦੇ ਰੂਪ ਵਿਚ ਆਮ ਹੁੰਦੀ ਸੀ ਤੇ ਉਸ ਨੂੰ ਦਾਤੀ ਨਾਲ ਪੱਟ ਕੇ ਘਰ ਲਿਆ ਕੇ ਪਸ਼ੂਆਂ ਨੂੰ ਪਾਇਆ ਜਾਂਦਾ ਸੀ। ਇਸ ਤੋਂ ਬਿਨਾ ਲਵੇ-ਲੈਣੇ ਪੀਲ਼ੇ ਤੇ ਚਿੱਟੇ ਚਾਰੇ (ਸੇਂਜੀ) ਦੀ ਬੇਸ਼ੁਮਾਰ ਹੋਂਦ ਸੀ। ਓਧਰ ਤਾਂ ਬਰਸੀਮ ਅਤੇ ਜਵੀ ਦੀ ਖੇਤੀ ਸਦਕਾ ਸੇਂਜੀ ਦਾ ਬੀਜ ਨਾਸ਼ ਹੋ ਚੁੱਕਿਆ ਹੈ। ਉਹ ਵੇਖ ਕੇ ਯਾਦਾਂ ਵਿਚ ਗੁਆਚ ਜਾਂਦਾ। ਖੜ੍ਹੇ ਨਰਮੇ ਜਾਂ ਕਪਾਹ ਵਿਚ ਪਾਣੀ ਲਾ ਕੇ ਨਾਲ ਦੀ ਨਾਲ ਚਾਰੇ ਦੇ ਬੀ ਦਾ ਸਿੱਟਾ ਦੇਈ ਜਾਂਦੇ, ਪੈਰਾਂ ਨਾਲ ਪਾਣੀ ਨੂੰ ਗੰਧਾਲੀ ਜਾਂਦੇ ਤੇ ਚਾਰਾ ਉੱਗ ਆਉਂਦਾ ਸੀ। ਵੱਡਾ ਹੋਣ ਤੇ ਖੜ੍ਹੀਆਂ ਛਟੀਆਂ ਵਿਚ ਹੀ ਵੱਢ ਕੇ ਕੁਤਰਾ ਕਰ ਕੇ ਪਸ਼ੂਆਂ ਨੂੰ ਪਾ ਦਿੰਦੇ। ਇੱਕ ਵਾਰੀ ਚਾਰਾ ਵੱਢਦਿਆਂ ਛਟੀ ਨਾਲ ਖਹਿ ਕੇ ਦਾਤੀ ਉਸ ਦੀ ਉਂਗਲ ਤੇ ਵੱਜੀ ਸੀ, ਯਾਦ ਕਰ ਕੇ ਉਸ ਨੂੰ ਹੁਣ ਵੀ ਧੁੜਧੁੜੀ ਆ ਗਈ। ਪਰ ਜਿਸ ਵਰਤਾਰੇ ਨੇ ਸ਼ੇਖਰ ਨੂੰ ਪ੍ਰੇਸ਼ਾਨ ਕੀਤਾ ਉਹ ਸੀ ਸਿਆਲ ਆਉਂਦਿਆਂ ਸਾਰ ਦਰਖਤਾਂ ਦਾ ਰੁੰਡ-ਮਰੁੰਡ ਹੋ ਜਾਣਾ। ਉਹ ਸੋਚਦਾ ਨਿਰ-ਪੱਤਰੇ ਰੁੱਖ ਸਤੰਬਰ ਤੋਂ ਅਪ੍ਰੈਲ ਦੇ ਸ਼ੁਰੂ ਤੱਕ ਇਵੇਂ ਘੋਨੀ ਜੂਨ ਭੋਗਣਗੇ। ਜਦੋਂ ਤਾਜ਼ਾ ਬਰਫ (ਸਨੋਅ) ਪਈ ਇਉਂ ਲੱਗਿਆ ਜਿਵੇਂ ਰੂੰ ਦੇ ਫੰਬੇ ਡਿਗਦੇ ਹੋਣ। ਪੋਲੀ-ਪੋਲੀ ਬਰਫ ਤੇ ਤੁਰਦਿਆਂ ਇਹੋ ਸੋਚ ਭਾਰੂ ਸੀ ਕਿ ਇਹ ਓਹੀ ਪਾਣੀ ਹੈ ਜਿਸ ਦੀ ਬੂੰਦ-ਬੂੰਦ ਨੂੰ ਤਰਸਦੇ ਹੁੰਦੇ ਸਾਂ। ਯਾਦ ਆਉਂਦਾ ਕਿਵੇਂ ਨਹਿਰ ਦੀ ਬੰਦੀ ਹੁੰਦੀ ਸੀ, ਫਸਲਾਂ ਕੁਮਲਾ ਜਾਂਦੀਆਂ ਸਨ। ਜਦ ਸੂਏ ਵਿਚ ਪਾਣੀ ਦੀ ਛੱਲ ਆਉਣੀ ਤਾਂ ਸਾਰੇ ਪਿੰਡ ਨੂੰ ਚਾਅ ਚੜ੍ਹ ਜਾਣਾ। ਪਾਣੀ ਦੀ ਵਾਰੀ ਪਿੱਛੇ ਝੜਪਾਂ ਹੋ ਜਾਣੀਆਂ। ਏਥੇ ਪਾਣੀ ਪੈਰਾਂ ਹੇਠ ਵਿਛਿਆ ਪਿਐ। ਬਰਫ ਤੇ ਕਿਰਚ-ਕਿਰਚ ਕਰ ਕੇ ਤੁਰਨ ਵੇਲੇ ਕੱਕਾ ਰੇਤਾ ਚੇਤੇ ਆ ਜਾਣਾ। ਯਾਦ ਆ ਜਾਂਦੀਆਂ ਕਲਿਆਣਾਂ ਦੇ ਟਿੱਬਿਆਂ ਤੋਂ ਉੱਠੀਆਂ ਕਾਲ਼ੀਆਂ-ਬੋਲ਼ੀਆਂ ਹਨੇਰੀਆਂ। ਮੂੰਹ-ਸਿਰ ਰੇਤੇ ਨਾਲ ਭਰ ਜਾਣਾ। ਏਥੇ ਤਾਂ ਵਰ੍ਹਦੀ ਬਰਫ ਵਿਚ ਵੀ ਤੁਰਨ ਦਾ ਆਪਣਾ ਹੀ ਨਜ਼ਾਰਾ ਹੈ। ਰੇਤ ਦੇ ਟਿੱਬਿਆਂ ਤੇ ਘਰ ਬਣਾਉਂਦੇ, ਰੇਤ ਕਿਰ ਜਾਣੀ, ਘਰ ਢਹਿ ਜਾਣੇ। ਏਥੇ ਤਾਂ ਬਰਫ ਦੇ ਘਰ (ਇਗਲੂ) ਵੀ ਬਣ ਜਾਂਦੇ ਨੇ, ਆਦਮੀ ਵੀ, ਹੋਰ ਸ਼ਕਲਾਂ ਵੀ, ਤੇ ਉਹ ਛੇਤੀ ਛੇਤੀ ਪੰਘਰਦੇ ਵੀ ਨਹੀਂ। ਨਿਆਣਿਆਂ ਲਈ ਕਿੱਥੇ ਰੇਤੇ ਦੀਆਂ ਖੇਡਾਂ ਤੇ ਕਿੱਥੇ ਬਰਫ ਦੀਆਂ। ਜੇ ਕਿਤੇ ਕੂੰਜਾਂ ਆਪਣੇ ਦੇਸ ਬਾਰੇ ਇਹ ਦੱਸ ਸਕਦੀਆਂ ਤਾਂ ਕਦੇ ਸੱਚ ਨਹੀਂ ਸੀ ਆਉਣਾ। ਇੱਕ ਦਿਨ ਸ਼ੇਖਰ ਜੰਮੀ ਝੀਲ ਉਪਰ ਤੁਰਿਆ ਜਾਵੇ ਤੇ ਕਹੀ ਜਾਵੇ -ਆਹ ਜਾਂਦੈ ਜੱਟ ਪਾਣੀ ਨੂੰ ਗਾਹੁੰਦਾ। ਇਸ ਮੌਕੇ ਕੂੰਜਾਂ ਤਾਂ ਕਿਸੇ ਦੂਰ ਦੇਸ ਜਾ ਵੜੀਆਂ ਹੋਣਗੀਆਂ।

> ਭਗਤਲ਼ ਜਿਹੜੀ ਬਰਾਨੀ ਖੇਤਾਂ ਵਿਚ ਛੋਲਿਆਂ ਦੀ ਫਸਲ ਵਿਚ ਨਦੀਨ ਦੇ ਰੂਪ ਵਿਚ ਆਮ ਹੁੰਦੀ ਸੀ ਤੇ ਉਸ ਨੂੰ ਦਾਤੀ ਨਾਲ ਪੱਟ ਕੇ ਘਰ ਲਿਆ ਕੇ ਪਸ਼ੂਆਂ ਨੂੰ ਪਾਇਆ ਜਾਂਦਾ ਸੀ। ਇਸ ਤੋਂ ਬਿਨਾ ਲਵੇ-ਲੈਣੇ ਪੀਲ਼ੇ ਤੇ ਚਿੱਟੇ ਚਾਰੇ (ਸੇਂਜੀ) ਦੀ ਬੇਸ਼ੁਮਾਰ ਹੋਂਦ ਸੀ। ਓਧਰ ਤਾਂ ਬਰਸੀਮ ਅਤੇ ਜਵੀ ਦੀ ਖੇਤੀ ਸਦਕਾ ਸੇਂਜੀ ਦਾ ਬੀਜ ਨਾਸ਼ ਹੋ ਚੁੱਕਿਆ ਹੈ। ਉਹ ਵੇਖ ਕੇ ਯਾਦਾਂ ਵਿਚ ਗੁਆਚ ਜਾਂਦਾ। ਖੜ੍ਹੇ ਨਰਮੇ ਜਾਂ ਕਪਾਹ ਵਿਚ ਪਾਣੀ ਲਾ ਕੇ ਨਾਲ ਦੀ ਨਾਲ ਚਾਰੇ ਦੇ ਬੀ ਦਾ ਸਿੱਟਾ ਦੇਈ ਜਾਂਦੇ, ਪੈਰਾਂ ਨਾਲ ਪਾਣੀ ਨੂੰ ਗੰਧਾਲੀ ਜਾਂਦੇ ਤੇ ਚਾਰਾ ਉੱਗ ਆਉਂਦਾ ਸੀ। ਵੱਡਾ ਹੋਣ ਤੇ ਖੜ੍ਹੀਆਂ ਛਟੀਆਂ ਵਿਚ ਹੀ ਵੱਢ ਕੇ ਕੁਤਰਾ ਕਰ ਕੇ ਪਸ਼ੂਆਂ ਨੂੰ ਪਾ ਦਿੰਦੇ।

ਹਾਂ ਸੱਚ, ਜਿਹੜੀਆਂ ਕੂੰਜਾਂ ਕੈਲਗਰੀ ਵਾਸ ਕਰਦੀਆਂ ਹਨ, ਇਹ ਤਾਂ ਉਹ ਨਹੀਂ ਹਨ ਜਿਹੜੀਆਂ ਸ਼ੇਖਰ ਦੇ ਖੇਤਾਂ ਵਿਚ ਜਾਂਦੀਆਂ ਹੁੰਦੀਆਂ ਸਨ। ਉਹ ਤਾਂ ਕਹਿੰਦੇ ਸਾਇਬੇਰੀਆ, ਮੰਗੋਲੀਆ ਤੋਂ ਆਉਂਦੀਆਂ ਸਨ। ਇਹ ਵੀ ਮੌਕਾ-ਮੇਲ ਹੀ ਹੈ ਕਿ ਸਾਇਬੇਰੀਆ ਦਾ ਕੈਨੇਡਾ ਨਾਲ ਧੁਰ ਤੋਂ ਬੜਾ ਗਹਿਰਾ ਤੇ ਬੁਨਿਆਦੀ ਸੰਬੰਧ ਹੈ। ਇਹ ਮੰਨ ਲਿਆ ਗਿਆ ਹੈ ਅਤੇ ਪੁਰਾਤੱਤਵੀ ਖੋਜਾਂ, ਵਿਗਿਆਨਕ ਪਰਖਾਂ ਦੁਆਰਾ ਸਿੱਧ ਹੋ ਚੁੱਕਿਆ ਹੈ ਕਿ ਕੈਨੇਡਾ ਦੀ ਧਰਤੀ ਤੇ ਰਹਿਣ ਵਾਲੇ ਮੂਲਨਿਵਾਸੀਆਂ ਦੇ ਪੁਰਖੇ ਹਜ਼ਾਰਾਂ ਸਾਲ ਪਹਿਲਾਂ ਸਾਇਬੇਰੀਆ ਤੋਂ ਬੈਰਿੰਗ ਸਟ੍ਰੇਟ ਦੇ ਰਸਤੇ ਆਏ ਸਨ। ਇਨ੍ਹਾਂ ਦੇ ਕੁੱਝ ਨੈਣ-ਨਕਸ਼, ਰਸਮੋ ਰਿਵਾਜ, ਖੁਰਾਕ, ਰਹਿਣ-ਸਹਿਣ ਦੇ ਢੰਗ ਅਤੇ ਇੱਥੋਂ ਤੱਕ ਕਿ ਡੀ. ਐਨ. ਏ. ਉਨ੍ਹਾਂ ਲੋਕਾਂ ਨਾਲ ਕਾਫ਼ੀ ਹੱਦ ਤੱਕ ਮਿਲਦੇ ਹਨ। ਯੂਰਪੀਨ ਆਬਾਦਕਾਰਾਂ ਨੇ ਇਸ ਤੱਥ ਨੂੰ ਝੁਠਲਾਉਣ ਅਤੇ ਇਨ੍ਹਾਂ ਲੋਕਾਂ ਦਾ ਸੰਬੰਧ ਯੂਰਪੀਨ ਲੋਕਾਂ ਨਾਲ ਜੋੜਨ ਦੀ ਅਸਫਲ ਕੋਸ਼ਿਸ਼ ਕੀਤੀ ਸੀ ਤਾਂ ਜੋ ਉਹ ਇਸ ਧਰਤੀ ਉਪਰ ਜਾਇਜ਼ ਕਾਬਜ਼ਕਾਰ ਸਿੱਧ ਹੋ ਸਕਣ। ਇੱਥੋਂ ਤੱਕ ਕਿ ਬਰੀਗਮ ਯੂਨੀਵਰਸਿਟੀ ਦੇ ਇੱਕ ਖੋਜਕਾਰ ਪ੍ਰੋਫੈਸਰ ਨੇ ਜਦੋਂ ਇਨ੍ਹਾਂ ਮੂਲਨਿਵਾਸੀਆਂ ਦੇ ਡੀ. ਐਨ ਏ. ਨੂੰ ਸਾਇਬੇਰੀਅਨ ਲੋਕਾਂ ਦੇ ਡੀ. ਐਨ. ਏ. ਨਾਲ ਮਿਲਦਾ ਸਿੱਧ ਕੀਤਾ ਤਾਂ ਉਸ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ। ਲਗਦੇ ਹੱਥ ਦੂਜੇ ਖੋਜਕਾਰਾਂ ਤੇ ਪ੍ਰੋਫੈਸਰਾਂ ਨੂੰ ਅਜਿਹੇ ਨਤੀਜੇ ਕੱਢਣ ਤੋਂ ਸਖਤ ਮਨਾਹੀ ਕਰ ਦਿੱਤੀ ਸੀ। ਸ਼ੇਖਰ ਨੇ ਇਨ੍ਹਾਂ ਲੋਕਾਂ ਬਾਰੇ ਜਾਨਣਾ ਸ਼ੁਰੂ ਕੀਤਾ ਤਾਂ ਉਸ ਨੂੰ ਕਈ ਪੱਖਾਂ ਤੋਂ ਸਾਂਝ ਪੈਂਦੀ ਲੱਗੀ। ਉਸ ਨੇ ਜਾਣਿਆਂ ਕਿ ਜਿਵੇਂ ਅਸੀਂ ਓਧਰ ਧੂਫ-ਬੱਤੀ ਕਰਦੇ ਹਾਂ, ਇਹ ਵੀ ਸਵੀਟ ਗਰਾਸ ਦੀ ਧੂਫ ਦਿੰਦੇ ਹਨ। ਜਿਵੇਂ ਸਾਡੇ ਦੇਸੀ ਜੜੀ-ਬੂਟੀਆਂ ਨਾਲ ਇਲਾਜ ਕਰਨ ਵਾਲੇ ਵੈਦ ਹਕੀਮ ਹੁੰਦੇ ਹਨ, ਇਨ੍ਹਾਂ ਦੇ ਵੀ ਪਿਤਾ-ਪੁਰਖੀ ਮੈਡੀਸਨ ਪਰਸਨ (ਆਦਮੀ ਚਾਹੇ ਔਰਤ) ਹੁੰਦੇ ਹਨ ਜਿਨ੍ਹਾਂ ਨੂੰ ਜੜੀ ਬੂਟੀਆਂ ਦਾ ਗਿਆਨ ਦਵਾਈਆਂ ਦੀ ਪੋਟਲੀ ਸਮੇਤ ਪੀੜ੍ਹੀਓ-ਪੀੜ੍ਹੀ ਮਿਲਦਾ ਰਿਹਾ ਹੈ। ਜਿਵੇਂ ਓਧਰ ਹਿੰਦੂ ਰਸਮਾਂ ਮੁਤਾਬਕ ਵਡੇਰੇ ਦੀ ਮੌਤ ਮਗਰੋਂ ਔਲਾਦ ਦਾ ਸਿਰ ਮੁੰਨਿਆਂ ਜਾਂਦਾ ਹੈ, ਇਨ੍ਹਾਂ ਦੇ ਵੀ ਇਹੋ ਰਿਵਾਜ ਹੈ। ਜਿਵੇਂ ਸਾਡੇ ਵਡੇਰੇ ਬਾਤਾਂ ਸੁਣਾ ਕੇ ਅਗਲੀ ਪੀੜ੍ਹੀ ਨੂੰ ਆਪਣੇ ਸਭਿਆਚਾਰ ਨਾਲ ਜੋੜੀ ਰਖਦੇ ਸਨ, ਇਵੇਂ ਇਨ੍ਹਾਂ ਦੇ ਵਡੇਰੇ (ਐਲਡਰ) ਵੀ ਆਪਣੀਆਂ ਰਵਾਇਤੀ ਕਹਾਣੀਆਂ ਸੁਣਾਉਂਦੇ ਪੀੜ੍ਹੀ ਦਰ ਪੀੜ੍ਹੀ ਸਭਿਆਚਾਰ ਨੂੰ ਜਿਉਂਦਾ ਰਖਦੇ ਹਨ। ਜਿਵੇਂ ਓਧਰ ਹੁੱਕੇ-ਪਾਣੀ ਦੀ ਸਾਂਝ ਮੰਨੀ ਜਾਂਦੀ ਸੀ, ਉਵੇਂ ਇਹ ਵੀ ਕਰਦੇ ਹਨ ਜਿਸ ਨੂੰ ਪਾਈਪ ਦੀ ਸਾਂਝ ਕਹਿੰਦੇ ਹਨ। ਹੋਰ ਵੀ ਬਹੁਤ ਕੁੱਝ ਮਿਲਦਾ ਜੁਲਦਾ ਹੈ।

ਵਾਹ ਕੁਦਰਤ ਦੇ ਰੰਗ। ਸਾਇਬੇਰੀਆ ਦੇ ਲੋਕ ਕੈਨੇਡਾ ਦੀ ਧਰਤੀ ਤੇ, ਸਾਇਬੇਰੀਆ ਦੀਆਂ ਕੂੰਜਾਂ ਪੰਜਾਬ ਦੇ ਖੇਤਾਂ ਵਿਚ ਤੇ ਪੰਜਾਬ ਦਾ ਸ਼ੇਖਰ ਕੂੰਜਾਂ ਮਗਰ ਫਿਰਦਾ-ਫਿਰਦਾ ਕੂੰਜਾਂ ਦੇ ਦੇਸ ਕੈਨੇਡਾ ਵਿਚ। ਇਹ ਤਿਕੋਨ ਸਾਰੇ ਬਿੰਦੂਆਂ ਨੂੰ ਇਉਂ ਮਿਲਾਉਂਦੀ ਹੈ ਜਿਵੇਂ ਕੂੰਜਾਂ ਦੀਆਂ ਦੋ ਡਾਰਾਂ ਇੱਕੋ ਮੂਹਰਲੇ ਬਿੰਦੂ ਤੇ ਆ ਮਿਲਦੀਆਂ ਹਨ। ਹੁਣ ਤਾਂ ਸ਼ੇਖਰ ਕੁਦਰਤ ਦੇ ਰੰਗਾਂ ਤੋਂ ਵਾਰੇ ਵਾਰੇ ਜਾਂਦਾ ਹੈ।

ਜਦੋਂ ਉਹ ਯੂਨੀਵਰਸਿਟੀ ਵਿਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ ਤਾਂ ਪੰਜਾਬ ਅੰਦਰ ਨਕਸਲੀ ਲਹਿਰ ਜ਼ੋਰਾਂ ਤੇ ਸੀ। ਉਹ ਵੀ ਇਸ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿ ਸਕਿਆ। ਉਸ ਦੀਆਂ ਤੱਤੀਆਂ ਲਿਖਤਾਂ ਤਤਕਾਲੀ ਰਿਸਾਲੇ `ਹੇਮ ਜਯੋਤੀ` ਵਿਚ ਸ਼ੇਖਰ ਦੇ ਨਾਂ ਹੇਠ ਛਪਦੀਆਂ ਰਹੀਆਂ। ਕੂੰਜਾਂ ਦੇ ਦੇਸ ਆ ਕੇ ਹੁਣ ਉਸ ਦੀਆਂ ਲਿਖਤਾਂ ਇੱਥੋਂ ਦੇ ਅਖ਼ਬਾਰ` ਵਿਚ ਉਸ ਦੇ ਅਸਲੀ ਨਾਂ ਹੇਠ ਛਪ ਰਹੀਆਂ ਹਨ। ਕੂੰਜਾਂ ਦਾ ਭਲਾ ਕਿਹੜਾ ਕੋਈ ਪੱਕਾ ਟਿਕਾਣਾ ਹੈ ਪਰ ਉਡਾਰੀ ਲਈ ਅਸਮਾਨ ਖੁੱਲ੍ਹਾ ਪਿਆ ਹੈ। ਇਵੇਂ ਲਿਖਣ-ਪੜ੍ਹਨ ਲਈ ਸੋਚ ਦੀ ਉਡਾਰੀ ਵਾਸਤੇ ਸਾਰਾ ਬ੍ਰਹਿਮੰਡ ਪਿਆ ਹੈ, ਨਾਂ ਭਾਵੇਂ ਕੋਈ ਵੀ ਹੋਵੇ, ਸ਼ੇਖਰ ਜਾਂ -----।



# ਹੱਲਾਸ਼ੇਰੀ ਵਧਾਉਂਦੀ ਹੈ ਬੱਚਿਆਂ ਦਾ ਮਨੋਬਲ

- ਬਲਜਿੰਦਰ ਜੌੜਕੀਆਂ

ਕੁਝ ਬੱਚੇ ਜਮਾਤ 'ਚ ਸੌਖੇ ਪ੍ਰਸ਼ਨਾਂ ਦੇ ਉੱਤਰ ਅਧਿਆਪਕ ਨੂੰ ਵਾਰ-ਵਾਰ ਪੁੱਛਦੇ ਹਨ। ਕਈ ਵਾਰ ਉਨ੍ਹਾਂ ਦੇ ਇਸ ਰਵੱਈਏ ਤੋਂ ਅਧਿਆਪਕ ਖਿਝ ਜਾਂਦੇ ਹਨ। ਅਸਲ 'ਚ ਅਜਿਹੇ ਵਿਦਿਆਰਥੀਆਂ ਦਾ ਮਸਲਾ ਸਵਾਲਾਂ ਦੇ ਉੱਤਰ ਦਾ ਨਹੀਂ ਹੁੰਦਾ ਸਗੋਂ ਉਹ ਆਪਣੀ ਪਛਾਣ ਵਿਖਾਉਣ ਲਈ ਵਾਰ-ਵਾਰ ਅੱਗੇ ਆਉਂਦੇ ਹਨ। ਅਜਿਹੇ ਮੌਕੇ ਅਧਿਆਪਕ ਦੇ ਟੁੱਟ ਕੇ ਪੈਣ ਨਾਲ ਉਨ੍ਹਾਂ ਦੇ ਅੰਦਰਲੇ ਸੋਮੇ ਸੁੱਕ ਜਾਂਦੇ ਹਨ। ਅਜਿਹੇ ਬੱਚੇ ਦੂਸਰੇ ਬੱਚਿਆਂ ਲਈ ਮਜ਼ਾਕ ਦਾ ਪਾਤਰ ਬਣ ਜਾਂਦੇ ਹਨ ਤੇ ਇੱਥੋਂ ਆਪਣੀ ਹੋਂਦ ਤੇ ਸਵੈ-ਪ੍ਰਗਟਾਵੇ ਲਈ ਜੂਝ ਰਹੇ ਬੱਚੇ ਅੰਦਰ ਆਲੇ-ਦੁਆਲੇ ਖ਼ਾਸ ਕਰਕੇ ਸਕੂਲ ਪ੍ਰਤੀ ਨਫ਼ਰਤ ਸ਼ੁਰੂ ਹੋ ਜਾਂਦੀ ਹੈ।

ਤਨ-ਮਨ ਦੱਬੇ ਜਾਂਦੇ ਹਨ ਬੋਝ ਥੱਲੇ

ਸਿੱਖਿਆ ਖੇਤਰ 'ਚ ਵੀ ਬਲੇਮ ਗੇਮ ਖੇਡੀ ਜਾਂਦੀ ਹੈ ਭਾਵ ਆਪਣੀਆਂ ਨਾਕਾਮੀਆ ਦਾ ਦੋਸ਼ ਦੂਸਰਿਆਂ ਸਿਰ ਮੜ੍ਹ ਦਿੱਤਾ ਜਾਂਦਾ ਹੈ। ਸਕੂਲਾਂ ਵੱਲੋਂ ਆਪਣੇ ਵਿਦਿਆਰਥੀਆਂ ਦੇ ਮੱਧਮ ਪ੍ਰਦਰਸ਼ਨ ਲਈ ਮਾਪਿਆਂ ਵੱਲ ਉਂਗਲੀਆਂ ਉਠਾਈਆਂ ਜਾਂਦੀਆਂ ਹਨ, ਸਰਕਾਰ ਅਧਿਆਪਕਾਂ ਨੂੰ ਦੋਸ਼ੀ ਠਹਿਰਉਂਦੀ ਹੈ। ਮਾਪੇ ਸਮੁੱਚੇ ਸਿੱਖਿਆ ਤੰਤਰ ਤੋਂ ਪਰੇਸ਼ਾਨ ਹਨ। ਇਕ-ਦੂਜੇ 'ਤੇ ਦੋਸ਼ਾਂ ਨੇ ਸਿੱਖਿਆ ਖੇਤਰ ਦਾ ਸੁਧਾਰ ਨਹੀਂ ਕਰਨਾ। ਸਿੱਖਿਆ ਨਾਲ ਜੁੜੀਆਂ ਸਾਰੀਆਂ ਧਿਰਾਂ ਵੱਲੋਂ ਮੂਲ ਰੂਪ ਠੋਸ ਕਦਮ ਉਠਾਉਣ ਨਾਲ ਹੀ ਸਿੱਖਿਆ ਦੇ ਸਰਬਪੱਖੀ ਵਿਕਾਸ ਵਾਲਾ ਮਾਡਲ ਸਾਹਮਣੇ ਆਉਣਾ ਹੈ। ਸਕੂਲਾਂ 'ਚ ਬੱਚੇ ਆਪਣੇ ਨਾਲ ਲੋੜੋਂ ਵੱਧ ਸਮਾਨ ਲੈ ਕੇ ਆਉਂਦੇ ਹਨ। ਇੰਨਾ ਕੁਝ ਯਾਦ ਕਰਨ ਨੂੰ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੇ ਤਨ ਤੇ ਮਨ ਬੋਝ ਥੱਲੇ ਦੱਬੇ ਜਾਂਦੇ ਹਨ। ਬੱਚਿਆਂ ਦੇ ਬਸਤਿਆਂ ਦਾ ਭਾਰ ਹੌਲਾ ਕਰਨ ਦੇ ਨਾਲ-ਨਾਲ ਘਰ ਦੇ ਕੰਮ ਦਾ ਬੋਝ ਘਟਾਉਣਾ ਵੀ ਬਹੁਤ ਜ਼ਰੂਰੀ ਹੈ। ਸੁਧਾਰ ਲਚਕ 'ਚੋਂ ਨਿਕਲਦੇ ਹਨ, ਕਠੋਰ ਪ੍ਰਬੰਧ ਕਦੇ ਵੀ ਵਧੀਆ ਨਤੀਜੇ ਨਹੀਂ ਦੇ ਸਕਦਾ ।

## ਪੱਖਪਾਤੀ ਵਤੀਰਾ ਅਨੇਕਾਂ ਪ੍ਰਤਿਭਾਵਾਂ ਦਾ ਕਰਦੈ ਕਤਲ

ਬੱਚੇ ਸੂਖ਼ਮ ਹੁੰਦੇ ਹਨ। ਸਕੂਲ, ਘਰ ਅਤੇ ਆਲੇ-ਦੁਆਲੇ ਦਾ ਪੱਖਪਾਤ ਉਨ੍ਹਾਂ 'ਤੇ ਬੁਰਾ ਅਸਰ ਪਾਉਂਦਾ ਹੈ। ਉਦਾਹਰਨ ਵਜੋਂ ਅਧਿਆਪਕ ਹੁਸ਼ਿਆਰ ਵਿਦਿਆਰਥੀਆਂ ਨਾਲ ਜ਼ਿਆਦਾ ਗੱਲਬਾਤ ਕਰਦੇ ਹਨ। ਉਨ੍ਹਾਂ ਨੂੰ ਜਮਾਤ ਵਿਚ ਵਧੇਰੇ ਜ਼ਿੰਮੇਵਾਰੀ ਦਿੰਦੇ ਹਨ। ਅਧਿਆਪਕ ਦਾ ਇਹ ਪੱਖਪਾਤੀ ਵਤੀਰਾ ਅਨੇਕਾਂ ਪ੍ਰਤਿਭਾਵਾਂ ਦਾ ਕਤਲ ਕਰ ਦਿੰਦਾ ਹੈ। ਇਹ ਹੋਰ ਵੀ ਨੁਕਸਾਨਦੇਹ ਸਾਬਿਤ ਹੁੰਦਾ ਹੈ ਕਿਉਂਕਿ ਇਸ ਨਾਲ ਔਸਤ ਵਿਦਿਆਰਥਆਂ ਨੂੰ ਸਿੱਧਾ ਇਸ਼ਾਰਾ ਹੁੰਦਾ ਕਿ ਅਧਿਆਪਕ ਉਨ੍ਹਾਂ ਤੋਂ ਹੁਸ਼ਿਆਰ ਵਿਦਿਆਰਥੀਆਂ ਦੇ ਮੁਕਾਬਲੇ ਉਮੀਦਾਂ ਬਹੁਤ ਘੱਟ ਹਨ। ਅਧਿਆਪਕ ਮੋਹ ਤੋਂ ਵਿਰਵੇ ਅਜਿਹੇ ਬੱਚੇ ਬਾਗ਼ੀ ਤੇ ਗੈਰ-ਜ਼ਿੰਮੇਵਾਰ ਹੋ ਜਾਂਦੇ ਹਨ।

## ਯੋਗਤਾ ਤੇ ਸਮਰੱਥਾ ਪਛਾਣਨ ਲਈ ਸੂਝ ਦੀ ਲੋੜ

ਵਿਦਿਆਰਥੀਆਂ ਦੀ ਪ੍ਰੇਰਨਾ ਨੂੰ ਉਤਸ਼ਾਹਿਤ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਉਨ੍ਹਾਂ ਦੀ ਯੋਗਤਾ ਤੇ ਸਮਰੱਥਾ



ਨੂੰ ਪਛਾਣਨ ਤੇ ਨਿਰਪੱਖ ਵਿੱਦਿਅਕ ਮਾਹੌਲ ਬਣਾਈ ਰੱਖਣ ਲਈ ਸੂਖ਼ਮ ਸੂਝ ਦੀ ਲੋੜ ਹੁੰਦੀ ਹੈ। ਜਦੋਂ ਵਿਦਿਆਰਥੀ ਅਧਿਆਪਕ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰਦੇ ਤਾਂ ਉਨ੍ਹਾਂ ਨੂੰ ਸਹਿਜ ਰੱਖਣ ਦੀ ਲੋੜ ਹੁੰਦੀ ਹੈ। ਅਧਿਆਪਕ ਵੱਲੋਂ ਬੱਚੇ ਦਾ ਬਾਈਕਾਟ ਬਹੁਤ ਹਾਨੀਕਾਰਕ ਹੈ। ਬੱਚੇ ਤੋਂ ਆਸ ਰੱਖਣਾ ਅਧਿਆਪਕ ਦਾ ਕਰਮ ਧਰਮ ਹੈ। 1960 ਦੇ ਦਹਾਕੇ ਵਿਚ ਹਾਰਵਰਡ ਦੇ ਪ੍ਰੋਫੈਸਰ ਰੌਬਰਟ ਰੋਸੇਨਥਲ ਨੇ ਇਕ ਪ੍ਰਯੋਗ ਕੀਤਾ, ਜਿੱਥੇ ਉਸ ਨੇ ਸਾਬਿਤ ਕੀਤਾ ਕਿ ਅਧਿਆਪਕ ਦੀਆਂ ਉਮੀਦਾਂ ਨਾਲ ਬੱਝੇ ਵਿਦਿਆਰਥੀ ਵਧੀਆ ਪ੍ਰਦਰਸ਼ਨ ਕਰਦੇ ਹਨ। ਉਸ ਨੇ ਸਾਲ ਦੇ ਆਰੰਭ ਵਿਚ ਅਤੇ ਫਿਰ ਅੰਤ 'ਚ ਵਿਦਿਆਰਥੀਆਂ ਦੇ ਆਈਕਿਊ ਦੀ ਜਾਂਚ ਕੀਤੀ ਅਤੇ ਸਕੂਲ ਦੇ ਅਧਿਆਪਕਾਂ ਨੂੰ ਦੱਸਿਆ ਕਿ ਕਿਹੜੇ ਵਿਦਿਆਰਥੀਆਂ ਦਾ ਸਾਲ ਦੌਰਾਨ ਆਈਕਿਊ ਵਧਣ ਦੀ ਸੰਭਾਵਨਾ ਹੈ ਅਤੇ ਇਹ ਕਮਾਲ ਸੀ ਕਿ ਉਨ੍ਹਾਂ ਬੇਤਰਤੀਬੇ ਚੁਣੇ ਵਿਦਿਆਰਥੀਆਂ ਨੇ ਸਾਲ ਦੇ ਅੰਤ ਵਿਚ ਬਿਹਤਰ ਪ੍ਰਦਰਸ਼ਨ ਕੀਤਾ।

## ਅਧਿਆਪਕ-ਵਿਦਿਆਰਥੀ ਨੇੜਤਾ

ਅਧਿਆਪਕ-ਵਿਦਿਆਰਥੀ ਨੇੜਤਾ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਅਧਿਆਪਕ ਵੱਲੋਂ ਬੱਚਿਆਂ ਨਾਲ ਅੱਖਾਂ ਦੇ ਸੰਪਰਕ ਦਾ ਕ੍ਰਿਸ਼ਮਈ ਅਸਰ ਹੁੰਦਾ ਹੈ। ਅਧਿਆਪਕ-ਵਿਦਿਆਰਥੀ ਵਾਰਤਾਲਾਪ ਦਾ ਸੁਰਮਈ ਹੋਣਾ ਅਤਿ ਜ਼ਰੂਰੀ ਹੈ। ਕਈ ਵਾਰ ਕਿਸੇ ਨੂੰ ਚਮਕਦਾਰ ਤਾਰਾ ਬਣਾਉਣ ਵਿਚ ਉਸ ਨਾਲ ਪਹਿਲੇ ਦਿਨ ਤੋਂ ਸਿਤਾਰਿਆਂ ਵਰਗਾ ਸਲੂਕ ਕਰਨਾ ਹੁੰਦਾ ਹੈ। ਸਾਡੇ ਮੋਹ-ਪਿਆਰ ਸਦਕਾ ਉਹ ਇੰਨੀ ਤਰੱਕੀ ਕਰ ਜਾਂਦੇ ਹਨ, ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀ ਹੁੰਦਾ। ਜਮਾਤ, ਘਰ ਅਤੇ ਬਾਹਰ ਵਿਸ਼ਵਾਸ, ਦੇਖਭਾਲ ਅਤੇ ਸਾਮਾਨ ਵਿਹਾਰ ਨਾਲ ਅਸੀਂ ਆਪਣੇ ਬੱਚਿਆਂ ਦੀ ਸਵੈ-ਪ੍ਰੇਰਨਾ ਨੂੰ ਵਧਾ ਸਕਦੇ ਹਾਂ ਅਤੇ ਖ਼ਾਸ ਕਰਕੇ ਅਧਿਆਪਕ ਦੇ ਯਤਨਾਂ ਨਾਲ ਪੈਦਾ ਹੋਇਆ ਉਤਸ਼ਾਹ ਵਿਦਿਆਰਥੀਆਂ ਦੇ ਜੀਵਨ ਨਿਖਾਰ ਲਈ ਜਾਦੂ ਦੀ ਛੜੀ ਦਾ ਕੰਮ ਕਰਦਾ ਹੈ। ਬੁੱਤ ਤਾਂ ਪੱਥਰ ਦੇ ਅੰਦਰ ਹੀ ਪਿਆ ਹੁੰਦਾ ਹੈ ਕੇਵਲ ਉਸ ਦੇ ਆਸੇ-ਪਾਸਿਓਂ ਵਾਧੂ ਪੱਥਰ ਨੂੰ ਹਟਾਉਣਾ ਹੁੰਦਾ ਹੈ। ਅਜਿਹੀਆਂ ਸੂਖ਼ਮ ਬਿਰਤੀਆਂ ਵਾਲੇ ਕਲਾਕਾਰ ਅਧਿਆਪਕਾਂ ਦੀ ਸਮਾਜ ਨੂੰ ਬਹੁਤ ਲੋੜ ਹੈ।

## ਜ਼ਿੰਦਗੀ ਦੇ ਅਨੁਕੂਲ ਬਣਾਉਂਦੀ ਸਿੱਖਿਆ

ਅਧਿਆਪਕਾਂ ਅੰਦਰ ਕੁਝ ਨਿੱਜੀ ਅਣਸੁਲਝੇ ਮਸਲਿਆਂ ਕਰਕੇ ਬਚੈਨੀ ਵੱਧ ਰਹੀ ਹੈ। ਸਿੱਖਿਆ ਸਾਨੂੰ ਜ਼ਿੰਦਗੀ ਦੇ ਅਨੁਕੂਲ ਬਣਾਉਂਦੀ ਹੈ। ਬੱਚੇ ਦੇ ਦਿਮਾਗ਼ ਨੂੰ ਸ਼ੁਰੂਆਤੀ ਸਾਲਾਂ ਵਿਚ ਜਾਣਕਾਰੀ ਪ੍ਰਾਪਤ ਕਰਨ ਅਤੇ ਪੜ੍ਹੇ ਮੈਟਰ ਵਿੱਚੋਂ ਉੱਤਰ ਦੇਣ ਲਈ ਸਕੂਲ ਅਹਿਮ ਭੂਮਿਕਾ ਅਦਾ ਕਰਦੇ ਹਨ। ਬੱਚੇ ਨੇ ਕੀ ਪੜ੍ਹਨਾ ਹੈ ਅਤੇ ਕੀ ਉੱਤਰ ਦੇਣ ਹੈ, ਬਾਰੇ ਸਿੱਖਿਆਤੰਤਰ ਤੈਅ ਕਰਦਾ ਹੈ। ਥੋਪੀ ਜਾ ਰਹੀ ਸਿੱਖਿਆ ਕਦੇ ਵੀ ਲਾਭਕਾਰੀ ਨਹੀਂ ਹੁੰਦੀ ਤੇ ਇਸ ਦਬਾਅ ਬਾਰੇ ਬੱਚਾ ਅਕਸਰ ਸ਼ੀਸ਼ਾ ਵੀ ਵਿਖਾਉਂਦਾ ਹੈ ਪਰ ਉਸ ਦੀਆਂ ਭਾਵਨਾਵਾਂ ਨੂੰ ਕੁਚਲ ਦਿੱਤਾ ਜਾਂਦਾ ਹੈ। ਇਕ ਸਰਵੇ ਅਨੁਸਾਰ ਧੱਕੇ ਨਾਲ ਦਿੱਤੀ ਸਿੱਖਿਆ ਬੱਚੇ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਕਰਨ ਦੀ ਥਾਂ ਉਸ ਅੰਦਰ ਤਾਮਾਮ ਉਮਰ ਲਈ ਅਜਿਹੀ ਕਾਣ ਪਾ ਦਿੰਦੀ ਹੈ, ਜੋ ਕਦੇ ਵੀ ਦੂਰ ਨਹੀਂ ਹੁੰਦੀ। ਬੱਚਿਆਂ ਦੀ ਪ੍ਰੇਰਨਾ ਸ਼ਕਤੀ ਜ਼ੀਰੋ ਹੋ ਜਾਂਦੀ ਹੈ। ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ।

## ਅਧਿਆਪਕ ਦਾ ਸਹਿਜਮਈ ਹੋਣਾ ਜ਼ਰੂਰੀ

ਅਧਿਆਪਕ ਦਾ ਪੱਖਪਾਤ ਰਹਿਤ ਤੇ ਸਹਿਜਮਈ ਹੋਣਾ ਅਤਿ ਜ਼ਰੂਰੀ ਹੈ। ਉਸ ਦੇ ਦਇਆਵਾਨ ਹੋਣ ਨਾਲ ਬੱਚੇ ਉਸ ਵੱਲ ਖਿੱਚੇ ਜਾਂਦੇ ਹਨ। ਬੱਚੇ ਸਕੂਲਾਂ 'ਚ ਕੇਵਲ ਕਿਤਾਬਾਂ ਪੜ੍ਹ ਕੇ ਜਮਾਤਾਂ ਪਾਸ ਕਰਨ ਨਹੀਂ ਜਾਂਦੇ ਸਗੋਂ ਦੂਸਰਿਆਂ ਨਾਲ ਸਾਂਝ ਤੇ ਅਦਾਨ-ਪ੍ਰਦਾਨ ਰਾਹੀਂ ਆਪਣਾ ਵਿਕਾਸ ਵੀ ਕਰਦੇ ਹਨ। ਸਕੂਲਾਂ 'ਚ ਸ਼ਮੂਲੀਅਤ ਸੱਭਿਆਚਾਰ ਹੋਣਾ ਅਤਿ ਜ਼ਰੂਰੀ ਹੈ। ਸੰਸਥਾ 'ਚ ਇਕ-ਦੂਜੇ ਪ੍ਰਤੀ ਦਿਆਲਤਾ ਤੇ ਹਰ ਇਕ ਦੀ ਸੱਭਿਆਚਾਰਕ ਤੇ ਭਾਵਨਾਤਮਕ ਸੰਵੇਦਨਸ਼ੀਲਤਾ ਦਾ ਸਨਮਾਨ ਵਿਦਿਆਰਥੀਆਂ ਨੂੰ ਜੀਵਨ ਦੇ ਹੁਨਰ ਸਿਖਾਉਂਦਾ ਹੈ। ਬਦਕਿਸਮਤੀ ਨਾਲ ਬਾਹਰੀ ਡਰਾਂ ਕਰਕੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਖ਼ਤਮ ਹੋ ਰਹੀ ਹੈ। ਸਕੂਲਾਂ ਅੰਦਰ ਹਾਸਿਆਂ ਦੀਆਂ ਕਿਲਕਾਰੀਆਂ ਦੀ ਥਾਂ ਅਜੀਬ ਖ਼ਾਮੋਸ਼ੀ ਹੈ।

# ਸਫਲਤਾ ਪ੍ਰਾਪਤ ਕਰਨ ਲਈ ਆਪਣੇ ਗਿਆਨ ਵਿੱਚ ਲਗਾਤਾਰ ਵਾਧਾ ਕਰਦੇ ਰਹੋ



## ਸਫਲਤਾ ਪ੍ਰਾਪਤ ਕਰਨ ਲਈ ਕੀ ਕਰਨਾ ਚਾਹੀਦਾ ਹੈ?

ਜੋ ਲੋਕ ਆਪਣੇ ਜੀਵਨ ਨੂੰ ਸਫਲ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਤਰੱਕੀ ਦੇ ਰਾਹ 'ਤੇ ਗਤੀਸ਼ੀਲ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੇ ਟੀਚੇ ਦੀ ਦੂਰੀ ਲਗਾਤਾਰ ਘਟਦੀ ਜਾ ਰਹੀ ਹੈ। ਉਹ ਲਗਾਤਾਰ ਵੱਡੇ ਅਤੇ ਵਧੇਰੇ ਕੁਸ਼ਲ ਹੋ ਰਹੇ ਹਨ. ਜੇਕਰ ਤੁਸੀਂ ਆਪਣੀਆਂ ਲੁਕੀਆਂ ਹੋਈਆਂ ਸ਼ਕਤੀਆਂ ਤੱਕ ਪਹੁੰਚਣਾ ਚਾਹੁੰਦੇ ਹੋ ਤਾਂ ਨਿਰੰਤਰ ਸੁਧਾਰ ਜ਼ਰੂਰੀ ਹੈ। ਵਿਅਕਤੀ ਨੂੰ ਆਪਣੇ ਗਿਆਨ ਵਿੱਚ ਲਗਾਤਾਰ ਵਾਧਾ ਕਰਨਾ ਚਾਹੀਦਾ ਹੈ, ਆਪਣੇ ਮਾਨਸਿਕ ਅਤੇ ਅਧਿਆਤਮਿਕ ਨਜ਼ਰੀਏ ਨੂੰ ਵਿਸ਼ਾਲ ਕਰਨਾ ਚਾਹੀਦਾ ਹੈ।
(ਥਿੰਕ ਐਂਡ ਗਰੋ ਰਿਚ)

## ਤੁਸੀਂ ਮੁਸੀਬਤ ਵਿੱਚ ਹੋਰ ਸਿੱਖਦੇ ਹੋ

ਮੁਸੀਬਤ ਆਉਣ 'ਤੇ ਆਤਮ-ਵਿਸ਼ਵਾਸ ਟੁੱਟ ਜਾਂਦਾ ਹੈ। ਯੋਜਨਾਵਾਂ ਖਰਾਬ ਹੋ ਜਾਂਦੀਆਂ ਹਨ, ਅਚਾਨਕ ਰੁਕਾਵਟਾਂ ਆਉਂਦੀਆਂ ਹਨ ਅਤੇ ਸਭ ਕੁਝ ਟੁੱਟਦਾ ਜਾਪਦਾ ਹੈ। ਇਹ ਵਿਸ਼ਵਾਸ ਦੇ ਨਵੀਨੀਕਰਨ ਦਾ ਸਮਾਂ ਹੈ। ਜਿੰਨੀ ਵੱਡੀ ਰੁਕਾਵਟ ਹੈ, ਓਨੇ ਹੀ ਜ਼ਿਆਦਾ ਆਤਮ-ਵਿਸ਼ਵਾਸ ਦੀ ਲੋੜ ਹੈ। ਯਾਦ ਰੱਖੋ, ਮਨੁੱਖ ਆਮ ਸਮਿਆਂ ਨਾਲੋਂ ਸੰਕਟ ਵਿੱਚ ਦਸ ਗੁਣਾ ਵੱਧ ਸਿੱਖਦਾ ਹੈ।
(ਦੀ ਮੈਜਿਕ ਆਫ਼ ਥਿੰਕਿੰਗ ਬਿੱਗ )

## ਕੋਸ਼ਿਸ਼ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ

ਕੋਸ਼ਿਸ਼ ਨਾਕਾਮ ਹੋਣ 'ਤੇ ਵੀ ਕੋਸ਼ਿਸ਼ ਦੀ ਸੱਚੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ। ਪ੍ਰਸ਼ੰਸਾ ਉਸ ਦੀ ਹੋਣੀ ਚਾਹੀਦੀ ਹੈ ਜੋ ਮੈਦਾਨ ਵਿੱਚ ਸੰਘਰਸ਼ ਕਰਦਾ ਹੈ, ਜੋ ਬਹਾਦਰੀ ਨਾਲ ਕੋਸ਼ਿਸ਼ ਕਰਦਾ ਹੈ, ਜੋ ਗਲਤੀਆਂ ਕਰਦਾ ਹੈ ਅਤੇ ਵਾਰ-ਵਾਰ ਅਸਫਲ ਹੁੰਦਾ ਹੈ। ਉਸ ਵਿਅਕਤੀ ਦੀ ਉਸਤਤ ਕਰੋ ਜੋ ਮਜ਼ਬੂਤ ਉਤਸ਼ਾਹ ਅਤੇ ਮਜ਼ਬੂਤ ਵਫ਼ਾਦਾਰੀ ਨੂੰ ਜਾਣਦਾ ਹੈ. ਜਦੋਂ ਕੋਈ ਵਿਅਕਤੀ ਕੋਸ਼ਿਸ਼ ਕਰਨ ਦੇ ਬਾਵਜੂਦ ਅਸਫਲ ਹੋ ਜਾਂਦਾ ਹੈ, ਤਾਂ ਉਸਦੀ ਕੋਸ਼ਿਸ਼ ਲਈ ਉਸਨੂੰ ਵਧਾਈ ਦੇਣਾ ਇੱਕ ਚੰਗੀ ਆਦਤ ਹੈ।
(ਹੋ ਟੂ ਵਿੰਨ ਫਰੈਂਡਸ ਐਂਡ ਇਨਫਲੂਐਂਸ ਪੀਪਲਜ਼ )

## ਭਾਵਨਾਵਾਂ ਨਾਲ ਸ਼ਬਦ ਭਰੋ

ਜੋਸ਼ ਜਾਂ ਜੋਸ਼ ਦੀ ਕਮੀ ਤੁਹਾਡੇ ਦੁਆਰਾ ਕੀਤੀ ਹਰ ਚੀਜ਼ ਵਿੱਚ ਦਿਖਾਈ ਦਿੰਦੀ ਹੈ, ਜੋ ਵੀ ਤੁਸੀਂ ਕਰਦੇ ਹੋ ਉਸ ਵਿੱਚ ਪ੍ਰਗਟ ਹੁੰਦਾ ਹੈ। ਇਸ ਲਈ ਦਿਲ ਨਾਲ ਹੱਥ ਮਿਲਾਓ। ਦਿਲ ਤੋਂ ਮੁਸਕਰਾਓ. ਆਪਣੀਆਂ ਅੱਖਾਂ ਨਾਲ ਮੁਸਕਰਾਓ. ਜਦੋਂ ਤੁਸੀਂ ਮੁਸਕਰਾਉਂਦੇ ਹੋ, ਤਾਂ ਇਹ ਦਿਖਾਈ ਦੇਣਾ ਚਾਹੀਦਾ ਹੈ ਕਿ ਤੁਸੀਂ ਮੁਸਕਰਾਉਂਦੇ ਹੋ. ਮੇਰੇ ਦਿਲ ਦੇ ਪੱਧਰ ਤੋਂ ਤੁਹਾਡਾ ਧੰਨਵਾਦ। ਧੰਨਵਾਦ ਇਸ ਤਰ੍ਹਾਂ ਕਰੋ ਕਿ ਸਾਹਮਣੇ ਵਾਲਾ ਧੰਨਵਾਦ ਸੁਣੇ। ਦਿਲ ਤੋਂ ਗੱਲ ਕਰੋ। ਜਦੋਂ ਤੁਸੀਂ ਆਪਣੀਆਂ ਗੱਲਾਂ ਵਿੱਚ ਜਜ਼ਬਾਤ ਦੇ ਰੰਗ ਭਰਦੇ ਹੋ ਤਾਂ ਲੋਕ ਤੁਹਾਡੀ ਗੱਲ ਬੜੇ ਧਿਆਨ ਨਾਲ ਸੁਣਦੇ ਹਨ ਤੇ ਉਹ ਤੁਹਾਡੀਆਂ ਗੱਲਾਂ ਨੂੰ ਮਹੱਤਵ ਦਿੰਦੇ ਹਨ। (ਹੋ ਟੂ ਟਾਂਕ ਟੂ ਐਨੀ ਵਨ)

## ਅੱਖਾਂ ਮਿਲਾ ਕੇ ਗੱਲ ਕਰੋ

ਜਦੋਂ ਤੁਸੀਂ ਅੱਖਾਂ ਮਿਲਾਉਣ ਤੋਂ ਬਚਦੇ ਹੋ, ਤਾਂ ਤੁਸੀਂ ਆਪਣੇ ਸਾਹਮਣੇ ਵਾਲੇ ਵਿਅਕਤੀ 'ਤੇ ਚੰਗਾ ਪ੍ਰਭਾਵ ਨਹੀਂ ਛੱਡਦੇ ਹੋ। ਤੁਸੀਂ ਉਨ੍ਹਾਂ ਨੂੰ ਇਹ ਸੁਨੇਹਾ ਭੇਜਦੇ ਹੋ ਕਿ ਤੁਹਾਡੇ ਵਿੱਚ ਆਤਮ ਵਿਸ਼ਵਾਸ ਦੀ ਕਮੀ ਹੈ। ਅੱਖਾਂ ਮਿਲਾ ਕੇ ਗੱਲ ਕਰਨ ਨਾਲ ਸਾਹਮਣੇ ਵਾਲੇ ਨੂੰ ਸੁਨੇਹਾ ਜਾਂਦਾ ਹੈ ਕਿ ਤੁਸੀਂ ਇਮਾਨਦਾਰ ਅਤੇ ਸੱਚੇ ਹੋ। ਆਤਮ ਵਿਸ਼ਵਾਸ ਨਾਲ ਭਰਪੂਰ ਹੋ। ਲੋਕਾਂ ਨਾਲ ਹਮੇਸ਼ਾ ਅੱਖਾਂ ਮਿਲਾ ਕੇ ਗੱਲ ਕਰੋ। ਇਸ ਨਾਲ ਸਾਹਮਣੇ ਵਾਲਾ ਵਿਅਕਤੀ ਤੁਹਾਡੇ 'ਤੇ ਜ਼ਿਆਦਾ ਭਰੋਸਾ ਕਰੇਗਾ।
(ਦਿ ਆਰਟ ਆਫ਼ ਰੀਡਿੰਗ ਮਾਈਂਡ)

## ਜੋਸ਼ ਬਰਕਰਾਰ ਰੱਖੋ

ਜ਼ਿੰਦਗੀ ਵਿਚ ਕੋਈ ਵੀ ਅਜਿਹਾ ਕੰਮ ਨਾ ਕਰੋ, ਜਿਸ ਵਿਚ ਤੁਹਾਡੀ ਦਿਲਚਸਪੀ ਨਾ ਹੋਵੇ, ਕਿਉਂਕਿ ਜਿਸ ਕੰਮ ਵਿਚ ਤੁਹਾਡੀ ਦਿਲਚਸਪੀ ਨਾ ਹੋਵੇ, ਤੁਸੀਂ ਉਸ ਨੂੰ ਅੱਧੇ ਮਨ ਨਾਲ ਕਰਦੇ ਹੋ। ਜੇ ਤੁਸੀਂ ਜ਼ਿੰਦਗੀ ਵਿਚ ਅੱਗੇ ਵਧਣਾ ਚਾਹੁੰਦੇ ਹੋ, ਤਾਂ ਜੋਸ਼ ਕੰਮ ਹੈ। ਉਤਸ਼ਾਹ ਤੋਂ ਬਿਨਾਂ ਤੁਹਾਡੇ ਮਨ ਵਿੱਚ ਨਿਰਾਸ਼ਾ ਦੀਆਂ ਭਾਵਨਾਵਾਂ ਪੈਦਾ ਹੋਣਗੀਆਂ ਅਤੇ ਤੁਸੀਂ ਕਦੇ ਵੀ ਅੱਗੇ ਨਹੀਂ ਵਧ ਸਕੋਗੇ। ਜੇਕਰ ਮਨ ਵਿੱਚ ਜੋਸ਼ ਹੈ, ਤਾਂ ਅਸੀਂ ਸਫਲਤਾ ਪ੍ਰਾਪਤ ਕਰਨ ਤੱਕ ਮਿਹਨਤ ਕਰਨ ਵਿੱਚ ਲੱਗੇ ਰਹਾਂਗੇ।
(ਫਿਲਿੰਗ ਫਾਰਵਰਡ)

# ਸਮਾਣਾ ਹਲਕੇ ਦੇ ਚਾਰ ਪਿੰਡਾਂ ਨੂੰ 50 ਸਾਲ ਬਾਅਦ ਲੱਗਿਆ ਨਹਿਰੀ ਪਾਣੀ ਜੌੜਾਮਾਜਰਾ ਵੱਲੋਂ ਉਦਘਾਟਨ

**1.27 ਕਰੋੜ ਰੁਪਏ ਦੀ ਲਾਗਤ ਨਾਲ ਪੱਕੇ ਕੀਤੇ ਸੂਇਆ ਨਾਲ ਪਿੰਡ ਲਲੌਛੀ, ਫਤਿਹਮਾਜਰੀ, ਅਚਰਾਲ ਕਲਾਂ ਤੇ ਖ਼ੁਰਦ ਦੇ ਖੇਤਾਂ 'ਚ ਪੁੱਜਿਆ ਪਾਣੀ ➢ ਕਿਸਾਨਾਂ ਨੇ ਵਿਧਾਇਕ ਅਤੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਦਾ ਮੂੰਹ ਮਿੱਠਾ ਕਰਵਾ ਕੇ ਪੰਜਾਬ ਸਰਕਾਰ ਦਾ ਕਿੱਤਾ ਧੰਨਵਾਦ**



**ਸਮਾਣਾ 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਹਲਕੇ ਦੇ ਚਾਰ ਪਿੰਡ ਲਲੌਛੀ, ਫਤਿਹਮਾਜਰੀ, ਅਚਰਾਲ ਕਲਾਂ ਤੇ ਅਚਰਾਲ ਖੁਰਦ ਦੇ ਕਿਸਾਨਾਂ ਵਿੱਚ ਅੱਜ ਉਸ ਵੇਲੇ ਖੁਸ਼ੀ ਦੀ ਲਹਿਰ ਦੌੜ ਗਈ ਜਦੋਂ ਉਨ੍ਹਾਂ ਦੇ ਖੇਤਾਂ ਨੂੰ ਸਿੰਚਾਈ ਲਈ ਕਰੀਬ 50 ਸਾਲਾਂ ਬਾਅਦ ਨਹਿਰੀ ਪਾਣੀ ਦੀ ਸਹੂਲਤ ਨਸੀਬ ਹੋਈ। ਕਿਸਾਨਾਂ ਨੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਦਾ ਮੂੰਹ ਮਿੱਠਾ ਕਰਵਾ ਕੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਕਰੀਬ 1.27 ਕਰੋੜ ਰੁਪਏ ਦੀ ਲਾਗਤ ਨਾਲ ਕਰੀਬ 1100 ਏਕੜ ਰਕਬੇ ਦੀ ਸਿੰਚਾਈ ਲਈ ਸੂਏ ਦੇ ਖਾਲੇ ਪੱਕੇ ਕੀਤੇ ਗਏ ਹਨ, ਜਿਸ ਦਾ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਵੱਡਾ ਲਾਭ ਮਿਲੇਗਾ।

ਇਸ ਮੌਕੇ 592 ਏਕੜ ਰਕਬੇ ਸਿੰਚਾਈ ਵਾਲਾ ਪਾਣੀ ਦੇਣ ਲਈ ਮਾਈਨਰ ਨੰਬਰ 2 ਨਵਾਡਾ ਰਜਵਾਹਾ ਵਿਚੋਂ ਆਰ.ਡੀ. 13714 ਖੱਬਾ ਪਾਸਾ, 9860 ਫੁੱਟ ਸੂਏ ਨੂੰ 74 ਲੱਖ ਦੀ ਲਾਗਤ ਨਾਲ ਪੱਕਾ ਕਰਨ ਅਤੇ 410 ਏਕੜ ਰਕਬੇ ਨੂੰ ਪਾਣੀ ਦੇਣ ਲਈ ਆਰ.ਡੀ. 13714 ਸੱਜਾ ਪਾਸਾ, 7274 ਫੁੱਟ ਸੂਏ ਨੂੰ 55 ਲੱਖ ਰੁਪਏ ਦੀ ਲਾਗਤ ਨਾਲ ਪੱਕਾ ਕਰਨ ਦਾ ਉਦਘਾਟਨ ਕਰਦਿਆਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਵੱਡੀ ਪਹਿਲਕਦਮੀ ਕੀਤੀ ਹੈ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਾਲਾਇਕੀ ਕਰਕੇ ਸੂਏ ਦੇ ਖਾਲੇ ਨਜਾਇਜ਼ ਕਬਜ਼ਿਆਂ ਹੇਠ ਆ ਗਏ ਸਨ ਅਤੇ ਪੰਜਾਬ ਦਾ ਨਹਿਰੀ ਪਾਣੀ ਸਿੰਚਾਈ ਬਹੁਤ ਘੱਟ ਵਰਤਿਆ ਜਾਣ ਲੱਗਿਆ, ਜਿਸ ਦਾ ਲਾਭ ਮਿਲੀਭੁਗਤ ਕਰਕੇ ਹਰਿਆਣਾ ਅਤੇ ਹੋਰ ਰਾਜਾਂ ਨੂੰ ਹੁੰਦਾ ਰਿਹਾ। ਜਦਕਿ ਪੰਜਾਬ ਦੇ ਕਿਸਾਨ ਆਪਣੀ ਧਰਤੀ ਹੇਠਲਾ ਪਾਣੀ ਮੁਕਾਉਣ ਕਿਨਾਰੇ ਪੁੱਜ ਗਏ ਸਨ। ਉਨ੍ਹਾਂ ਕਿਹਾ ਕਿ ਹੁਣ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਆਪਣੇ ਹਿੱਸੇ ਦਾ ਕਰੀਬ 80 ਫ਼ੀਸਦੀ ਨਹਿਰੀ ਪਾਣੀ ਵਰਤਣ ਲੱਗਿਆ ਹੈ ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਬਚਤ ਦੇ ਨਾਲ ਨਾਲ ਮੋਟਰ ਨਾ ਚੱਲਣ ਕਾਰਨ ਬਿਜਲੀ ਦੀ ਵੀ ਬਚਤ ਹੋਣ ਲੱਗੀ ਹੈ।

ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸਰਪੰਚ ਅਮਰੀਕ ਸਿੰਘ, ਜੱਸ ਸਿੰਘ, ਵਿਕਰਮ ਸਿੰਘ ਲਲੌਛੀ, ਗੁਰਵਿੰਦਰ ਸਿੰਘ ਲਲੌਛੀ, ਕਰਨੈਲ ਸਿੰਘ ਲਲੌਛੀ, ਨਿਰਭੈ ਸਿੰਘ ਫਤਿਹਮਾਜਰੀ, ਧਰਮਿੰਦਰ ਸਿੰਘ, ਬਲਵਿੰਦਰ ਸਿੰਘ ਗੱਜੂਮਾਜਰਾ ਅਤੇ ਨਹਿਰੀ ਵਿਭਾਗ ਦੇ ਐਸ.ਡੀ.ਓ. ਗੁਰਪ੍ਰੀਤ ਸਿੰਘ, ਜੇ.ਈ. ਮੋਹਿਤ ਬਾਂਸਲ, ਨਹਿਰੀ ਪਟਵਾਰੀ ਮਨਦੀਪ ਸਿੰਘ, ਹਰਪ੍ਰੀਤ ਸਿੰਘ ਤੇ ਜਗਵਿੰਦਰ ਸਿੰਘ ਸਮੇਤ ਹੋਰ ਪਤਵੰਤੇ ਮੌਜੂਦ ਸਨ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਸ਼੍ਰੀ ਹਨੂੰਮਾਨ ਚਾਲੀਸਾ ਅਤੇ ਸ਼ਿਵਪੁਰਾਣ ਕਥਾ ਦਾ ਪਾਠ



**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੀ ਧਾਰਮਿਕ ਸ਼ਾਖਾ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੀ ਅਗਵਾਈ ਹੇਠ ਸ਼੍ਰੀ ਕਾਲੀ ਮਾਤਾ ਮੰਦਰ, ਪਟਿਆਲਾ ਵਿਖੇ ਹਰ ਮੰਗਲਵਾਰ ਨੂੰ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕਰਵਾਇਆ ਜਾਂਦਾ ਹੈ। ਇਸ ਮੰਗਲਵਾਰ ਨੂੰ ਵੀ ਸ਼ਰਧਾਲੂਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਅਤੇ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ।

ਇਸ ਦੇ ਨਾਲ ਹੀ, ਪਿਛਲੇ ਦੋ ਮੰਗਲਵਾਰਾਂ ਲਈ ਸ਼ਿਵ ਪੂਰਨ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜੋ ਅਗਲੇ ਮੰਗਲਵਾਰ ਤੱਕ ਜਾਰੀ ਰਹੇਗਾ। ਇਸ ਕਥਾ ਵਿੱਚ ਪੰਡਿਤ ਨਰੇਸ਼ ਜੀ ਨੇ ਵਿਆਸ ਪੀਠ ਤੋਂ ਆਏ ਸ਼ਰਧਾਲੂਆਂ ਨੂੰ ਸੰਬੋਧਨ ਕੀਤਾ ਅਤੇ ਭਗਵਾਨ ਸ਼ਿਵ ਅਤੇ ਸ਼ਿਵ ਪੂਰਨ ਦੇ ਗੁਪਤ ਗਿਆਨ ਨੂੰ ਸਰਲ ਸ਼ਬਦਾਂ ਵਿੱਚ ਸਮਝਾਇਆ।

ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਰਾਸ਼ਟਰੀ ਸੰਸਥਾਪਕ, ਸ਼੍ਰੀ ਪਵਨ ਗੁਪਤਾ ਜੀ ਨੇ ਇਸ ਮੌਕੇ ਸ਼ਰਧਾਲੂਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਵੇਂ ਤੂਫਾਨ ਹੋਵੇ ਜਾਂ ਤੂਫਾਨ, ਮੀਂਹ ਵੀ ਇਸਨੂੰ ਰੋਕ ਨਹੀਂ ਸਕੇਗਾ। ਜਿੰਨਾ ਚਿਰ ਭਗਵਾਨ ਸ਼੍ਰੀ ਹਨੂੰਮਾਨ ਜੀ ਦਾ ਆਸ਼ੀਰਵਾਦ ਹੈ, ਕੋਈ ਵੀ ਸ਼ਕਤੀ ਇਸ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਨੂੰ ਨਹੀਂ ਰੋਕ ਸਕਦੀ। ਇਹ ਪਾਠ ਹਰ ਮੰਗਲਵਾਰ ਨੂੰ ਲਗਾਤਾਰ ਹੁੰਦਾ ਆ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਜਾਰੀ ਰਹੇਗਾ। ਹਾਲਾਤ ਕਿੰਨੇ ਵੀ ਮਾੜੇ ਕਿਉਂ ਨਾ ਹੋਣ, ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਆਪਣੇ ਨਿਰਧਾਰਤ ਸਮੇਂ ਅਤੇ ਨਿਯਮਾਂ ਅਨੁਸਾਰ ਕੀਤਾ ਜਾਵੇਗਾ। ਇਸ ਸ਼ੁਭ ਮੰਗਲਵਾਰ ਨੂੰ, ਸਨਾਤਨ ਧਰਮ ਯੋਧਾ ਅਤੇ ਅਖਿਲ ਸਨਾਤਨ ਹਿੰਦੂ ਧਰਮ ਦੇ ਰਾਸ਼ਟਰੀ ਪ੍ਰਧਾਨ ਸ਼ਿਵਾਏ ਬਲਵਿੰਦਰ ਜੀ ਨੇ ਵੀ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਇਸ ਪਵਿੱਤਰ ਪ੍ਰੋਗਰਾਮ ਵਿੱਚ ਹਿੱਸਾ ਲਿਆ। ਸ਼੍ਰੀ ਗੁਪਤਾ ਜੀ ਨੇ ਉਨ੍ਹਾਂ ਦੇ ਸੰਘਰਸ਼ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ, ÷ਸ਼ਿਵਾਏ ਬਲਵਿੰਦਰ ਜੀ ਨੇ ਸਨਾਤਨ ਧਰਮ ਲਈ ਜੇਲ੍ਹ ਜਾਣਾ ਸਵੀਕਾਰ ਕਰ ਲਿਆ। ਅਜਿਹੇ ਧਰਮ ਯੋਧਿਆਂ ਦਾ ਹਮੇਸ਼ਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।

ਇਸ ਮੌਕੇ ਪੰਡਿਤ ਬਦਰੀ ਪ੍ਰਸਾਦ ਧਰਮ ਪ੍ਰਚਾਰਕ, ਸਕੱਤਰ ਜਿਲ੍ਹਾ ਪਟਿਆਲਾ, ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, ਸ਼੍ਰੀ ਸ਼ਿਵੇ ਬਲਵਿੰਦਰ ਰਾਸ਼ਟਰੀ ਪ੍ਰਧਾਨ ਅਖਿਲ ਸਨਾਤਨ ਹਿੰਦੂ ਸੁਰੱਖਿਆ, ਸ਼੍ਰੀ ਰਾਜੇਸ਼ ਕੇਹਰ ਰਾਸ਼ਟਰੀ ਪ੍ਰਧਾਨ ਹਿੰਦੂ ਸੁਰੱਖਿਆ ਸਮਿਤੀ, ਸ਼੍ਰੀ ਸਵਤੰਤਰ ਰਾਜ ਪਾਸੀ ਪ੍ਰਧਾਨ ਸ਼੍ਰੀ ਸ਼ਿਵ ਸ਼ਕਤੀ ਲੰਗਰ ਕਮੇਟੀ, ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ ਦੀ ਅਗਵਾਈ ਹੇਠ ਵਿਸ਼ੇਸ਼ ਸੇਵਾਦਾਰ ਹਾਜ਼ਰ ਸਨ। ਭਾਰਦਵਾਜ, ਰਮੇਸ਼ ਕੰਬੋਜ ਧਰਮ ਪ੍ਰਚਾਰ ਸਕੱਤਰ, ਸ਼੍ਰੀ ਗੁੱਡੂ, ਸ਼੍ਰੀ ਰਾਮ ਖੇਲਵਾਂ, ਸ਼੍ਰੀ ਚੰਦ ਸ਼ਰਮਾ ਖਜਾਨਚੀ ਸ਼੍ਰੀ ਰਾਮ ਹਨੂਮਾਨ ਸੇਵਾ ਦਲ, ਸ਼੍ਰੀ ਪੱਪੂ ਕੁਮਾਰ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੀ ਤਰਫੋਂ ਸੇਵਾ ਨੂੰ ਸਮਰਪਿਤ ਹਾਜ਼ਰ ਸਨ। ਇਨ੍ਹਾਂ ਤੋਂ ਇਲਾਵਾ ਮਹਿਲਾ ਵਲੰਟੀਅਰਾਂ ਵਿੱਚ ਸ੍ਰੀਮਤੀ ਸੁਮਨ ਗੁਪਤਾ ਮਹਿਲਾ ਮੁੱਖ ਵਲੰਟੀਅਰ ਪੰਜਾਬ ਪ੍ਰਧਾਨ ਮਹਿਲਾ ਵਿੰਗ, ਸ੍ਰੀਮਤੀ ਵੀਰਤਾ ਸ਼ਰਮਾ, ਸ੍ਰੀਮਤੀ ਸੁਨੀਤਾ ਰਾਣੀ, ਸ੍ਰੀਮਤੀ ਜਸਵੀਰ ਆਦਿ ਹਾਜ਼ਰ ਸਨ।

# ਅਗਨੀਵੀਰ ਭਰਤੀ ਲਈ ਫਿਜ਼ੀਕਲ ਟਰੇਨਿੰਗ ਪੋਲੋ ਗਰਾਊਂਡ ਵਿਖੇ ਸ਼ੁਰੂ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਬਿਊਰੋ ਵੱਲੋਂ ਅਗਨੀਵੀਰ ਦੀ ਭਰਤੀ ਲਈ ਨੌਜਵਾਨਾਂ ਨੂੰ ਫਿਜ਼ੀਕਲ ਟੈਸਟ ਲਈ ਤਿਆਰ ਕਰਨ ਲਈ ਪੋਲੋ ਗਰਾਊਂਡ ਵਿਖੇ ਮਾਹਰਾਂ ਕੋਚਾਂ ਤੋਂ ਟਰੇਨਿੰਗ ਸ਼ੁਰੂ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ ਪੋਲੋ ਗਰਾਊਂਡ ਪਟਿਆਲਾ ਵਿਖੇ ਸਵੇਰੇ 7:30 ਵਜੇ ਅਤੇ ਸ਼ਾਮ 6 ਵਜੇ ਇਹ ਫਿਜ਼ੀਕਲ ਟਰੇਨਿੰਗ ਕਰਵਾਈ ਜਾ ਰਹੀ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਵੱਲੋਂ ਅਗਨੀਵੀਰ ਦੀ ਭਰਤੀ ਲਈ ਆਪਣੀ ਰਜਿਸਟਰੇਸ਼ਨ ਕਰਵਾਈ ਹੈ, ਉਹ ਇਸ ਟਰੇਨਿੰਗ ਦਾ ਲਾਭ ਜ਼ਰੂਰ ਉਠਾਉਣ।

ਉਨ੍ਹਾਂ ਕਿਹਾ ਕਿ ਟਰੇਨਿੰਗ ਸਬੰਧੀ ਵਧੇਰੇ ਜਾਣਕਾਰੀ ਲਈ ਪ੍ਰਾਰਥੀ ਐਥਲੈਟਿਕਸ ਕੋਚ ਗੁਰਪਾਲ ਸਿੰਘ ਮੋਬਾਇਲ ਨੰਬਰ 99146-76078 'ਤੇ ਸੰਪਰਕ ਕਰ ਸਕਦੇ ਹਨ।

# ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਬਾਰਾਂਦਰੀ ਬਾਗ ਤੇ ਪੋਲੋ ਗਰਾਊਂਡ ਦਾ ਅਚਨਚੇਤ ਦੌਰਾ



**ਪਟਿਆਲਾ, 8 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਜਨਤਕ ਸਥਾਨਾਂ ਦੀ ਗਰਾਊਂਡ ਜ਼ੀਰੋ ਤੋਂ ਰਿਪੋਰਟ ਲੈਣ ਦੇ ਮਕਸਦ ਨਾਲ ਬਾਰਾਂਦਰੀ ਬਾਗ ਤੇ ਪੋਲੋ ਗਰਾਊਂਡ ਦਾ ਅੱਜ ਸ਼ਾਮ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਵੀ ਮੌਜੂਦ ਸਨ।

ਆਪਣੇ ਦੌਰੇ ਦੌਰਾਨ ਡਾ. ਪ੍ਰੀਤੀ ਯਾਦਵ ਨੇ ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ ਵਿਖੇ ਜਿਮਨੇਜ਼ੀਅਮ ਹਾਲ ਦੇ ਹੋਏ ਨਵੀਨੀਕਰਨ ਦੇ ਕੰਮ ਦਾ ਜਾਇਜ਼ਾ ਲੈਣ ਸਮੇਤ ਪੋਲੋ ਗਰਾਊਂਡ ਦੀ ਸਾਫ਼ ਸਫ਼ਾਈ ਅਤੇ ਵਿਸ਼ੇਸ਼ ਤੌਰ 'ਤੇ ਬਾਥਰੂਮਾਂ ਦੀ ਸਫ਼ਾਈ ਦਾ ਜਾਇਜ਼ਾ ਲੈਂਦਿਆਂ ਜ਼ਿਲ੍ਹਾ ਖੇਡ ਅਫ਼ਸਰ ਨੂੰ ਹਦਾਇਤ ਕੀਤੀ ਕਿ ਪੋਲੋ ਗਰਾਊਂਡ ਵਿਖੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਖੇਡਣ ਆਉਣ ਵਾਲੇ ਖਿਡਾਰੀਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪੋਲੋ ਗਰਾਊਂਡ ਦੀ ਮੈਨਟੇਨੈਂਸ ਲਈ ਹੋਰ ਵਿਅਕਤੀ ਰੱਖਣ ਲਈ ਕਾਰਵਾਈ ਅਰੰਭਣ ਲਈ ਵੀ ਕਿਹਾ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਬਾਰਾਂਦਰੀ ਬਾਗ ਦਾ ਦੌਰਾ ਕਰਦਿਆਂ ਨਗਰ ਨਿਗਮ ਕਮਿਸ਼ਨਰ ਨੂੰ ਵਾਤਾਵਰਣ ਸੁਧਾਰ ਪ੍ਰਾਜੈਕਟ ਅਧੀਨ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ (ਐਨਕੈਪ) ਤਹਿਤ ਬਾਰਾਂਦਰੀ ਬਾਗ ਦੇ ਸੁੰਦਰੀਕਰਨ ਲਈ ਤਿਆਰ ਕੀਤੀ ਯੋਜਨਾ ਨੂੰ ਅਮਲੀਜਾਮਾ ਪਹਿਨਾਉਣ ਲਈ ਕੰਮ ਸ਼ੁਰੂ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਬਾਰਾਂਦਰੀ ਬਾਗ ਵਿੱਚ ਲੱਗੇ ਫੁਹਾਰਿਆਂ, ਲਾਈਟਾਂ ਸਮੇਤ ਬੈਂਬੂ ਹਟਸ, ਸ਼ਹਿਰ ਵਾਸੀਆਂ ਦੀ ਸਹੂਲਤ ਲਈ ਬੈਠਣ ਤੇ ਸੈਰ ਕਰਨ ਲਈ ਬਿਹਤਰ ਪ੍ਰਬੰਧ ਕੀਤੇ ਜਾਣ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੀਆਂ ਜਨਤਕ ਥਾਵਾਂ ਦੀ ਗਰਾਊਂਡ ਜ਼ੀਰੋ ਤੋਂ ਰਿਪੋਰਟ ਲੈਣ ਲਈ ਅਚਨਚੇਤ ਦੌਰੇ ਅੱਗੋਂ ਵੀ ਕੀਤੇ ਜਾਣਗੇ ਤਾਂ ਜੋ ਜਿਥੇ ਕਿੱਤੇ ਵੀ ਕੋਈ ਕੰਮੀ ਹੈ, ਉਸ ਨੂੰ ਸੁਧਾਰ ਕੇ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਅੱਜ ਪਟਿਆਲਾ ਦੇ ਦੋ ਅਜਿਹੇ ਸਥਾਨਾਂ ਦਾ ਦੌਰਾ ਕੀਤਾ ਗਿਆ ਹੈ ਜਿਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹਿਰ ਵਾਸੀ ਆਉਂਦੇ ਹਨ।

# ਭਗਵਾਨ ਸ਼੍ਰੀ ਵਿਸ਼ਵਰਮਾ ਚੈਰੀਟੇਬਲ, ਐਜੁਕੇਸ਼ਨ ਅਤੇ ਵੈਲਫੇਅਰ ਟਰੱਸਟ ਦੀ ਮਹੀਨਾਵਾਰ ਮੀਟਿੰਗ ਆਯੋਜਿਤ



**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਸ਼੍ਰੀ ਵਿਸ਼ਵਰਮਾ ਚੈਰੀਟੇਬਲ, ਐਜੁਕੇਸ਼ਨ ਅਤੇ ਵੈਲਫੇਅਰ ਟਰੱਸਟ ਵਿਸ਼ਵਕਰਮਾ ਜੀ ਮੰਦਿਰ ਲਾਹੌਰੀ ਗੇਟ ਪਟਿਆਲਾ ਵੱਲੋਂ ਮੰਦਿਰ ਟਰੱਸਟ ਚੇਅਰਮੈਨ ਸ. ਕਾਕਾ ਸਿੰਘ ਮੈਹਣੇ, ਸਰਪ੍ਰਸਤ ਸ. ਬਚਨ ਸਿੰਘ ਹੂੰਝਣ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਧੀਮਾਨ, ਜਰਨਲ ਸੈਕਟਰੀ ਜਤਿੰਦਰ ਸਿੰਘ, ਕੈਸ਼ੀਅਰ ਬਾਬੂ ਰਮੇਸ਼ ਧੀਮਾਨ ਦੀ ਅਗਵਾਈ ਵਿੱਚ ਮਹੀਨਾਵਾਰ ਮੀਟਿੰਗ ਹੋਈ ਜਿਸ ਵਿੱਚ ਮੰਦਿਰ ਟਰੱਸਟੀਆਂ ਅਤੇ ਮੈਂਬਰਾਂ ਦੇ ਕੋਰਮ ਨੇ ਆਪਸੀ ਸਹਿਮਤੀ ਰਾਹੀਂ ਸ. ਸਰਬਜੀਤ ਸਿੰਘ ਧੀਮਾਨ (ਸਨੌਰੀ ਅੱਡਾ) ਵਾਲਿਆਂ ਨੂੰ ਮੰਦਿਰ ਟਰੱਸਟ ਦਾ ਨਵਾਂ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਚੁਣੇ ਗਏ ਪ੍ਰਧਾਨ ਸਾਹਿਬ ਨੇ ਆਈਆਂ ਹੋਈਆਂ ਵਿਸ਼ਵਕਰਮਾ ਸੰਗਤ ਦਾ ਧੰਨਵਾਦ ਕੀਤਾ ਅਤੇ ਆਪਣਾ ਕੰਮ ਪੂਰੀ ਇਮਾਨਦਾਰੀ ਅਤੇ ਨੇਕ ਨੀਤੀ ਨਾਲ ਕਰਨ ਦਾ ਪ੍ਰਣ ਲਿਆ। ਇਸ ਮੌਕੇ ਸ. ਸੁੱਖਦੇਵ ਸਿੰਘ ਭੋਲਾ ਜੀ (ਸਰਪ੍ਰਸਤ), ਸ. ਨਰਿੰਦਰ ਸਿੰਘ ਸਪਾਲ (ਸਰਪ੍ਰਸਤ), ਸ.ਜਸਵਿੰਦਰ ਸਿੰਘ ਭੋਡੇ ਸਰਪ੍ਰਸਤ), ਸ. ਹਰਿੰਦਰ ਸਿੰਘ ਮੈਨੇਜਰ, ਸ. ਅਮਰੀਕ ਸਿੰਘ ਐਡਵੋਕੇਟ ਲੀਗਲ ਐਡਵਾਈਜ਼ਰ, ਸ਼੍ਰੀ ਸੁਰਤੀ ਨਾਥ ਜੰਡ ਸਟੋਰਕੀਪਰ, ਵਿਕਰਮ ਸੱਗੂ ਜੁਆਇੰਟ ਸੈਕਟਰੀ, ਹਰਬੰਸ ਲਾਲ ਜੰਡ ਸਟੋਰਕੀਪਰ, ਬਲਦੇਵ ਸਿੰਘ ਜੀ ਮੈਂਬਰ, ਪ੍ਰੇਮ ਸਿੰਘ ਸੁਨਾਮੀ ਗੇਟ ਮੈਂਬਰ, ਸ. ਸੋਹਣ ਸਿੰਘ ਪਨੇਸਰ ਮੈਂਬਰ, ਨਰਿੰਦਰ ਸਿੰਘ ਰਾਮ ਨਗਰ, ਮੈਂਬਰ, ਸ਼੍ਰੀ ਸ਼ੁਸ਼ੀਲ ਕੁਮਾਰ ਸਫਾਬਾਦੀ ਗੇਟ ਮੈਂਬਰ, ਗੁਰਸ਼ਰਨਜੀਤ ਸਿੰਘ ਮੈਂਬਰ, ਹਰਦੀਪ ਸਿੰਘ ਹੀਰਾ ਬਾਗ ਮੈਂਬਰ, ਮਨੋਜ ਸੱਗੂ ਮੈਂਬਰ, ਸੰਦੀਪ ਸੱਗੂ ਮੈਂਬਰ, ਗੁਰਦਿਆਲ ਸਿੰਘ ਮੈਂਬਰ, ਮੋਹਨਜੀਤ ਸੁਨਾਮੀ ਗੇਟ, ਰਾਜਿੰਦਰ ਕੁਮਾਰ ਬਹੇੜਾ ਰੋਡ ਆਦਿ ਟਰੱਸਟ ਮੈਂਬਰ ਹਾਜ਼ਰ ਸਨ।

# ਐਚਡੀਐਫਸੀ ਬੈਂਕ ਪਰਿਵਰਤਨ ਨੇ 'ਵਿਸ਼ਵ ਵਾਤਾਵਰਣ ਦਿਵਸ' ਦੇ ਮੌਕੇ ਤੇ ਪਲਾਸਟਿਕ ਵਿਰੁੱਧ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ

**ਚੰਡੀਗੜ੍ਹ /ਲੁਧਿਆਣਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਐਚਡੀਐਫਸੀ ਬੈਂਕ ਨੇ 8 ਜੂਨ ਨੂੰ ਆਉਣ ਵਾਲੇ ਵਿਸ਼ਵ ਵਾਤਾਵਰਣ ਦਿਵਸ ਤੋਂ ਪਹਿਲਾਂ ਪਲਾਸਟਿਕ ਦੀ ਵਰਤੋਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਜਾਗਰੂਕਤਾ ਮੁਹਿੰਮ ਸ਼ੁਰੂ ਕਰਕੇ ਵਾਤਾਵਰਣ ਜ਼ਿੰਮੇਵਾਰੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਪਹਿਲਕਦਮੀ ਦੇ ਹਿੱਸੇ ਵਜੋਂ, ਬੈਂਕ ਗਾਹਕਾਂ, ਕਰਮਚਾਰੀਆਂ ਅਤੇ ਆਮ ਲੋਕਾਂ ਲਈ ਜਾਗਰੂਕਤਾ ਮੁਹਿੰਮਾਂ ਚਲਾ ਰਿਹਾ ਹੈ। ਐਚਡੀਐਫਸੀ ਬੈਂਕ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਸ਼੍ਰੀ ਕੈਜ਼ਾਦ ਭਰੂਚਾ ਨੇ ਕਿਹਾ, ÷ ਐਚਡੀਐਫਸੀ ਬੈਂਕ ਵਿਖੇ, ਸਾਡਾ ਮੰਨਣਾ ਹੈ ਕਿ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰਨ ਨਾਲ ਅਰਥਪੂਰਨ ਤਬਦੀਲੀ ਆਉਂਦੀ ਹੈ। ਸਾਡੀਆਂ ਪਰਿਵਰਤਨ ਪਹਿਲਕਦਮੀਆਂ, ਜਿਸ ਵਿੱਚ ਪਲਾਸਟਿਕ ਜਾਗਰੂਕਤਾ ਮੁਹਿੰਮ ਸ਼ਾਮਲ ਹੈ, ਸਥਾਨਕ ਨਾਗਰਿਕਾਂ ਦੀ ਸ਼ਮੂਲੀਅਤ ਦੁਆਰਾ ਸਥਾਨਕ ਮਾਲਕੀ ਦਾ ਸਮਰਥਨ ਕਰਨ ਅਤੇ ਸਥਾਈ ਪ੍ਰਭਾਵ ਪੈਦਾ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਪਲਾਸਟਿਕ ਪ੍ਰਦੂਸ਼ਣ ਨੂੰ ਹੱਲ ਕਰਨ ਲਈ ਇਕੱਠੇ ਕੰਮ ਕਰਕੇ, ਅਸੀਂ ਵਾਤਾਵਰਣ ਦੀ ਰੱਖਿਆ ਅਤੇ ਉਨ੍ਹਾਂ ਭਾਈਚਾਰਿਆਂ ਦੇ ਸਮਾਜਿਕ ਅਤੇ ਆਰਥਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਨ ਵਿੱਚ ਇੱਕ ਛੋਟੀ ਭੂਮਿਕਾ ਨਿਭਾ ਰਹੇ ਹਾਂ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ।

ਐਚਡੀਐਫਸੀ ਬੈਂਕ ਦੇ ਸੀਐਸਆਰ ਪ੍ਰੋਗਰਾਮ 'ਪਰਿਵਰਤਨ' ਅਧੀਨ ਚਲਾਈ ਗਈ ਇਹ ਮੁਹਿੰਮ, ਚੋਣਵੀਆਂ ਬੈਂਕ ਸ਼ਾਖਾਵਾਂ ਦੇ ਗਾਹਕਾਂ ਨੂੰ ਰੀਸਾਈਕਲਿੰਗ ਲਈ ਸ਼ਾਖਾ ਵਿੱਚ ਆਪਣਾ ਪਲਾਸਟਿਕ ਈ-ਕੂੜਾ ਜਮ੍ਹਾ ਕਰਨ ਅਤੇ ਉਨ੍ਹਾਂ ਦੀਆਂ ਬੁਨਿਆਦੀ ਜ਼ਰੂਰਤਾਂ ਲਈ ਪਲਾਸਟਿਕ ਵਿਕਲਪਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੇਗੀ। ਇਸ ਤੋਂ ਇਲਾਵਾ, ਬੈਂਕ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਲਈ ਸਮੂਹਿਕ ਯੋਗਦਾਨ ਨੂੰ ਉਤਸ਼ਾਹਿਤ ਕਰਨ ਲਈ ਕਰਮਚਾਰੀਆਂ ਦੀ ਅਗਵਾਈ ਵਿੱਚ ਜਾਗਰੂਕਤਾ ਸੈਸ਼ਨ, ਸੰਗ੍ਰਹਿ ਮੁਹਿੰਮਾਂ ਅਤੇ ਸਫਾਈ ਮੁਹਿੰਮਾਂ ਦਾ ਆਯੋਜਨ ਕਰੇਗਾ। ਬੈਂਕ ਨੇ ਵਾਤਾਵਰਣ 'ਤੇ ਪਲਾਸਟਿਕ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਨਾਗਰਿਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਪਲਾਸਟਿਕ ਦੀ ਵਰਤੋਂ ਨੂੰ ਸਰਲ ਪਰ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਘਟਾਉਣ ਲਈ ਔਨਲਾਈਨ ਪ੍ਰਣ ਲੈਣ ਦੇ ਯੋਗ ਬਣਾਉਣ ਲਈ ਇੱਕ ਸਮਰਪਿਤ ਵੈੱਬਪੇਜ ਵੀ ਲਾਂਚ ਕੀਤਾ ਹੈ।

ਜਾਗਰੂਕਤਾ ਮੁਹਿੰਮ ਦੇ ਨਾਲ, ਬੈਂਕ ਪੂਰੇ ਭਾਰਤ ਵਿੱਚ ਆਪਣੇ ਭਾਈਚਾਰੇ ਦੀ ਅਗਵਾਈ ਵਾਲੇ ਕੂੜਾ ਪ੍ਰਬੰਧਨ ਪ੍ਰੋਗਰਾਮਾਂ ਨੂੰ ਵੀ ਅੱਗੇ ਵਧਾ ਰਿਹਾ ਹੈ। ਪਰਿਵਰਤਨ ਦਖਲਅੰਦਾਜ਼ੀ ਰਾਹੀਂ, ਬੈਂਕ ਦਾ ਉਦੇਸ਼ 2025 ਤੱਕ 1,000 ਤੋਂ ਵੱਧ ਪਿੰਡਾਂ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰਣਾਲੀਆਂ ਨੂੰ ਲਾਗੂ ਕਰਨਾ ਅਤੇ 15 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸਮੱਗਰੀ ਰਿਕਵਰੀ ਸਹੂਲਤਾਂ ਸਥਾਪਤ ਕਰਨਾ ਹੈ। ਭਾਰਤ ਭਰ ਦੇ ਵੱਖ-ਵੱਖ ਖੇਤਰਾਂ ਵਿੱਚ, ਬੈਂਕ ਨੇ ਇੱਕ ਸੰਪੂਰਨ ਪਹੁੰਚ ਵਿੱਚ ਕੂੜੇ ਨੂੰ ਵੱਖ ਕਰਨ, ਰੀਸਾਈਕਲਿੰਗ ਅਤੇ ਲੈਂਡਫਿਲ ਨਿਰਭਰਤਾ ਨੂੰ ਘਟਾਉਣਾ ਲਾਗੂ ਕੀਤਾ ਹੈ।

# ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਕੋਹੜ ਦਾ ਕੀਤਾ ਜਾਵੇਗਾ ਖਾਤਮਾ : ਡਾਕਟਰ ਬਲਬੀਰ ਸਿੰਘ




**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਪੂਰਨ ਖਾਤਮੇ ਲਈ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਨੂੰ ਪਟਿਆਲਾ ਦਿਹਾਤੀ ਦੇ ਪਿੰਡ ਰੋਹਟਾ, ਹਿਆਣਾ ਖੁਰਦ, ਧੰਗੇੜਾ, ਲੁਬਾਣਾ ਕਰਮੂ, ਲੁਬਾਣਾ ਮਾਡਲ ਟਾਊਨ ਦੇ ਵਸਨੀਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਡਾਕਟਰ ਬਲਬੀਰ ਸਿੰਘ ਨੇ ਕਿਹਾ ?ਕਿ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਨਸ਼ਿਆਂ ਦੇ ਇਸ ਕੋਹੜ ਦਾ ਖਾਤਮਾ ਕਰੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਪਿੰਡ 'ਚ ਨਸ਼ਾ ਵੇਚਣ ਵਾਲਿਆਂ 'ਤੇ ਅਤੇ ਨਸ਼ਾ ਕਰਨ ਵਾਲਿਆਂ ਸਬੰਧੀ ਜਾਣਕਾਰੀ ਇਕਤਰ ਕਰਨ ਲਈ ਵਾਰਡ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜੋ ਨਸ਼ਿਆਂ ਸਬੰਧੀ ਛੋਟੀ ਤੋਂ ਛੋਟੀ ਜਾਣਕਾਰੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਾਂਝਾ ਕਰਨਗੀਆਂ। ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਨੂੰ ਜੇਲਾਂ ਵਿੱਚ ਅਤੇ ਨਸ਼ਾ ਕਰਨ ਵਾਲਿਆਂ ਦਾ ਇਲਾਜ ਕਰਵਾ ਕੇ ਉਨ੍ਹਾਂ ਨੂੰ ਕਿੱਤਾ ਮੁਖੀ ਕੋਰਸ ਕਰਵਾ ਕੇ ਸਮਾਜ ਦੀ ਮੁਖਧਾਰਾ ਵਿੱਚ ਸ਼ਾਮਲ ਕੀਤਾ ਜਾਵੇਗਾ।

ਸਿਹਤ ਮੰਤਰੀ ਨੇ ਕਿਹਾ ਕਿ ਸੂਬੇ ਦੀ ਨੌਜਵਾਨੀ ਹੁਣ ਨਸ਼ਿਆਂ ਦੀ ਦਲਦਲ ਵਿਚੋਂ ਨਿਕਲ ਰਹੀ ਹੈ ਅਤੇ ਪੰਜਾਬ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਵੱਲ ਵੱਧ ਰਿਹਾ ਹ

# ਪੈਨਸ਼ਨਰਾਂ ਵੱਲੋਂ ਬਕਾਇਆ ਏਰੀਅਰ ਦੀ ਅਦਾਇਗੀ ਵਿੱਚ ਵਰਤੇ ਜਾ ਰਹੇ ਢਿੱਲ ਮੱਠ ਅਤੇ ਸਰਕਾਰ ਅਤੇ ਮੈਨੇਜਮੈਂਟ ਦੀ ਨੀਅਤ ਅਤੇ ਨੀਤੀਆਂ ਵਿਰੁੱਧ ਰੋਸ ਪ੍ਰਗਟ



**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਨਸ਼ਨਰਜ਼ ਐਸੋਸੀਏਸ਼ਨ ਰਜਿ: ਨੰ: 56 ਪਾਵਰਕਾਮ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਸਰਕਲ ਪਟਿਆਲਾ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸਰਕਲ ਪ੍ਰਧਾਨ ਸ੍ਰੀ ਸੰਤ ਰਾਮ ਚੀਮਾ ਦੀ ਅਗਵਾਈ ਹੇਠ ਹੋਈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਕਲ ਸਕੱਤਰ ਰਾਮ ਚੰਦ ਬਖਸ਼ੀਵਾਲਾ ਅਤੇ ਸਰਕਲ ਪ੍ਰਧਾਨ ਸੰਤ ਰਾਮ ਚੀਮਾ ਸਾਂਝੇ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੰਦਿਆ ਦੱਸਿਆ ਕਿ ਮੀਟਿੰਗ ਵਿੱਚ ਗੁਰਚਰਨ ਸਿੰਘ ਡਕੌਂਦਾ, ਰਾਮ ਚੰਦ ਧਾਮੋਮਾਜਰਾ, ਰਾਮ ਸਿੰਘ ਸਨੌਰ, ਸ੍ਰੀ ਨਾਥ ਰਾਮ, ਮਹਿੰਦਰ ਸਿੰਘ ਮਡੋੜ, ਬਲਵਿੰਦਰ ਸਿੰਘ ਧਬਲਾਨ, ਸੋਹਣ ਸਿੰਘ ਸਮਾਣਾ, ਲਖਵੀਰ ਸਿੰਘ ਚਣੋ, ਸਰਕਲ ਆਗੂਆਂ ਤੋਂ ਇਲਾਵਾ ਡਵੀਜਨ ਪ੍ਰਧਾਨ ਰਾਮ ਚੰਦ ਲਹਿਲ, ਕਰਨੈਲ ਸਿੰਘ ਰਾਜਪੁਰਾ, ਅੱਤਰ ਸਿੰਘ ਸਬ ਅਰਬਨ ਮੰਡਲ ਪਟਿਆਲਾ, ਬਲਦੇਵ ਸਿੰਘ ਨਾਭਾ, ਲਖਬੀਰ ਸਿੰਘ ਮਾਡਲ ਟਾਊਨ ਆਦਿ ਸ਼ਾਮਲ ਹੋਏ ਅਤੇ ਸ਼ਾਮਲ ਆਗੂਆ ਨੇ ਆਪੋ ਆਪਣੇ ਵਿਚਾਰ ਰੱਖੇ, ਪੰਜਾਬ ਅਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਪੈਨਸ਼ਨਰਾਂ ਦੇ ਬਕਾਇਆ ਏਰੀਅਰ ਦੀ ਅਦਾਇਗੀ ਵਿੱਚ ਵਰਤੇ ਜਾ ਰਹੇ ਢਿੱਲ ਮੱਠ ਅਤੇ ਸਰਕਾਰ ਅਤੇ ਮੈਨੇਜਮੈਂਟ ਦੀ ਨੀਅਤ ਅਤੇ ਨੀਤੀਆਂ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ ਅਤੇ ਸੂਬਾ ਕਮੇਟੀ ਦੇ ਸੱਦੇ ਅਨੁਸਾਰ ਮਿਤੀ 06—06—2025 ਨੂੰ ਈਸਟ ਮੰਡਲ ਪਟਿਆਲਾ, ਰਾਜਪੁਰਾ ਮੰਡਲ, 5—06—2025 ਨੂੰ ਸਮਾਣਾ, 09—06—2025 ਨੂੰ ਨਾਭਾ ਮੰਡਲ ਅਤੇ ਵੈਸਟ ਮੰਡੀ ਪਟਿਆਲਾ ਅਤੇ 17—06—2025 ਨੂੰ ਸਬ ਅਰਬਨ ਮੰਡਲ ਪਟਿਆਲਾ ਅਤੇ ਮਾਡਲ ਟਾਊਨ ਡਵੀਜਨ ਵਿਖੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਖਿਲਾਫ ਰੋਸ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਮਿਤੀ 14—06—2025 ਨੂੰ ਮੁਲਾਜਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ ਤੇ ਲੁਧਿਆਣਾ ਜਿਮਨੀ ਚੋਣ ਦੌਰਾਨ ਸਰਕਾਰ ਦੀਆਂ ਮੁਲਾਜਮ ਅਤੇ ਪੈਨਸ਼ਨਰਜ਼ ਮਾਰੂ ਨੀਤੀਆਂ ਖਿਲਾਫ ਡੀ.ਸੀ. ਦਫਤਰ ਲੁਧਿਆਣਾ ਵਿਖੇ ਰੈਲੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਪਾਵਰਕਾਮ ਵੱਲੋਂ ਜਾਰੀ ਪੱਤਰ ਨੰਬਰ 560/ਸੀ.ਪੀ.ਪੀ ਮਿਤੀ 19—05—2025 ਰਾਹੀਂ ਫੈਸਲਾ ਕੀਤਾ ਗਿਆ ਕਿ 75 ਸਾਲ ਤੋਂ ਘੱਟ ਅਤੇ ਵੱਧ ਉਮਰ ਦੇ ਪੈਨਸ਼ਨਰਾਂ ਨੂੰ ਮਈ 2025 ਦੀ ਪੈਨਸ਼ਨ ਦਾ ਏਰੀਅਰ ਦੋ ਕਿਸ਼ਤਾਂ ਅਪ੍ਰੈਲ ਅਤੇ ਮਈ ਦੀ ਅਦਾਇਗੀ ਕਰਨ ਬਾਰੇ ਹਦਾਇਤ ਕੀਤੀ ਗਈ ਪਰੰਤੂ ਪਾਵਰਕਾਮ ਵਲੋਂ ਅਜੇ ਤੱਕ 75 ਸਾਲ ਤੋਂ ਘੱਟ ਉਮਰ ਵਾਲਿਆਂ ਦਾ ਏਰੀਅਰ ਨਹੀਂ ਬਣਾਇਆ ਗਿਆ। ਜਿਸ ਕਰਕੇ ਭਾਰੀ ਰੋਸ ਪਾਇਆ ਗਿਆ ਅਤੇ ਸਰਕਲ ਦੀ ਵਰਕਿੰਗ ਕਮੇਟੀ ਵਲੋਂ ਫੈਸਲਾ ਕੀਤਾ ਗਿਆ ਕਿ ਜੇਕਰ ਏਰੀਅਰ ਨਾ ਦਿੱਤਾ ਗਿਆ ਤਾਂ ਹੈਡ ਆਫਿਸ ਪਟਿਆਲਾ ਦੇ ਗੇਟ ਅੱਗੇ ਰੈਲੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਲੀਵ ਇਨ ਕੈਸ਼ਮੈਂਟ ਦਾ ਬਕਾਇਆ ਰਾਸ਼ੀ ਅਦਾਇਗੀ ਤੁਰੰਤ ਕਰਨ ਬਾਰੇ, 200 ਰੁਪਏ ਪ੍ਰਤੀ ਮਹੀਨਾ ਪੰਜਾਬ ਵਿਕਾਸ ਟੈਕਸ ਜਬਰੀ ਕੱਟਣਾ ਬੰਦ ਕੀਤਾ ਜਾਵੇ ਆਦਿ ਮੰਗਾਂ ਦਾ ਹੱਲ ਕੀਤਾ ਜਾਵੇ। ਜੇਕਰ ਨਾ ਕੀਤਾ ਗਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਦੀ ਹੋਵੇਗੀ।

# ਭਗਵਾਨ ਸਿੰਘ ਦੀ ਵਿਸ਼ਵਕਰਮਾ ਮੰਦਿਰ ਲਹੌਰੀ ਗੇਟ ਦਾ ਪ੍ਰਬੰਧ ਧਰਮ ਅਰਥ ਬੋਰਡ ਦੇ ਅਧੀਨ ਕੀਤਾ ਜਾਵੇ



**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਸ੍ਰੀ ਵਿਸ਼ਕਰਮਾ ਮੰਦਰ ਕਮੇਟੀ /ਟਰਸਟ ਵਿੱਚ ਚੱਲ ਰਹੇ ਵਿਵਾਦ ਦੇ ਸੰਬੰਧ ਵਿੱਚ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਜਾਣੂ ਕਰਵਾਇਆ ਗਿਆ ਕਿ ਪਿਛਲੇ ਦਿਨੀ ਟਰਸਟ ਮੈਂਬਰਾਂ ਵੱਲੋਂ ਆਪਣੀ ਮਨ ਮਰਜ਼ੀ ਨਾਲ ਆਪਣੀਆਂ ਮਨਮਰਜੀਆਂ ਕਰਦੇ ਹੋਏ ਟਰਸਟੀ ਤੇ ਪ੍ਰਧਾਨ ਸੁਰਜੀਤ ਸਿੰਘ ਮਹਿਲ ਨੂੰ ਪ੍ਰਧਾਨਗੀ ਤੋਂ ਬਰਖਾਸਤ ਕਰ ਦਿੱਤਾ ਸੀ ਜਿਸ ਕਰਕੇ ਸਮੂਹ ਸ਼ਹਿਰ ਤੇ ਆਲੇ ਦੁਆਲੇ ਦੇ ਵਿਸ਼ਵਕਰਮਾ ਵੰਸ਼ੀਆਂ ਵਿੱਚ ਰੋਸ ਪਾਇਆ ਗਿਆ ਅਤੇ ਮਿਤੀ 1/06/2025 ਨੂੰ ਸਾਰੇ ਵਿਸ਼ਵਕਰਮਾ ਵੰਸ਼ੀਆਂ ਦਾ ਇਕੱਠ ਵਿਸ਼ਵਕਰਮਾ ਮੰਦਰ ਲਹੌਰੀ ਗੇਟ ਪਟਿਆਲਾ ਵਿਖੇ ਹੋਇਆ ਉਪਰੰਤ ਦੂਜੀ ਧਿਰ ਵੱਲੋਂ ਵਿਸ਼ਵਕਰਮਾ ਮੰਦਿਰ ਦੇ ਵਿੱਚ ਪੁਲਿਸ ਭਾਰੀ ਗਿਣਤੀ ਦੇ ਵਿੱਚ ਬੁਲਾਈ ਹੋਈ ਸੀ ਜੋ ਕਿ ਬਹੁਤ ਜਿਆਦਾ ਨਿੰਦਣਯੋਗ ਹੈ ਮੰਦਰ ਦੇ ਅੰਦਰ ਜੁੱਤੀਆਂ ਪਾ ਕੇ ਪੁਲਿਸ ਘੁੰਮ ਰਹੀ ਸੀ ਇਸ ਦੇ ਨਾਲ ਵਿਸ਼ਵਕਰਮਾ ਵਸੀਆਂ ਵਿੱਚ ਬਹੁਤ ਹੀ ਜਿਆਦਾ ਰੋਸ ਪਾਇਆ ਗਿਆ ਤੇ ਵਿਸ਼ਵਕਰਮਾ ਮੰਦਰ ਦੇ ਅੰਦਰ ਆਉਣ ਤੋਂ ਪੁਲਿਸ ਨੇ ਮੈਂਬਰਾਂ ਨੂੰ ਰੋਕਿਆ ਵੀ ਤੇ ਸਾਨੂੰ ਵੀ ਉਸ ਜਗ੍ਹਾ ਤੋਂ ਬਾਹਰ ਕੱਢਣ ਲਈ ਵੀ ਜੋਰ ਅਜਮਾਈ ਕੀਤੀ ਗਈ ਮੀਟਿੰਗ ਵਿੱਚ ਹਾਲਾਤ ਬਹੁਤ ਵਿਗੜ ਗਏ ਸਨ ਦੋਨੇ ਪਾਰਟੀਆਂ ਦੇ ਮੰਦਰ ਵਿੱਚ ਕਿਸੇ ਸਮੇਂ ਵੀ ਝਗੜਾ ਹੋ ਸਕਦਾ ਹੈ ਜਾਨੀ ਤੇ ਮਾਲੀ ਨੁਕਸਾਨ ਵੀ ਹੋ ਸਕਦਾ ਹੈ ਇਸ ਕਰਕੇ ਸਮੂਹ ਵਿਸ਼ਵਕਰਮਾ ਮੰਦਰ ਲਹੌਰੀਗੇਟ ਪਟਿਆਲਾ ਸਮੂਹ ਵਿਸ਼ਵਕਰਮਾ ਬੰਸੀਆਂ ਨੇ ਇਹ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਵਿਸ਼ਵਕਰਮਾ ਮੰਦਿਰ ਲਹੌਰੀਗਟ ਪਟਿਆਲਾ ਦਾ ਪ੍ਰਬੰਧ ਧਰਮ ਅਰਥ ਬੋਰਡ ਦੇ ਅਧੀਨ ਕਰਕੇ ਉੱਥੇ ਸਰਕਾਰੀ ਤੌਰ ਤੇ ਪ੍ਰਬੰਧਕ ਲਾਇਆ ਜਾਵੇ ਇਸ ਸਬੰਧੀ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਲਿਖਤੀ ਰੂਪ ਦੇ ਵਿੱਚ ਪੱਤਰ ਦੇ ਦਿੱਤਾ ਹੈ।

ਇਸ ਮੌਕੇ ਤੇ ਸੁਰਜੀਤ ਸਿੰਘ ਧੀਮਾਨ ਸਰਜੀਤ ਸਿੰਘ ਮਹਿਲ ਜਗਜੀਤ ਸਿੰਘ ਸੱਗੂ ਅਮਰਜੀਤ ਸਿੰਘ ਰਾਮਗੜੀਆ ਸੂਬਾ ਸਿੰਘ ਰਾਮਗੜੀਆ ਅਮਰੀਕ ਸਿੰਘ ਭੁੱਲਰ ਦਵਿੰਦਰ ਸਿੰਘ ਜੰਡੂ ਬਲਜਿੰਦਰ ਸਿੰਘ ਜੰਡੂ ਗੁਰਸ਼ਰਨਜੀਤ ਸਿੰਘ ਬਲਜੀਤ ਸਿੰਘ ਹਾਕਮ ਸਿੰਘ ਹਰਚੰਦ ਸਿੰਘ ਅਮਰਜੀਤ ਸਿੰਘ ਜੰਡੂ ਬਾਬੂ ਰਾਮ ਕ੍ਰਿਸ਼ਨ ਆਦਿ ਹਾਜ਼ਰ ਸਨ।

# ਸ਼ਾਇਰੀ ਵਿੱਚ ਪ੍ਰਸਿੱਧ ਹੋਣਾ ਅਤੇ ਉੱਤਮ ਹੋਣਾ ਵੱਖਰੀਆਂ-ਵੱਖਰੀਆਂ ਗੱਲਾਂ: ਜਸਵੰਤ ਸਿੰਘ ਜ਼ਫ਼ਰ

**ਭਾਸ਼ਾ ਵਿਭਾਗ ਪੰਜਾਬ ਨੇ ਕਰਵਾਇਆ ਸ਼ਾਇਰ ਗੁਰਦੇਵ ਚੌਹਾਨ ਨੂੰ ਸਾਹਿਤ ਪ੍ਰੇਮੀਆਂ ਦੇ ਰੂਬਰੂ**



**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਬੁੱਧ ਸ਼ਾਇਰ ਗੁਰਦੇਵ ਚੌਹਾਨ ਨੂੰ ਸਾਹਿਤ ਪ੍ਰੇਮੀਆਂ ਦੇ ਰੂਬਰੂ ਕਰਵਾਇਆ ਗਿਆ। 'ਕਵਿਤਾ ਸੰਗਤ' ਬੈਨਰ ਹੇਠ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਕਰਵਾਏ ਗਏ ਇਸ ਸਮਾਗਮ ਦੌਰਾਨ ਕਵੀ ਗੁਰਪ੍ਰੀਤ ਮਾਨਸਾ ਨੇ ਸ੍ਰੀ ਗੁਰਦੇਵ ਚੌਹਾਨ ਨਾਲ ਸੰਵਾਦ ਰਚਾਇਆ। ਸਮਾਗਮ ਦੀ ਪ੍ਰਧਾਨਗੀ ਉੱਘੇ ਵਿਦਵਾਨ ਡਾ. ਜਸਵਿੰਦਰ ਸਿੰਘ ਨੇ ਕੀਤੀ। ਅੱਧੀ ਦਰਜ਼ਨ ਦੇ ਕਰੀਬ ਸਰੋਤਿਆਂ ਨੇ ਵੀ ਸ੍ਰ. ਚੌਹਾਨ ਨੂੰ ਸੁਆਲ ਕਰਕੇ, ਸਮਾਗਮ ਦੇ ਮਿਆਰ 'ਚ ਵਾਧਾ ਕੀਤਾ।

ਸਵਾਗਤੀ ਭਾਸ਼ਨ 'ਚ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਗੁਰਦੇਵ ਚੌਹਾਨ ਵੱਡਾ ਕਵੀ ਹੈ ਪਰ ਪ੍ਰਸਿੱਧ ਘੱਟ ਹੈ। ਵਧੀਆ ਸ਼ਾਇਰ ਦਾ ਮਸ਼ਹੂਰ ਸ਼ਾਇਰ ਹੋਣਾ ਲਾਜ਼ਮੀ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਗੁਰਦੇਵ ਚੌਹਾਨ ਬੜੀ ਸਹਿਜ ਤੇ ਸੌਖੀ ਕਵਿਤਾ ਕਹਿੰਦੇ ਹਨ ਅਤੇ ਆਪਣੀ ਕਵਿਤਾ ਰਾਹੀਂ ਬੜੀ ਜਲਦੀ ਪਾਠਕ ਨੂੰ ਆਪਣੇ ਆਸ ਪਾਸ ਫੈਲੀ ਕਵਿਤਾ ਦਿਸਣ ਲਾ ਦਿੰਦੇ ਹਨ। ਸ੍ਰੀ ਗੁਰਦੇਵ ਚੌਹਾਨ ਨੇ ਦੱਸਿਆ ਕਿ ਉਹ ਤੀਸਰੀ-ਚੌਥੀ ਜਮਾਤ 'ਚ ਹੀ ਕਿੱਸਾ ਕਾਵਿ ਪੜ੍ਹਨ ਲੱਗ ਗਏ ਸਨ ਅਤੇ ਦਸਵੀਂ ਜਮਾਤ ਤੱਕ ਪੁੱਜਦਿਆਂ ਉਹ ਕਵਿਤਾ ਲਿਖਣ ਲੱਗ ਗਏ ਸਨ। ਉਨ੍ਹਾਂ ਗ੍ਰੈਜੂਏਸ਼ਨ ਕਰਦਿਆਂ ਪਹਿਲੀ ਕਾਵਿ ਪੁਸਤਕ ਲਿਖ ਦਿੱਤੀ ਸੀ। ਉਨ੍ਹਾਂ ਕਿਹਾ ਕਿ ਬਦਲਦੀਆਂ ਪ੍ਰਸਥਿਤੀਆਂ ਉਨ੍ਹਾਂ ਦੀ ਕਵਿਤਾ ਨੂੰ ਨਵੇਂ ਵਿਸ਼ੇ ਪ੍ਰਦਾਨ ਕਰਦੀਆਂ ਹਨ ਜਿਸ ਕਾਰਨ ਉਨ੍ਹਾਂ ਦੀ ਕਵਿਤਾ 'ਚ ਨਵੀਨਤਾ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਕਵਿਤਾ ਕਵੀ ਤੋਂ ਅੰਦਰ-ਬਾਹਰ ਦਾ ਸਹਿਜ ਮੰਗਦੀ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਕੁਝ ਸ਼ਬਦ ਬਹੁਤ ਚੰਗੇ ਲੱਗਦੇ ਹਨ ਜੋ ਵਾਰ-ਵਾਰ ਉਨ੍ਹਾਂ ਦੀ ਕਵਿਤਾ 'ਚ ਆਉਂਦੇ ਹਨ। ਇਸ ਮੌਕੇ ਡਾ. ਸੰਤੋਖ ਸੁੱਖੀ, ਤੁਸ਼ਾਰ, ਗੁਰਮੁਖ ਸਿੰਘ ਜਾਗੀ, ਬਲਵਿੰਦਰ ਸਿੰਘ ਭੱਟੀ ਆਦਿ ਨੇ ਵੀ ਸ. ਚੌਹਾਨ ਨੂੰ ਸੁਆਲ ਕੀਤੇ।

ਆਪਣੇ ਪ੍ਰਧਾਨਗੀ ਭਾਸ਼ਨ 'ਚ ਡਾ. ਜਸਵਿੰਦਰ ਸਿੰਘ ਨੇ ਭਾਸ਼ਾ ਵਿਭਾਗ ਵੱਲੋਂ ਕੀਤੀਆਂ ਜਾਂਦੀਆਂ ਸਾਹਿਤਕ ਸਰਗਰਮੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਇਹ ਇੱਕ ਵਿਲੱਖਣ ਤੇ ਸਮਰੱਥਾਵਾਨ ਸੰਸਥਾ ਹੈ। ਇਸ ਕਰਕੇ ਇਸ ਨੂੰ ਅਜਿਹੇ ਮਿਆਰੀ ਸਮਾਗਮ ਰਚਾਉਣ ਦਾ ਸਿਲਸਿਲਾ ਨਿਰੰਤਰ ਜਾਰੀ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿ ਸਮੇਂ ਦੇ ਨਾਲ-ਨਾਲ ਬਦਲਦੀ ਕਵਿਤਾ ਹੀ ਵਕਤ ਦੀ ਅਵਾਜ਼ ਬਣਦੀ ਹੈ। ਇੱਕ ਸਮੇਂ ਕਈ ਧਰਾਵਾਂ 'ਚ ਕਵਿਤਾ ਰਚੀ ਜਾਂਦੀ ਹੈ ਅਤੇ ਹਰ ਤਰ੍ਹਾਂ ਦੀ ਕਵਿਤਾ ਨੂੰ ਚਾਹੁੰਣ ਵਾਲੇ ਪਾਠਕਾਂ/ਸਰੋਤਿਆਂ ਦੇ ਵਰਗ ਵੱਖਰੇ-ਵੱਖਰੇ ਹੁੰਦੇ ਹਨ। ਸੰਵਾਦ ਕਰਤਾ ਗੁਰਪ੍ਰੀਤ ਮਾਨਸਾ ਨੇ ਕੁਝ ਕਾਵਿ ਵੰਨਗੀਆਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਸਮਾਗਮ ਦੇ ਆਰੰਭ ਵਿੱਚ ਭਾਸ਼ਾ ਵਿਭਾਗ ਦੀ ਸੰਯੁਕਤ ਨਿਰਦੇਸ਼ਕਾ ਹਰਪ੍ਰੀਤ ਕੌਰ ਸ. ਗੁਰਦੇਵ ਚੌਹਾਨ ਦਾ ਪੌਦਾ ਭੇਟ ਕਰਕੇ ਸਵਾਗਤ ਕੀਤਾ ਅਤੇ ਅਖੀਰ ਵਿੱਚ ਵਿਭਾਗ ਵੱਲੋਂ ਸ. ਚੌਹਾਨ ਨੂੰ ਸ਼ਾਲ ਅਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਤਿਕਾਰ ਦਿੱਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਵਿਭਾਗ ਦੀ ਡਿਪਟੀ ਡਾਇਰੈਕਟਰ ਹਰਭਜਨ ਕੌਰ ਅਤੇ ਚੰਦਨਦੀਪ ਕੌਰ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਤੇ ਜਸਪ੍ਰੀਤ ਕੌਰ ਤੋਂ ਇਲਾਵਾ ਪ੍ਰੋ

ਡਾ. ਸੁਰਜੀਤ ਸਿੰਘ, ਸ਼ਾਇਰ ਬਲਵਿੰਦਰ ਸੰਧੂ, ਜਗਦੀਪ ਸਿੱਧੂ, ਸੰਤ ਸਿੰਘ ਸੋਹਲ, ਨਵਦੀਪ ਮੁੰਡੀ, ਅਵਤਾਰਜੀਤ, ਹਰਪ੍ਰੀਤ ਸੰਧੂ ਤੇ ਹੋਰ ਸ਼ਖਸ਼ੀਅਤਾਂ ਹਾਜ਼ਰ ਸਨ।

# ਲੋਕ-ਕਾਵਿ ਵਿੱਚ ਪਸ਼ੂ-ਪੰਛੀ

ਪਰਮਜੀਤ ਕੌਰ ਸਰਹਿੰਦ



ਲੋਕ-ਕਾਵਿ ਵਿੱਚ ਕੇਵਲ ਮਨੁੱਖੀ ਜੀਵਨ ਦਾ ਹੀ ਬਿਰਤਾਂਤ ਨਹੀਂ ਮਿਲਦਾ ਬਲਕਿ ਇਸ ਵਿੱਚ ਕੁਦਰਤ ਦੇ ਤਮਾਮ ਸਰੋਤਾਂ ਸਮੇਤ ਪਸ਼ੂ-ਪੰਛੀਆਂ ਦਾ ਜ਼ਿਕਰ ਵੀ ਬਾਕਮਾਲ ਸ਼ੈਲੀ ਵਿੱਚ ਮਿਲਦਾ ਹੈ। ਭਾਵਨਾਵਾਂ ਮਨੁੱਖ ਦੇ ਅੰਦਰੋਂ ਉਛਾਲੇ ਮਾਰਦੀਆਂ ਹਨ, ਸ਼ਬਦ ਉਨ੍ਹਾਂ ਨੂੰ ਕਿਸੇ ਸਾਹਿਤਕ ਵਿਧਾ ਵਿੱਚ ਰੂਪਮਾਨ ਕਰਦੇ ਹਨ। ਲੰਮੇ ਸਮੇਂ ਤੋਂ ਵਿਚਾਰਾਂ ਨੂੰ ਪ੍ਰਗਟਾਉਣ ਲਈ ਭਾਸ਼ਾ ਸਾਰਥਿਕ ਮਾਧਿਅਮ ਹੈ, ਪਰ ਇੱਕ ਅਜਿਹਾ ਦੌਰ ਵੀ ਰਿਹਾ ਜਦੋਂ ਉੱਛਲਦੇ-ਖੌਲਦੇ ਜਜ਼ਬਾਤ ਨੂੰ ਪ੍ਰਗਟ ਕਰਨ ਲਈ ਇੱਕ ਮਾਤਰ ਸਾਧਨ ਮੌਖਿਕ ਰੂਪ ਵਿੱਚ ਲੋਕ-ਕਾਵਿ ਹੀ ਰਿਹਾ।

ਇਹ ਕਾਵਿ ਬਹੁਤਾ ਕਰਕੇ ਨਾਰੀ ਮਨ ਵੱਲੋਂ ਸਿਰਜਿਆ ਗਿਆ ਮੰਨਿਆ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਨੂੰ ਉਹ ਔਕੜਾਂ ਦਰਪੇਸ਼ ਨਹੀਂ ਸਨ ਜੋ ਔਰਤ ਨੂੰ ਸਨ। ਔਰਤ ਨੇ ਆਪਣਾ ਰੋਹ-ਵਿਦਰੋਹ, ਖ਼ੁਸ਼ੀ-ਗ਼ਮੀ, ਵੈਰਾਗ ਤੇ ਸਬਰ-ਸਬੂਰੀ ਨੂੰ ਵੀ ਲੋਕ-ਕਾਵਿ ਵਿੱਚ ਵਿਅਕਤ ਕੀਤਾ। ਅੱਜ ਦੀ ਔਰਤ ਕੋਲ ਕਲਮ ਹੈ, ਮੰਚ ਹੈ, ਉਹ ਲਿਖ ਜਾਂ ਬੋਲ ਕੇ ਆਪਣੇ ਮਨਅੰਤਰ ਦੇ ਸਭ ਗੁੱਭ-ਗਵਾਹਟ ਬਾਹਰ ਕੱਢ ਸਕਦੀ ਹੈ। ਅਨਪੜ੍ਹ ਜਾਂ ਘੱਟ ਪੜ੍ਹੀ ਹੋਣ ਦੇ ਬਾਵਜੂਦ ਮੱਧਕਾਲੀ ਜਾਂ ਉਸ ਦੇ ਆਸ-ਪਾਸ ਦੇ ਸਮੇਂ ਵਿੱਚ ਔਰਤ ਨੇ ਆਪਣੀ ਸੂਝ ਦਾ ਸਿੱਕਾ ਮਨਵਾਇਆ। ਸੂਈ ਤੋਂ ਲੈ ਕੇ ਪਹਾੜ ਤੱਕ ਦਾ ਜ਼ਿਕਰ ਲੋਕ-ਕਾਵਿ ਵਿੱਚ ਮਿਲਦਾ ਹੈ। ਮਿਸਾਲ ਵਜੋਂ :

ਸੂਈ ਵੇ ਸੂਈ ਜ਼ਾਲਮਾਂ/ਸੂਈ ਨੇ ਕੱਢਿਆ ਕੱਡਾ
ਤੇਰੀ ਮਾਂ ਨੇ ਚੁੱਕ ਲਿਆ ਡੰਡਾ/ ਜ਼ਾਲਮਾਂ ਸੂਈ ਵੇ....।

ਲੋਕ-ਕਾਵਿ ਵਿੱਚ ਨਿੱਕੇ ਤੋਂ ਵੱਡੇ ਜੀਵ-ਜੰਤੂਆਂ ਤੇ ਪਸ਼ੂ-ਪੰਛੀਆਂ ਦਾਵਿਵਰਣਖ਼ੂਬਸੂਰਤ ਅਲੰਕਾਰਾਂ ਨਾਲ ਮਿਲਦਾ ਹੈ। ਕਿਧਰੇ ਆਮ ਵਰਤਾਰੇ ਵਿੱਚ। ਗੱਲ ਕੀੜੀ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਲੋਕ-ਕਾਵਿ ਦੀ ਸਿੱਠਣੀ ਵਿਧਾ ਹੈ:

ਮਿੱਠੀ ਮਿੱਠੀ ਸ਼ੱਕਰ ਵਿੱਚੋਂ/ ਨਿੱਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੋਲ੍ਹ ਮੱਥੇ ਦੀ ਤਿਊੜੀ...।

ਸਿੱਠਣੀ ਵਿੱਚ ਹੀ ਭਰਿੰਡ ਸ਼ਾਮਲ ਹੈ:

ਮੈਂ ਦੱਸਾਂ ਭਰਿੰਡੇਨੀਂ/ ਨਹਿਰ ਕਿਨਾਰੇ ਉੱਡਿਆ ਕਰ
ਨਣਦ ਮੇਰੀ ਦੇ ਲੜਿਆ ਕਰ
ਲੜ-ਲੜ ਛਾਲਾ ਪਾਇਆ ਕਰ
ਘੜੀ-ਘੜੀ ਤੜਪਾਇਆ ਕਰ।

ਇਹ ਮਹਾਨ ਕਾਵਿ ਸਿਰਜਣਹਾਰੀਆਂ ਦੀ ਸੂਝ ਕਿੰਨੀ ਕਮਾਲ ਸੀ ਜਿਨ੍ਹਾਂ ਮੱਛੀ ਤੇ ਡੱਡੂ ਨੂੰ ਵੀ ਬਣਦੀ ਥਾਂ ਦਿੱਤੀ। ਗਿੱਧੇ ਦਾ ਸਿੱਠਣੀਆਂ ਵਰਗਾ ਗੀਤ ਹੈ ਜਿਸ ਨੂੰ ਦੋ ਧਿਰਾਂ ਗਾਉਂਦੀਆਂ ਪਹਿਲੀਆਂ ਕਹਿੰਦੀਆਂ:

ਮਾਮਾਗਿਆ ਤੀਰਥਾਂ ਨੂੰ ਮਾਮੀ ਵੀ ਨਾਲ
ਹਰ ਗੰਗੇ ਨਰਾਇਣ ਗੰਗੇ...
ਮੱਛਲੀ ਨੇ ਫੜਲਿਆ ਮੁੱਛਦਾ ਵਾਲ਼
ਹਰਗੰਗੇ ਨਰਾਇਣ ਗੰਗੇ...।

ਨਾਨਕੀਆਂ ਵਾਰੀ ਦਾ ਵੱਟਾ ਲੈਂਦੀਆਂ:

ਕਿੱਧਰ ਗਈਆਂ ਵੇ ਦੋਹਤਿਆ, ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀਲੱਡੂ, ਜੰਮੇ ਸੀ ਡੱਡੂ ਛੱਪੜਾਂ 'ਤੇ ਗਈਆਂ
ਵੇਬੀਬਾ ਤੇਰੀਆਂ ਦਾਦਕੀਆਂ।

ਲੋਕਧਾਰਾ ਅਰੁਕ ਵਹਿਣ ਵਾਲੀ ਅਜਿਹੀ ਧਾਰਾ ਹੈ ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ ਹੈ। ਵਣਜਾਰਾ ਬੇਦੀ ਅਨੁਸਾਰ "ਮੌਖਿਕ ਸਾਹਿਤ ਲੋਕਾਂ ਦੇ ਦਿਲਾਂ ਵਿੱਚ ਰਹਿੰਦਾ ਤੇ ਹੋਠਾਂ ਉੱਪਰ ਖੇਡਦਾ ਹੈ। ਇਹ ਮੂਹੋਂ ਮੂੰਹ ਅੱਗੇ ਤੁਰਦਾ ਯੁੱਗਾਂ ਦੇ ਪੈਂਡੇ ਤੈਅ ਕਰ ਲੈਂਦਾ ਹੈ। ਇਹ ਅਕਾਲ ਹੈ ਕਿਸੇਕਾਲ ਵਿੱਚ ਨਹੀਂ ਬੱਝਿਆ ਹੋਇਆ। ਇਹ ਅਕਰਤਾਹੈ ਛਾਂਗਦਾ ਹੈ ਅਤੇ ਅਖ਼ੀਰ ਵਿੱਚ ਇਹ ਰਚਨਾ ਜਾਤੀ ਸਮੂਹ ਦਾ ਅਨੁਭਵ ਆਪਣੇ ਵਿੱਚ ਰਚਾ ਕੇ ਇੱਕ ਸਾਂਝੀ ਕਿਰਤ ਬਣਜਾਂਦੀ ਹੈ।"

ਪੁਰਾਤਨ ਲੋਕ-ਕਾਵਿ ਸਾਡਾ ਅਨਮੋਲ ਖ਼ਜ਼ਾਨਾ ਹੈ ਕਿਉਂਕਿ ਇਸ ਵਿੱਚ ਹੁਣ ਸਾਂਝਾ ਮੌਖਿਕ ਕਾਵਿ ਜੁੜਨ ਦੀ ਸੰਭਾਵਨਾ ਨਹੀਂ ਹੈ। ਹੁਣ ਕਾਵਿ ਲਿਖਤੀ ਹੈ ਇਸ ਦਾ ਕਾਲਵੀ ਦਰਜ ਹੈ ਤੇ ਕਰਤਾਵੀ।ਲੋਕ-ਕਾਵਿ ਨੂੰ ਲਿਖਤੀ ਰੂਪ ਵਿੱਚ ਸਾਂਭਣਾ ਬਹੁਤ ਜ਼ਰੂਰੀ ਹੈ। ਇਸ ਨੂੰ ਪੜ੍ਹ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਸਹਿਜ ਸੁਭਾਅ ਕੁਦਰਤ ਨੂੰ ਜਾਂ ਕੁਦਰਤ ਦੀ ਹਰ ਕਿਰਤ ਨੂੰ ਇਸ ਵਿੱਚ ਸਮੋਇਆ ਹੋਇਆ ਹੈ। ਪਸ਼ੂ-ਪੰਛੀ ਤੇ ਮਨੁੱਖ ਇਕੱਠੇ ਇਸ ਬੋਲੀ ਵਿੱਚ ਹਾਜ਼ਰੀ ਲਗਵਾਉਂਦੇ ਹਨ:

ਸੁਣ ਨੀਂਧੰਨ ਕੁਰੇ ਮੀਂਹਨਹੀਂ ਪੈਂਦਾ
ਸੁੱਕੀਆਂ ਵਗਣਜ਼ਮੀਨਾਂ
ਤੂੜੀ ਖਾ-ਖਾ ਬਲਦ ਹਾਰ ਗਏ
ਗੱਭਰੂ ਗਿੱਝ ਗਏ 'ਫੀਮਾਂ
ਤੇਰੀਬੈਠਕ ਨੇ ਪੱਟਿਆ ਕਬੂਤਰ ਚੀਨਾ।

ਲੰਮੇ ਗੌਣ ਦੇ ਕੁਝ ਅੰਸ਼ ਹਨ :

ਡਿੱਗਦੀ ਤਾਂ ਡਿੱਗਦੀਜ਼ਾਲਮ/ ਕੂਏ ਪਰਡਿੱਗ ਪਈ ਵੇ
ਹੱਡੀਆਂ ਦੀ ਹੋ ਗਈ ਜ਼ਾਲਮ ਢੇਰੀ ਵੇ,
ਚਿਣ-ਚਿਣਹੱਡੀਆਂ ਜ਼ਾਲਮ
ਮਹਿਲ ਬਣਾਵਾਂ ਵੇ/ਵਿੱਚ-ਵਿੱਚ ਰੱਖਦੀ ਜ਼ਾਲਮ ਮੋਰੀ ਵੇ
ਆਉਂਦਾ ਵੀ ਦੇਖਾਂ ਜ਼ਾਲਮ
ਜਾਂਦਾ ਵੀ ਦੇਖਾਂ ਸੂਰਤ ਨਾ ਦਿਖਦੀ
ਜ਼ਾਲਮ ਤੇਰੀ ਵੇ/ ਪਹਿਲਾਂ ਤਾਂ ਲੰਘਗਿਆ ਜ਼ਾਲਮ
ਤਿਲੀਅਰ ਤੋਤਾ ਵੇ/ ਪਿੱਛੇ ਤਾਂ ਲੰਘਗਈ ਜ਼ਾਲਮ ਮੈਨਾ ਵੇ...

ਬਹੁਤ ਡੂੰਘੇ ਅਰਥਾਂ ਵਾਲਾ ਹੈ ਇਹਗੌਣ ਜੋ ਤੋਤਾ-ਮੈਨਾ ਬਿੰਬ ਵਰਤ ਕੇ ਸਿਰਜਿਆਹੈ., ਇਹ ਕਮਾਲ ਦੀ ਸੂਝ ਦਾ ਪ੍ਰਤੀਕ ਹੈ।

ਮਸ਼ਹੂਰ ਸੁਹਾਗ ਹੈ:

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ...।

'ਮੋਰ' ਅਲੰਕਾਰ ਬਹੁਤ ਥਾਈਂ ਮਿਲਦਾ ਹੈ। ਇਸ ਦੀ ਜੜਤ-ਘੜਤ ਕਾਬਲੇ ਤਾਰੀਫ਼ ਹੈ:

ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ
ਪਾ ਕੇ ਕਲਮੀ ਸ਼ੋਰਾ/ ਵਿੱਚ ਭਰਜਾਈਆਂ ਦੇ
ਬੋਲ ਕਲਹਿਰੀਆ ਮੋਰਾ ...।

ਲੋਕਗੀਤਾਂ ਵਿੱਚ ਕਾਂ ਤੇਕੋਇਲ ਦਾ ਜੋੜ ਵੇਖਣ ਵਾਲਾ ਹੈ:

ਪੁੱਤ ਮੇਰੇ ਸਹੁਰੇ ਦਾ/ ਲੱਗੀ ਲਾਮ ਤੇ ਲੁਆ ਲਿਆਲਾਵਾਂ
ਜਾਂਦਾ ਹੋਇਆ ਦੱਸ ਨਾ ਗਿਆ/ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ/ ਕਿਤੇ ਬੋਲ ਵੇ ਚੰਦਰਿਆ ਕਾਵਾਂ...।

ਇਸ ਕਾਵਿ ਦੀ ਵਡਿਆਈ ਹੈ ਕਿ ਅੰਮ੍ਰਿਤ ਵੇਲੇ ਬੋਲਣ ਵਾਲੇ ਪਪੀਹੇ ਨੂੰ ਵੀ ਮਾਣ ਦਿੱਤਾ ਹੈ। ਇਹ ਉਨ੍ਹਾਂ ਗੁੰਮਨਾਮ ਤੇ ਬਿਨਾਂ ਕਲਮ, ਬਿਨਾਂ ਅੱਖਰਾਂ ਦੇ ਗਿਆਨ ਵਾਲੀਆਂ 'ਗਿਆਨਣਾਂ' ਦੇਗਿਆਨ ਦੀ ਕਾਢ ਹੈ। ਮੁੰਡੇ ਦੇ ਵਿਆਹ ਮੌਕੇ ਗਿੱਧੇ ਵਿੱਚ ਛੱਜ ਤੋੜਦੀਆਂ ਨਾਨਕੀਆਂ ਪਪੀਹੇ ਨੂੰ 'ਬੰਬੀਹਾ' ਕਹਿ ਕੇ ਭਾਈਚਾਰਕ ਸਾਂਝ ਦੀ ਗੱਲ ਕਰਦੀਆਂ ਗਾਉਂਦੀਆਂ:

ਬੋਲਬੰਬੀਹਾ/ਪਿੰਡ ਦੇ ਲੰਬੜਦਾਰ ਦਾ
ਬੰਬੀਹਾ ਬੋਲ...

ਇਸ ਵਿੱਚ ਪਰਿਵਾਰ ਦੇ ਸਾਰੇ ਮਰਦਾਂ ਦੇ ਨਾਂ ਗਿਣੇ ਜਾਂਦੇ। ਕਈ ਖੇਤਰਾਂ ਵਿੱਚ ਬੰਬੀਹੇ ਦੀ ਥਾਂ 'ਬੰਬਈਆ' ਬੋਲ ਵੀ ਗਾਇਆ ਜਾਂਦਾ ਹੈ। ਜਿਵੇਂ:

ਬੋਲ ਬੰਬਈਆ/ਸਾਡੇ ਦਾਦੇਦਾ ਬੰਬਈਆ ਬੋਲ...।

ਘੋੜੇ ਦੀ ਵੀ ਵੱਖਰੀ ਸ਼ਾਨ ਦਾ ਵਰਨਣ, ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ:

ਵੇ ਵੀਰ, ਦਾਦਾ ਤੇਰਾ/ਸਰਦਾਰ ਸੁਣੀਂਦਾ ਭਾਰੀ
ਵੇ ਹੇਠ ਕੋਤਲ ਘੋੜਾ/ਖੇਡਣ ਜਾਂਦਾ ਸ਼ਿਕਾਰੀ...।

ਡਾਚੀ ਤੇ ਬੋਤੇ ਦਾ ਆਪਣਾ ਵੱਖਰਾ ਸਥਾਨ ਹੈ:

ਡਾਚੀ ਵਾਲਿਆ ਮੋੜ ਮੁਹਾਰ ਵੇ
ਘੋੜੀ ਵਾਲਿਆ ਲੈ ਚੱਲ ਨਾਲ ਵੇ...।

ਕਿਤੇ ਬੱਕਰੀਆਂ ਵਾਲੇ ਤੁਰੀ ਜਾਂਦੀ ਮੁਟਿਆਰ ਨੂੰ ਕਹਿੰਦੇ ਹਨ:

'ਵਾਜਾਂ ਮਾਰਦੇ ਬੱਕਰੀਆਂ ਵਾਲੇ
ਬੱਲੀਏਰੂਮਾਲ ਭੁੱਲ ਗਈ...।

ਸਾਡੇ ਪੇਂਡੂ ਸਮਾਜ ਵਿੱਚ ਪਸ਼ੂਆਂ ਦਾ ਅਹਿਮ ਸਥਾਨ ਰਿਹਾ ਹੈ। ਕਿਸਾਨੀ ਕਿੱਤਾ ਤਾਂ ਇਨ੍ਹਾਂ 'ਤੇ ਹੀ ਨਿਰਭਰ ਸੀ ਤੇ ਕਿਤੇ ਅੱਜ ਵੀ ਹੈ। ਇਸ ਨੂੰ ਪਸ਼ੂ ਧਨ ਕਿਹਾ ਜਾਂਦਾ ਹੈ। ਇਸ ਗੱਲ ਦੀ ਪੁਸ਼ਟੀ ਬੋਲੀਆਂ ਵਿੱਚ ਕੀਤੀ ਗਈ ਹੈ ਜੋ ਭੈਣ-ਭਰਾ ਦੀ ਆਪਸੀ ਗੱਲਬਾਤ ਰਾਹੀਂ ਹੁੰਦੀ ਹੈ :

ਵੀਰਾ ਵੇ ਮੁਰੱਬੇ ਵਾਲਿਆ/ਭੈਣਾਂ ਚੱਲੀਆਂ ਸੰਦੂਕੋਂ ਖ਼ਾਲੀ

ਭਰਾ ਬੇਵਸੀ ਜ਼ਾਹਿਰ ਕਰਦਾ ਹੈ:

ਮੇਰੇ ਬਲਦ ਹਾਰ ਗਏ ਭੈਣੇ/ਮਾਮਲਾ ਨਾ ਅਜੇ ਤਾਰਿਆ...।

ਲੋਕ-ਕਾਵਿ ਵਿੱਚ ਸਮਾਜਿਕ, ਰਾਜਨੀਤਕ ਤੇ ਧਾਰਮਿਕ ਪੱਖਾਂ ਤੋਂ ਵਗੈਰ ਆਰਥਿਕ ਪੱਖ ਨੂੰ ਵੀ ਉਜਾਗਰ ਕੀਤਾ ਗਿਆ ਹੈ। ਰਿਸ਼ਤਿਆਂ ਦੇ ਕੱਚ-ਸੱਚ ਨੂੰਵੀ ਬੇਝਿਜਕ ਬਿਆਨ ਕੀਤਾ ਗਿਆ ਹੈ:

ਵੀਰਾ ਮੱਝੀਆਂ ਦੇਸੰਗਲ ਫੜਾਵੇ
ਭਾਬੋ ਪਾਵੇ ਮੱਥੇ ਤਿਊੜੀਆਂ...।

ਕਿਸੇ ਅੱਖੜ ਜਾਂ ਦਲੇਰ ਭਰਜਾਈ ਨਾਲ ਜੋੜ ਕੇ ਨਿਮਾਣੇ ਜਿਹੇ ਕੱਟੇ ਨੂੰ ਵੀ ਇਸ ਬਹੁ ਰੰਗੇ ਕਾਵਿ ਵਿੱਚ ਮਾਣ ਦਿੱਤਾ ਗਿਆ ਹੈ। ਪੇਸ਼ਕਾਰੀ ਲਾਜਵਾਬ ਹੈ:

ਨੀਂ ਮੈਂ ਕੱਟੇ ਦੇ ਭੁਲੇਖੇ, ਛੜਾਜੇਠ ਕੁੱਟਤਾ
ਉੱਤੋਂ ਮੱਲ੍ਹਮ ਦੇ ਭੁਲੇਖੇ, ਨੀਂ ਮੈਂ ਲੂਣ ਭੁੱਕਤਾ...।

ਜ਼ਹਿਰੀਲੇ ਜੀਵ-ਜੰਤੂ ਵੀ ਇਸ ਕਾਵਿ ਵਿੱਚ ਮੇਲ੍ਹਦੇ ਫਿਰਦੇ ਹਨ। ਉਮਰ ਦੇ ਢਲਦੇ ਪਹਿਰ ਕੋਈ ਔਰਤ ਕਿਵੇਂ ਜਵਾਨੀ ਨੂੰ ਯਾਦ ਕਰਦਿਆਂ ਝੂਰਦੀ ਹੈ, ਉਹ ਭਾਵਨਾਵਾਂ ਵੀ ਵਿਅਕਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਸੱਪਣੀ ਵੀ ਚੇਤੇ ਰੱਖੀ ਗਈ ਹੈ:

ਜਦੋਂ ਜਵਾਨੀ ਦਾ ਜ਼ੋਰ ਸੀਵੇ ਜ਼ਾਲਮਾ
ਸੱਪਣੀਵਰਗੀ ਤੋਰ ਸੀਵੇ ਜ਼ਾਲਮਾ...।

ਨਾਗ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ:

ਮਾਂ ਮੇਰੀ ਨੇ ਕੁੜਤੀ ਦਿੱਤੀ/ ਕੁੜਤੀ ਨੂੰ ਲਾਈ ਜੇਬ
ਜੇਬ ਵਿੱਚ ਡੱਬੀ/ ਡੱਬੀਵਿੱਚ ਨਾਗ
ਨਾਗ ਤੋਂ ਮੈਂ ਬਚਗਈ/ ਕਿਸਗੱਭਰੂ ਦੇਭਾਗ...।

ਅਸ਼ਕੇ ਇਨ੍ਹਾਂ ਬੋਲਾਂ ਨੂੰ ਸਿਰਜਣ ਵਾਲੀਆਂ ਤੇ ਮੁੜ ਇਨ੍ਹਾਂ ਅਚੰਭਿਤ ਕਰਨ ਵਾਲੇ ਬੋਲਾਂ ਨੂੰ ਸੀਨਾ ਬਸੀਨਾ ਅੱਗੇ ਤੋਰਨ ਵਾਲਿਆਂ ਦੇ। ਲੁਕੇ-ਛਿਪੇ ਨਿੱਕੇ ਜਿਹੇ ਜ਼ਹਿਰੀ 'ਖੰਜਖਜੂਰੇ' ਨੂੰ ਵੀ ਅੱਲੜ੍ਹ ਜਿਹੀ ਕੁੜੀ ਦੇ ਲੜਾ ਦਿੱਤਾ ਹੈ ਜੋ ਮਾਂ ਨੂੰ ਦੁਹਾਈ ਪਾਉਂਦੀ ਹੈ:

ਟੁੱਟੀ ਮੰਜੀ ਵਾਣ ਪੁਰਾਣਾ/ ਪਹਿਲਾ ਈ ਪੈਰ ਧਰਿਆ ਨੀਂ ਮਾਂ
ਮੇਰੇ ਖੰਜਖਜੂਰਾ ਲੜਿਆ ਨੀਂ ਮਾਂ...।

ਲੋਕ-ਕਾਵਿ ਕਿਸੇਅਥਾਹ ਸਮੁੰਦਰ ਦੇ ਨਿਆਈਂ ਹੈ। ਇਸਵਿੱਚ ਬੇਅੰਤ ਕਾਵਿ ਰੂਪੀ ਮੋਤੀ ਛੁਪੇ ਪਏ ਹਨ ਜੋ ਇਸ ਵਿੱਚ ਜ਼ਿਹਨੀ ਟੁੱਭੀਆਂ ਮਾਰਿਆਂ ਹੀ ਲੱਭੇ ਜਾ ਸਕਦੇ ਹਨ। ਸੋਚਣਵਾਲੀ ਗੱਲ ਕਿ ਪਸ਼ੂ-ਪੰਛੀਆਂ ਨੂੰ ਆਧਾਰ ਬਣਾ ਕੇ ਐਨਾ ਖ਼ੂਬਸੂਰਤ ਤੇ ਭਾਵਪੂਰਤ ਕਾਵਿ ਸਿਰਜਿਆ ਹੈ ਤਾਂ ਮਨੁੱਖੀ ਜੀਵਨ ਨੂੰ ਲੈ ਕੇ ਕੀ ਮਾਅਰਕੇ ਮਾਰੇ ਗਏ ਹੋਣਗੇ? ਇਹ ਤਾਂ ਇਸ ਨੂੰ ਪੜ੍ਹਿਆਂ-ਸੁਣਿਆਂ ਹੀ ਜਾਣਿਆ ਜਾ ਸਕਦਾ ਹੈ।

ਸੰਪਰਕ: 98728-98599

# ਵੈਨਕੂਵਰ ਦੇ 'ਕੈਨੇਡਾ ਪਲੇਸ' ਤੋਂ 'ਕਾਮਾਗਾਟਾਮਾਰੂ ਪਲੇਸ' ਬਣਨ ਤੱਕ ਦਾ ਸਫਰ

ਸਰੋਕਾਰ



-ਗੁਰਪ੍ਰੀਤ ਸਿੰਘ ਤਲਵੰਡੀ
778-980-9196

ਕੈਨੇਡਾ ਦਾ ਪ੍ਰਮੁੱਖ ਸ਼ਹਿਰ ਵੈਨਕੂਵਰ ਵਿਸ਼ਵ ਦੇ ਸਭ ਤੋਂ ਮਹਿੰਗੇ ਸ਼ਹਿਰਾਂ ਵਿੱਚ ਦੂਜੇ ਸਥਾਨ ਤੇ ਸ਼ੁਮਾਰ ਹੈ। ਇਹ ਉਹ ਸ਼ਹਿਰ ਹੈ ਜਿੱਥੇ ਰਹਿਣ ਲਈ ਵਿਸ਼ਵ ਭਰ ਦੇ ਵੱਖ-ਵੱਖ ਮੁਲਕਾਂ ਦੇ ਲੋਕ ਵਧੇਰੇ ਤਰਜੀਹ ਦਿੰਦੇ ਹਨ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦਾ ਸ਼ਿੰਗਾਰ ਬਣਿਆਂ ਹੋਇਆ ਹੈ ਉਕਤ ਸ਼ਹਿਰ। ਪਹਿਲਾਂ ਪਹਿਲ 20 ਵੀਂ ਸਦੀ ਦੇ ਸ਼ੁਰੂਆਤ ਵਿੱਚ ਜਦ ਕੇਵਲ ਸਮੁੰਦਰੀ ਜਹਾਜ਼ ਹੀ ਆਵਾਜਾਈ ਦਾ ਕੇਵਲ ਸਾਧਨ ਸਨ, ਤਾਂ ਉਸ ਵੇਲ਼ੇ ਪੰਜਾਬੀਆਂ ਨੇ ਜਦ ਕੈਨੇਡਾ ਦੀ ਧਰਤੀ ਵੱਲ ਨੂੰ ਚਾਲੇ ਪਾਏ ਤਾਂ ਵੈਨਕੂਵਰ ਦੀ ਬੰਦਰਗਾਹ ਹੀ ਪੰਜਾਬੀਆਂ ਦੀ ਪਹਿਲੀ ਰਿਹਾਇਸ਼ਗਾਹ ਬਣੀ। ਇਹੀ ਕਾਰਨ ਹੈ ਕਿ ਕੈਨੇਡਾ ਦੇ ਇਸ ਖਿੱਤੇ ਵਿੱਚ ਪੰਜਾਬੀਆਂ ਦੇ ਪਰਿਵਾਰ 100 ਸਾਲ ਤੋਂ ਵੀ ਉੱਪਰ ਸਮੇਂ ਤੋਂ ਏੱਥੇ ਰਹਿ ਰਹੇ ਹਨ।

ਹੁਣ ਗੱਲ ਹਾਂ ਵੈਨਕੂਵਰ ਦੇ ਕੈਨੇਡਾ ਪਲੇਸ ਦੀ। 'ਕੈਨੇਡਾ ਪਲੇਸ' ਨੂੰ ਵੈਨਕੂਵਰ ਦਾ ਦਿਲ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕੈਨੇਡਾ ਪਲੇਸ ਸਮੁੱਚੇ ਵਿਸ਼ਵ ਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆਂ ਹੋਇਆ ਹੈ। ਕੋਈ ਵੀ ਸੈਲਾਨੀ ਬ੍ਰਿਟਿਸ਼ ਕੋਲੰਬੀਆ ਘੁੰਮਣ ਲਈ ਆਉਂਦਾ ਹੈ ਤਾਂ ਉਹ ਕੈਨੇਡਾ ਪਲੇਸ ਦੇਖੇ ਬਿਨ੍ਹਾਂ ਆਪਣੀ ਯਾਤਰਾ ਨੂੰ ਅਧੂਰੀ ਸਮਝਦਾ ਹੈ।

ਕੈਨੇਡਾ ਪਲੇਸ ਵੈਨਕੂਵਰ ਦੀ ਬੁਰਾਰਡ ਸਟਰੀਟ ਤੇ ਸਥਿੱਤ ਹੈ। ਇਹ ਵੈਨਕੂਵਰ ਕਨਵੈਨਸ਼ਨ ਸੈਂਟਰ, ਪੈਨ ਪੈਸੀਫਿਕ ਵੈਨਕੂਵਰ ਹੋਟਲ, ਵੈਨਕੂਵਰ ਵਰਲਡ ਟਰੇਡ ਸੈਂਟਰ ਅਤੇ ਵਰਚੁਅਲ ਫਲਾਈਟ ਰਾਈਡ-ਫਲਾਈਓਵਰ ਦਾ ਸਾਂਝਾ ਕੇਂਦਰ ਹੈ। ਕੈਨੇਡਾ ਪਲੇਸ ਦਾ ਬਾਹਰੀ ਹਿੱਸਾ ਫੈਬਰਿਕ ਛੱਤਾਂ ਨਾਲ਼ ਢਕਿਆ ਹੋਇਆ ਹੈ। ਇਹ ਮੁੱਖ ਕਰੂਜ਼ ਸ਼ਿਪ ਟਰਮੀਨਲ ਵੀ ਹੈ, ਜਿੱਥੋਂ ਅਮਰੀਕਾ ਦਾ ਰੌਸ਼ਨੀਆਂ ਦੇ ਸ਼ਹਿਰ ਅਲਾਸਕਾ ਲਈ ਕਰੂਜ਼ ਚੱਲਦੇ ਹਨ। ਕੈਨੇਡਾ ਪਲੇਸ ਦੇ ਨਿਰਮਾਣ ਅਤੇ ਇਸਦੀ ਬਣਤਰ ਵੱਲ ਦੇਖੀਏ ਤਾਂ ਇਸਨੂੰ ਆਰਕੀਟੈਕਟ ਜ਼ੇਡਲਰ ਰਾਬਰਟਸ ਦੀ ਭਾਈਵਾਲੀ ਵਾਲੀ ਕੰਪਨੀ ਵਲੋਂ ਮਸਨ ਕੈਟੇਲ ਮੈਕੀ ਅਤੇ ਡੀ ਏ ਆਰਕੀਟਿਕਟ ਦੁਆਰਾ ਸਾਂਝੇ ਉੱਦਮ ਸਦਕਾ ਡਿਜਾਇਨ ਕੀਤਾ ਗਿਆ ਸੀ। ਇਸਦਾ ਨਿਰਮਾਣ 9 ਮਾਰਚ ਸੰਨ੍ਹ 1983 ਤੋਂ ਸ਼ੁਰੂ ਹੋ ਕੇ ਦਸੰਬਰ ਸੰਨ੍ਹ 1985 ਤੱਕ ਚੱਲਿਆ। ਇਸਨੂੰ 2 ਮਈ 1986 ਵਿੱਚ ਆਮ ਲੋਕਾਂ ਲਈ ਖੋਲਿਆ ਗਿਆ। ਮੁੜ 2011 ਵਿੱਚ ਇਸਦੀ ਮੁਰੰਮਤ ਦਾ ਕੰਮ ਕੀਤਾ ਗਿਆ। ਇਸਦੇ ਕੁੱਲ ਨਿਰਮਾਣ ਉੱਪਰ ਕਰੀਬ 400 ਮਿਲੀਅਨ ਡਾਲਰ ਦਾ ਲਾਗਤ ਆਈ ਦੱਸੀ ਜਾਂਦੀ ਹੈ। ਇਹ ਸਥਾਨ ਵੈਨਕੂਵਰ ਡਾਊਨ ਟਾਊਨ ਦੇ ਸਭ ਤੋਂ ਭੀੜ ਭੜੱਕੇ ਵਾਲੇ ਵਾਟਰ ਫਰੰਟ ਸਟੇਸ਼ਨ ਦੇ ਬਿਲਕੁਲ ਨਜ਼ਦੀਕ ਹੈ। ਇਹ ਉਹੀ ਸਟੇਸ਼ਨ ਹੈ ਜੋ ਸਕਾਈ ਟਰੇਨ, ਸੀ ਬੱਸ (ਪਾਣੀ ਵਾਲ਼ੀ ਬੱਸ) ਅਤੇ ਵੈਸਟ ਕੋਸਟ ਐਕਸਪਰੈੱਸ ਦਾ ਮੁੱਖ ਕੇਂਦਰ ਹੈ। ਇਸਨੂੰ ਮੁੱਖ ਰੂਪ ਵਿੱਚ ਪੈਸੀਫਿਕ ਓਸ਼ਨ (ਸਮੁੰਦਰ) ਰਾਹੀਂ ਹੋਰਨਾਂ ਮੁਲਕਾਂ ਨਾਲ਼ ਸਮੁੰਦਰੀ ਰਸਤੇ ਵਪਾਰ ਕਰਨ ਲਈ ਬਣਾਇਆ ਗਿਆ ਸੀ। ਇਸਦੀ ਉਸਾਰੀ ਮੌਕੇ ਇੰਗਲੈਂਡ ਦੀ ਮਹਾਰਾਣੀ ਐਲਿਜਾਬੈੱਥ ਦੂਜੀ, ਕੈਨੇਡਾ ਦੇ ਪ੍ਰਧਾਨ ਮੰਤਰੀ ਪੀ ਆਰ ਏ ਟਰੂਡੋ ਅਤੇ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਵਿਲੀਅਮ ਆਰ ਬੈਨੇਟ ਵਿਸ਼ੇਸ਼ ਤੌਰ ਤੇ ਪਹੁੰਚੇ ਸਨ। ਸੰਨ੍ਹ 2010 ਦੀਆਂ ਉਲੰਪਿਕ ਖੇਡਾ ਦੌਰਾਨ ਕੈਨੇਡਾ ਪਲੇਸ ਨੂੰ ਮੁੱਖ ਪ੍ਰੈੱਸ ਕੇਂਦਰ ਵਜੋਂ ਵੀ ਵਰਤਿਆ ਗਿਆ ਸੀ। ਕੈਨੇਡਾ ਪਲੇਸ ਵਿਚਲਾ ਫਲਾਈਓਵਰ ਵੀ ਦੇਸੀ ਤੇ ਵਿਦੇਸ਼ੀ ਸੈਲਾਨੀਆਂ ਲਈ ਇੱਕ ਅਭੁੱਲ ਯਾਦ ਹੁੰਦਾ ਹੈ। ਇਸ ਵਿੱਚ ਸੈਲਾਨੀਆਂ ਨੂੰ ਕੁਰਸੀਆਂ ਦੇ ਬਿਠਾ ਕੇ ਸਕਰੀਨ ਦੇ ਜ਼ਰੀਏ ਸਾਰੀ ਕੈਨੇਡਾ ਦੀ ਸੈਰ ਕਰਵਾਈ ਜਾਂਦੀ ਹੈ। ਇਸਨੂੰ ਵਰਚੁਅਲ ਰਾਈਡ ਕਿਹਾ ਜਾਂਦਾ ਹੈ। ਇਸ ਰਾਈਡ ਦੌਰਾਨ ਸੈਲਾਨੀਆਂ ਨੂੰ ਬਰਫ, ਪਾਣੀ ਦੀਆਂ ਬੁਛਾੜਾਂ, ਫਸਲਾਂ ਦੀ ਹੋਂਦ ਦਾ ਅਹਿਸਾਸ ਜਾਂ ਹਰ ਤਰ੍ਹਾਂ ਦੀ ਗੰਧ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਏੱਥੋਂ ਹੀ ਬ੍ਰਿਟਿਸ਼ ਕੋਲੰਬੀਆ ਦੇ ਹੋਰ ਪਹਾੜੀ ਸ਼ਹਿਰਾਂ ਕੈਲੋਨਾ, ਸਕੋਮਿਸ਼, ਵਿਸਲਰ ਜਾਂ ਵਿਕਟੋਰੀਆ ਵੱਲ ਨੂੰ ਛੋਟੇ ਹਵਾਈ ਜਹਾਜ ਵੀ ਉਡਾਣ ਭਰਦੇ ਹਨ। ਇਹਨਾਂ ਛੋਟੇ ਹਵਾਈ ਜਹਾਜਾਂ ਦੀ ਖਾਸੀਅਤ ਇਹ ਹੈ ਕਿ ਇਹ ਪਾਣੀ ਵਿੱਚ ਤੈਰਕੇ ਹੀ ਅਸਮਾਨ ਵੱਲ ਨੂੰ ਉਡਾਣ ਭਰਦੇ ਹਨ। ਇਸੇ ਪਲੇਸ ਦੇ ਨੇੜੇ ਹੀ ਸਮੁੰਦਰ ਵਿੱਚ ਸ਼ੈਵਰਲਿੱਟ ਕੰਪਨੀ ਵਲੋਂ ਪੈਟਰੋਲ ਪੰਪ ਵੀ ਲਗਾਇਆ ਹੋਇਆ ਹੈ, ਜੋ ਬਿਲਕੁਲ ਚਾਰੇ ਪਾਸਿਉਂ ਪਾਣੀ ਵਿੱਚ ਘਿਰਿਆ ਹੋਇਆ ਹੈ।





ਕੈਨੇਡਾ ਪਲੇਸ ਉਸ ਹਰਬਰ ਪੋਰਟ ਤੇ ਸਥਿੱਤ ਹੈ ਜਿੱਥੇ 23 ਮਈ 1914 ਨੂੰ ਕਾਮਾਗਾਟਾਮਾਰੂ ਜਹਾਜ ਆ ਕੇ ਖੜਾ ਸੀ। ਉਸ ਵਕਤ ਗੋਰੀ ਸਰਕਾਰ ਵਲੋਂ ਇਸ ਜਹਾਜ ਦੇ ਸਾਰੇ ਹੀ ਮੁਸਾਫਿਰਾਂ ਨੂੰ ਕੈਨੇਡਾ ਦੀ ਧਰਤੀ ਤੇ ਪੈਰ ਰੱਖਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਇਹ ਜਹਾਜ ਕਰੀਬ ਦੋ ਕੁ ਮਹੀਨੇ ਬਾਅਦ ਵਾਪਸ ਭਾਰਤ ਵੱਲ ਨੂੰ ਰਵਾਨਾਂ ਕਰਨਾਂ ਪਿਆ। ਉੱਥੇ ਜਾ ਕੇ ਬਜ ਬਜ ਘਾਟ ਵਿਖੇ ਗੋਲੀ ਚਲਾ ਕੇ ਇਸਦੇ ਕੁੱਝ ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਕੁੱਝ ਬੁਰੀ ਤਰ੍ਹਾਂ ਜ਼ਖਮੀ ਵੀ ਹੋਏ। ਇਸ ਜਹਾਜ਼ ਵਿੱਚ ਕੁੱਲ 376 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ 337 ਸਿੱਖ, 27 ਮੁਸਲਮਾਨ ਅਤੇ 12 ਹਿੰਦੂ ਸਨ। ਹੁਣ ਦੀਆਂ ਕੈਨੇਡੀਅਨ ਸਰਕਾਰਾਂ ਪੰਜਾਬੀਆਂ ਦਾ ਕੈਨੇਡਾ ਦੀ ਧਰਤੀ ਨੂੰ ਹਰ ਪੱਖੋਂ ਵਿਕਾਸ ਦੀਆਂ ਲੀਹਾਂ ਤੇ ਲਿਜਾਣ ਲਈ ਮਾਣ ਕਰਦੀਆਂ ਰਹੀਆਂ ਹਨ। ਕਾਮਾਗਾਟਾਮਾਰੂ ਯਾਤਰੀਆਂ ਨਾਲ਼ ਹੋਈ ਜਿਆਦਤਾਈ ਕਾਰਨ ਕੈਨੇਡੀਅਨ ਪਾਰਲੀਮੈਂਟ ਵਿੱਚ ਜਨਤਕ ਮੁਆਫੀ ਵੀ ਮੰਗੀ ਜਾ ਚੁੱਕੀ ਹੈ। ਪੋਰਟ ਹਰਬਰ ਤੇ ਇੱਕ ਵਿਸੇਸ਼ ਪਾਰਕ ਬਣਾਕੇ ਕਾਮਾਗਾਟਾਮਾਰੂ ਦੀ ਯਾਦ ਨੂੰ ਸਦੀਵੀ ਕਾਇਮ ਰੱਖਣ ਲਈ ਯਤਨ ਵੀ ਕੀਤੇ ਗਏ ਹਨ। ਇਸ ਪਾਏ ਕੰਮ ਕਰ ਰਹੀ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਉੱਦਮ ਸਦਕਾ ਸਰੀ ਅਤੇ ਐਬਟਸਫੋਰਡ ਦੀਆਂ ਕਈ ਸੜਕਾਂ ਦਾ ਨਾਮ ਵੀ ਕਾਮਾਗਾਟਾਮਾਰੂ ਦੇ ਨਾਮ ਤੇ ਰੱਖਿਆ ਗਿਆ ਹੈ। ਕੁੱਝ ਦਿਨ ਪਹਿਲਾਂ ਵੈਨਕੂਵਰ ਸਿਟੀ ਕੌਂਸਲ ਵਲੋਂ ਮੇਅਰ ਕੈਨ ਸਿੰਮ ਵਲੋਂ ਬਕਾਇਆ ਮਤਾ ਪਾਸ ਕਰਦਿਆਂ ਕੈਨੇਡਾ ਪਲੇਸ ਦਾ ਦੂਸਰਾ ਨਾਮ ਕਾਮਾਗਾਟਾਮਾਰੂ ਪਲੇਸ ਰੱਖਿਆ ਗਿਆ। ਜੋ ਪੰਜਾਬੀਆਂ ਲਈ ਵੱਡੀ ਮਾਣ ਵਾਲ਼ੀ ਗੱਲ ਹੈ। ਇਸ ਵੱਡੀ ਪ੍ਰਾਪਤ ਲਈ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਸ: ਰਾਜ ਸਿੰਘ ਤੂਰ ਦਾ ਯੋਗਦਾਨ ਕਾਬਲੇ ਤਾਰੀਫ ਹੈ, ਜੋ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰ ਬਾਬਾ ਪੂਰਨ ਸਿੰਘ ਜਨੇਤਪੁਰਾ ਦੇ ਪੋਤਰੇ ਹਨ। ਜਿਲ੍ਹਾ ਲੁਧਿਆਣਾਂ ਦੀ ਤਹਿਸੀਲ ਜਗਰਾਉਂ ਨੇੜਲੇ ਪਿੰਡ ਜਨੇਤਪੁਰਾ ਦੇ ਵਸਨੀਕ ਬਾਬਾ ਪੂਰਨ ਸਿੰਘ ਜਨੇਤਪੁਰਾ ਖੁਦ ਉਸ ਵੇਲੇ ਉਚੇਰੀ ਪੜਾਈ ਲਈ ਕੈਨੇਡਾ ਪਹੁੰਚ ਰਹੇ ਸਨ।

ਵੈਨਕੂਵਰ ਦੇ ਕੈਨੇਡਾ ਪਲੇਸ ਦਾ ਸੈਕੰਡਰੀ ਨਾਮ ਕਾਮਾਗਾਟਾਮਾਰੂ ਪਲੇਸ ਰੱਖਣ ਦੀ ਵੱਡੀ ਪ੍ਰਾਪਤੀ ਬਾਰੇ ਗੱਲਬਾਤ ਕਰਦਿਆਂ ਉੱਘੇ ਪੰਜਾਬੀ ਲੇਖਕ, ਪੱਤਰਕਾਰ ਤੇ ਚਿੰਤਤ ਡਾ: ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਿਹਾ ਹੋਣ ਨਾਲ਼ ਪੰਜਾਬੀਆਂ ਦੇ ਸੰਘਰਸ਼ ਦਾ ਇੱਕ ਅਹਿਮ ਪੰਨਾਂ ਅੰਤਰਰਾਸ਼ਟਰੀ ਪੱਧਰ ਤੇ ਹੋਰਨਾਂ ਕੌਮਾਂ ਲਈ ਵੀ ਖਿੱਚ ਦਾ ਕੇਂਦਰ ਬਣੇਗਾ, ਕਿਉਂਕਿ ਕਾਮਾਗਾਟਾਮਾਰੂ ਸਾਕਾ ਹੁਣ ਕੈਨੇਡਾ ਦੇ ਇਤਿਹਾਸਕ ਅਜੂਬੇ ਨਾਲ਼ ਪੱਕੇ ਤੌਰ ਤੇ ਜੁੜ ਚੁੱਕਾ ਹੈ, ਸਾਡੀਆਂ ਆਉਣ ਵਾਲੀਆਂ ਪੀੜੀਆਂ ਇਸ ਤੇ ਮਾਣ ਮਹਿਸੂਸ ਕਰ ਸਕਣਗੀਆਂ।

ਵੈਨਕੂਵਰ (ਕੈਨੇਡਾ)

# ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ

ਓਹ ਵੇਲਾ ਯਾਦ ਕਰ

ਡਾ. ਬਲਵਿੰਦਰ ਕੌਰ ਬਰਾੜ



403-590-9629

ਜਿੰਨ੍ਹਾਂ ਨੂੰ ਜਾਣਿਆਂ ਸੀ ਜਾਨ ਤੋਂ ਪਿਆਰਿਆਂ ਦੇ ਵਾਂਗ,
ਓਹੀ? ਹੱਥਾਂ ਵਿੱਚੋਂ ਉੱਡ ਗਏ ਗੁਬਾਰਿਆਂ ਦੇ ਵਾਂਗ।
ਜਦੋਂ ਤਾਹਨਿਆਂ ਉਲਾਹਮਿਆਂ ਦੇ ਵਹਿਣ ਤੇਜ਼ ਹੋਏ,
ਅਸੀਂ ਦੂਰ ਦੂਰ ਹੋ ਗਏ ਕਿਨਾਰਿਆਂ ਦੇ ਵਾਂਗ।

(ਜ ਸਿੰਘ ਸ਼ਾਦ)

ਸਾਡੇ ਮੁੱਠੀ-ਬੰਦ ਪਰਿਵਾਰਾਂ ਵਿੱਚ ਮਾਪੇ ਅਤੇ ਉਲਾਦ ਦੀ ਆਪਸੀ ਸਾਂਝ ਹੁਣ ਤੱਕ ਦੁਵੱਲੀ ਹੀ ਨਿਭਦੀ ਰਹੀ ਹੈ। ਬੱਚੇ, ਜਿਸ ਨੂੰ ਅਸੀਂ ਜੱਗ ਵਿੱਚ ਸੀਰ ਆਖਦੇ ਹਾਂ, ਸਾਡੇ ਜਹਾਨੋਂ ਤੁਰ ਜਾਣ ਪਿੱਛੋਂ ਸਾਡਾ ਬਚਦਾ ਨਿਸ਼ਾਨ, ਸਾਡਾ ਨਾਮ ਜਾਂ ਬਚਦਾ ਹਿੱਸਾ ਕਹੇ ਜਾ ਸਕਦੇ ਹਨ। ਜਿਵੇਂ ਇੱਕ ਬੀਜ ਨੂੰ ਧਰਤੀ ਹੇਠਲਾ ਹਨੇਰਾ, ਤਪਸ਼, ਗਰਮੀ, ਅਤੇ ਸਲਾਭਾ ਜਰਨਾ ਹੁੰਦਾ ਹੈ, ਫੇਰ ਦੋ ਕੋਮਲ ਪੱਤੀਆਂ ਨਿਕਲ ਕੇ ਪੂਰਾ ਬੂਟਾ ਜਾਂ ਰੁੱਖ ਬਣਦਾ ਹੈ, ਉਵੇਂ ਹੀ ਮਨੁੱਖਾ ਨਸਲ ਦੇ ਮਾਪੇ ਇਹ ਸਭ ਕੁੱਝ ਜਰ ਕੇ ਕੁੱਝ ਰਾਤਾਂ ਝਾਗ ਕੇ ਦੁੱਖ ਦਰਦ ਸਹਿ ਕੇ ਇੱਕ ਆਲ੍ਹੇ ਭੋਲੇ ਬੱਚੇ ਨੂੰ ਸਿਲ਼ਤ ਤੋਂ ਸ਼ਤੀਰ ਤੱਕ ਅਪੜਾ ਦੇਣ ਦੀ ਪੂਰੀ ਵਾਹ ਲਾ ਦਿੰਦੇ ਹਨ। ਇਸ ਸਭ ਕੁਰਬਾਨੀ ਦਾ ਕੋਈ ਅਹਿਸਾਨ ਨਹੀਂ ਹੁੰਦਾ, ਕੋਈ ਕਰਜ਼ ਨਹੀਂ ਹੁੰਦਾ। ਸੁਖਵਿੰਦਰ ਅੰਮ੍ਰਿਤ ਲਿਖਦੀ ਹੈ -' ਨਾ ਲੋਰੀ ਮੁੱਲ ਵਿਕਦੀ ਹੈ ਨਾ ਮਮਤਾ ਕਰਜ਼ ਹੁੰਦੀ ਹੈ'। ਬੱਚੇ ਦੇ ਪਲ਼ਦੇ ਮੂੰਹ ਨਾਲ ਹੀ ਮਾਪਿਆਂ ਦੀ ਕਲਪਣਾ ਭਵਿੱਖ ਸਿਉਂ ਲੈਣ ਦੇ ਸੁਪਨੇ ਸਿਰਜਦੀ ਹੈ। ਪਰ ਸਾਡੇ ਦੇਖਦੇ ਹੀ ਇਸ ਦਾ ਸੰਘਣਾਪਣ ਲੰਘਦੇ ਪਲਾਂ ਨਾਲ ਹੀ ਪੇਤਲਾ ਹੁੰਦਾ ਵੇਖਦੇ ਹਾਂ। ਕਿਹਾ ਜਾਂਦਾ ਹੈ ਮਾਪੇ ਕੁਮਾਪੇ ਨਹੀਂ ਹੁੰਦੇ ਪੁੱਤਰ ਕਪੁੱਤਰ ਹੋ ਜਾਂਦੇ ਹਨ। ਅਸੀਂ ਆਪਣੇ ਮਾਪਿਆਂ ਦਾ ਹੁਕਮ ਸਿਰ ਨਿਵਾ ਕੇ ਮੰਨਦੇ ਰਹੇ, ਹੁਣ ਸਾਡੇ ਬੱਚੇ ਅੱਖਾਂ ਵਿਖਾ ਕੇ ਹੁਕਮ ਮਨਾ ਰਹੇ ਹਨ। ਰਿਸ਼ਤਿਆਂ ਵਿਚਲਾ ਇਹ ਅਸਾਵਾਂਪਣ ਸਾਡੀ ਪੀੜ੍ਹੀ ਨੂੰ ਹਜ਼ਮ ਨਹੀਂ ਹੋ ਰਿਹਾ।



ਸਾਡੀ ਭਾਵੁਕ ਪਹੁੰਚ ਹੁਣ ਦੀ ਗਰਜ਼ਾਂ ਦੀ ਮੇਚ ਪਲਦੀ ਸਾਂਝ ਵਿਚਲੀ ਖਾਈ ਦਿਨੋ-ਦਿਨ ਵਧ ਰਹੀ ਹੈ। ਉਮਰ, ਸਮਾਜ ਜਾਂ ਮਾਪਿਆ ਦਾ ਡਰ ਮਨਫ਼ੀ ਹੋ ਗਿਆ ਹੈ। ਇਨ੍ਹਾਂ ਨੇ ਹੱਕ ਹੀ ਜਾਣੇ ਹਨ, ਫ਼ਰਜ਼ਾਂ ਦਾ ਪੰਨਾ ਮੇਟ ਧਰਿਆ ਹੈ।

ਮਿਲੀ ਆਜ਼ਾਦੀ ਦੀ ਦੁਰਵਰਤੋਂ, ਨਿੱਜਮੁਖੀ ਅਤੇ ਕਾਨੂੰਨੀ ਦਖਲ ਨੇ ਸਾਂਝਾਂ ਦਾ ਰੁਖ ਹੀ ਬਦਲ ਦਿੱਤਾ ਹੈ। ਸਮਝ ਬੜੀ ਦੇਰ ਪਿੱਛੋਂ ਆਉਂਦੀ ਹੈ ਜਦ ਪਤਾ ਲੱਗਦਾ ਹੈ ਕਿ ਪੈਸੇ ਕਮਾਏ ਤੋਂ ਪਤਾ ਲੱਗਿਆ ਕਿ ਸ਼ੌਕ ਤਾਂ ਮਾਪਿਆਂ ਦੇ ਪੈਸੇ ਨਾਲ ਹੀ ਪੂਰੇ ਹੋ ਰਹੇ ਸਨ, ਆਪਣੀ ਕਮਾਈ ਨਾਲ ਤਾਂ ਬੱਸ ਜ਼ਰੂਰਤਾਂ ਹੀ ਪੂਰੀਆਂ ਕਰਦੇ ਹਾਂ। ਵਸਤਾਂ ਦੀ ਤਰਜੀਹ ਨੇ ਰਿਸ਼ਤੇ ਮਧੋਲ ਧਰੇ ਹਨ। ਵਰਤਮਾਨ ਹੀ ਜਿਉਣ ਦੀ ਲਾਲਸਾ ਨੇ ਬਜ਼ੁਰਗਾਂ ਦੀ ਨਕਦਰੀ ਪਾਲ਼ੀ ਹੈ।' ਵਰਤੋ ਤੇ ਸਿੱਟੋ'ਦੀ ਨੀਤੀ ਨੇ ਕਾਹਲ ਵਸ ਕਈ ਕੁੱਝ ਮੇਟ ਲਿਆ ਹੈ। ਠੀਕ ਹੀ ਸੁਣਿਆ ਹੈ 'ਦੁੱਧ ਨਾਲ ਪੁੱਤ ਪਾਲ ਕੇ ਪਾਣੀ ਨੂੰ ਤਰਸਦੀਆਂ ਮਾਵਾਂ' ਦੀ ਗਿਣਤੀ ਵਧ ਰਹੀ ਹੈ। ਮਾਪਿਆਂ ਨੇ ਮੋਹ ਵਸ ਆਪਣਾ ਸਭ ਕੁਛ ਢੇਰੀ ਕਰ ਦਿੱਤਾ ਹੈ। ਇਸੇ ਨਾਲ ਇਸ ਪੀੜ੍ਹੀ ਦੀ ਨੀਅਤ ਵਿੱਚ ਖੋਟ ਆ ਰਲੀ ਹੈ। ਨਰਿੰਦਰ ਸਿੰਘ ਕਪੂਰ ਨੇ ਲਿਖਿਆ ਹੈ,'ਇਨ੍ਹਾਂ ਨੂੰ ਏਨਾ ਘੱਟ ਨਾ ਦੇ ਕੇ ਜਾ? ਕਿ ਕੁੱਝ ਕਰ ਹੀ ਨਾ ਸਕਣ ਅਤੇ ਏਨਾ ਜ਼ਿਆਦਾ ਵੀ ਨਾ ਦਿ? ਕਿ ਕਰਨ ਹੀ ਕੁੱਝ ਨਾ'। ਪੰਛੀ ਆਲ੍ਹਣਾ ਪਾ ਕੇ ਢਾਹ ਦਿੰਦੇ ਹਨ ਪਰ ਮਨੁੱਖ ਸਾਰੀ ਉਮਰ ਇੱਟ ਤੇ ਇੱਟ ਧਰਦਾ ਅਗਲੀ ਪੀੜ੍ਹੀ ਦੀ ਚਿੰਤਾ ਵਿਚ ਹੀ ਜੂਨ ਕਢਦਾ ਹੈ।

ਪ੍ਰਸਿੱਧ ਰਾਜਨੀਤੀਵੇਤਾ ਚਾਣੱਕਯਾ ਨੇ 2,300 ਸਾਲ ਪਹਿਲਾਂ ਇੱਕ ਸਬਕ ਦਿੱਤਾ ਸੀ ਕਿ ਬੱਚੇ ਨੂੰ ਦੋ ਤੋਂ ਪੰਜ ਸਾਲ ਤੱਕ ਪੂਰਾ ਲਾਡ ਦਿਓ, 5 ਤੋਂ 11 ਸਾਲ ਤੱਕ ਪੂਰੀ ਘੂਰ ਹੇਠ ਰੱਖੋ, ਫਿਰ ਦੋਸਤੀ ਨਾਲ ਨਿਭੋ। ਹੁਣ ਇਹ ਰਿਸ਼ਤਾ ਕੁੱਝ ਸਾਲਾਂ ਦਾ ਹੀ ਰਹਿ ਗਿਆ ਹੈ। ਬੱਚੇ ਵੀ ਪਰਿੰਦਿਆਂ ਵਰਗੇ ਹੋ ਗਏ, ਨਾਲ ਰਹਿ ਕੇ ਵੱਡੇ ਹੁੰਦੇ ਹਨ ਵੱਡੇ ਹੋ ਕੇ ਉੱਡ ਜਾਂਦੇ ਹਨ। ਜੇ ਕਿਤੇ ਬੱਚਾ ਬੀਮਾਰ ਹੋ ਕੇ ਵਿਲਕਦਾ ਹੈ, ਪੂਰੀ ਇਮਾਰਤ ਨੂੰ ਪਤਾ ਹੁੰਦਾ ਹੈ , ਪਰ ਮਾਪੇ ਰੋਂਦੇ ਹਨ ਤਾਂ ਕੋਲ਼ ਬੈਠੀ ਉਲਾਦ ਨੂੰ ਪਤਾ ਨਹੀਂ ਲੱਗਦਾ। ਕਿਹਾ ਜਾਂਦਾ ਹੈ ਇਹ ਮਲੂਕ ਰਿਸ਼ਤਾ ਹੈ, ਜੇ ਘੁੱਟ ਕੇ ਫੜਾਂਗੇ ਤਾਂ ਦਮ ਘੁੱਟ ਕੇ ਮਰ ਜਾਣਗੇ, ਜੇ ਖੁੱਲ੍ਹੇ ਛੱਡਾਂਗੇ ਤਾਂ ਉੱਡ ਜਾਣਗੇ।

ਇਸ ਸਾਂਝ ਵਿਚਲੇ ਪੀੜ੍ਹੀ-ਪਾੜੇ ਦੀਆਂ ਪਲਦੀਆਂ ਕਹਾਣੀਆਂ ਸੋਸ਼ਲ ਮੀਡੀਆ ਨਿੱਤ ਖਿਲਾਰ ਰਿਹਾ ਹੈ, ਪਰ ਅਸੀਂ ਹੋਈਆਂ-ਬੀਤੀਆਂ ਤੋਂ ਨਹੀਂ ਸਿਖਦੇ। ਸਭ ਨੂੰ ਆਪਣੇ ਬੱਚੇ ਵਧੀਆ ਨਿਭਣ ਵਾਲੇ ਹੀ ਲੱਗਦੇ ਹਨ। ਇਕ ਘਟਨਾ ਦਾ ਉਲੇਖ ਹੈ - ਇੱਕ ਵਾਰ ਇੱਕ ਪਿਤਾ ਆਪਣੀ ਛੋਟੀ ਧੀ ਨਾਲ ਪੁਲ ਪਾਰ ਕਰ ਰਿਹਾ ਸੀ। ਪਿਤਾ ਨੇ ਧੀ ਨੂੰ ਕਿਹਾ,'ਮੇਰਾ ਹੱਥ ਫੜ ਲੈ, ਆਪਾਂ ਪਾਰ ਹੋ ਜਾਵਾਂਗੇ'। ਧੀ ਨੇ ਕਿਹਾ,'ਤੁਸੀਂ ਮੇਰਾ ਹੱਥ ਫੜੋ'।

ਪਿਤਾ ਨੇ ਫਿਰ ਕਿਹਾ,'ਕੀ ਇਹ ਇੱਕੋ ਗੱਲ ਨਹੀਂ'? ਧੀ ਨੇ ਕਿਹਾ,'ਸਾਡੀ ਪੀੜ੍ਹੀ ਮੁਸੀਬਤ ਸਮੇਂ ਹੱਥ ਛੱਡ ਜਾਂਦੀ ਹੈ ਪਰ ਪਿਤਾ ਆਪਣੀ ਜਾਨ ਤੇ ਖੇਡ ਕੇ ਵੀ ਨਾਲ ਨਿਭਦੇ ਹਨ'। ਇਉਂ ਦੋ ਪੀੜ੍ਹੀਆਂ ਦੀ ਸੋਚ ਨਿਤਰਦੀ ਹੈ। ਅਸਲ ਵਿੱਚ ਦਿਸਦੇ ਜਗਤ ਦੀ ਪਕੜ ਭਾਰੂ ਹੋ ਕੇ ਅੰਦਰਲੀ ਦੁਨੀਆਂ ਨੂੰ ਮੇਟਦੀ ਹੈ। ਇਸ ਵਿੱਚ ਸਾਡੀ ਪੀੜ੍ਹੀ ਦਾ ਕਸੂਰ ਹੈ ਜੋ ਆਪਣੇ ਲਈ ਜਿਉਂ ਕੇ ਹੀ ਨਹੀਂ ਦੇਖਦੇ ਰਹੇ। ਹੁਣ ਸੋਚ ਬਦਲਣ ਦੀ ਲੋੜ ਹੈ। ਵਾਰ ਵਾਰ ਨਸੀਹਤ ਕੀਤੀ ਜਾਂਦੀ ਹੈ ਕਿ ਤੁਹਾਡੇ ਪਹਿਲੇ ਸਾਹ ਵੇਲੇ ਇਹ ਮਾਪੇ ਕੋਲ਼ ਸਨ, ਤੁਸੀਂ ਇਨ੍ਹਾਂ ਦੇ ਆਖਰੀ ਸਾਹਾਂ ਤੇ ਕੋਲ਼ ਹੋਣ ਦਾ ਯਤਨ ਕਰੋ। ਮਾਪੇ ਕੁੱਲ ਦੁਨੀਆਂ ਨੂੰ ਮਿਲਦੇ ਆਖਰੀ ਵਾਰ ਆਪਣੇ ਬੱਚੇ ਦਾ ਮੂੰਹ ਦੇਖ ਕੇ ਹੀ ਜਾਣਾ ਲੋਚਦੇ ਹਨ।

# ਐਵੇਂ ਨਾ ਸਹਾਰੇ ਲੱਭਦੇ ਰਿਹਾ ਕਰੋ

ਢਿੱਗੀ ਢਾਹ ਬੈਠਦੇ ਹਾਂ ਤੇ ਦੂਜਿਆਂ ਤੋਂ ਸਹਾਰੇ ਦੀ ਉਮੀਦ ਕਰਨ ਲੱਗਦੇ ਹਾਂ। ਬੰਦਾ ਅਪੰਗ ਸਰੀਰ ਤੋਂ ਨਹੀਂ ਸੋਚ ਤੋਂ ਹੁੰਦਾ ਹੈ। ਅਰੁਨਿਮਾ ਵਰਗੀਆਂ ਔਰਤਾਂ ਅਪੰਗ ਹੋਣ ਦੇ ਬਾਵਜੂਦ ਮਾਊਂਟ ਐਵਰੈਸਟ ਨੂੰ ਸਰ ਕਰ ਸਕਦੀਆਂ ਨੇ ਤਾਂ ਅਸੀਂ ਕਿਉਂ ਨਹੀਂ?

ਇਸ ਲਈ ਦੋਸਤੋ, ਆਓ, ਆਪਣੇ ਸੰਕਲਪ ਅਤੇ ਕਰਮ ਨਾਲ ਖ਼ੁਦ ਨੂੰ ਨਵੀਂ ਪਛਾਣ ਦੇਈਏ। ਆਸਰੇ ਭਾਲਣ ਦੀ ਬਜਾਏ ਦੂਜਿਆਂ ਨੂੰ ਆਸਰਾ ਦੇਣ ਵਾਲੇ ਬਣੀਏ। ਇਸ ਨਾਲ ਮਨ ਅੰਦਰ ਖ਼ੁਸ਼ੀਆਂ ਦੀਆਂ ਨਵੀਆਂ ਕਰੂੰਬਲਾਂ ਫੁੱਟ ਪੈਣਗੀਆਂ ਤੇ ਅਸੀਂ ਆਪਣੇ ਅੰਦਰ ਅਪਾਰ ਸੰਤੁਸ਼ਟੀ ਮਹਿਸੂਸ ਕਰਨ ਲੱਗਾਂਗੇ। ਹੌਸਲਾ ਨਾ ਕਰਨ ਵਾਲੇ ਤੇ ਦੂਸਰਿਆਂ ਦੇ ਸਹਾਰੇ ਰਹਿਣ ਵਾਲੇ ਲੋਕ ਆਪਣੇ ਮਨ ਵਿੱਚ ਕਲਪਨਾ ਕਰਕੇ ਤਸਵੀਰਾਂ ਖਿੱਚਣ ਦੇ ਯੋਗ ਨਹੀਂ ਹੁੰਦੇ ਬਲਕਿ ਉਹ ਆਪਣੇ ਅੰਦਰ ਕੇਵਲ ਆਦਰਸ਼ ਦੀ ਧੁੰਦਲੀ ਤਸਵੀਰ ਹੀ ਖਿੱਚ ਸਕਦੇ ਹਨ। ਆਪਣੀ ਸਮਰੱਥਾ ਦੇ ਅਨੁਸਾਰ ਸਾਰੇ ਕੰਮ ਆਪ ਹੀ ਕਰੋ। ਐਵੇਂ ਨਾ ਦੂਜਿਆਂ ਤੋਂ ਸਹਾਰੇ ਲੱਭਦੇ ਰਿਹਾ ਕਰੋ। ਆਪਣੇ ਸਿਰ ਦੀਆਂ ਉਲਝਣਾਂ ਖ਼ੁਦ ਹੀ ਸੁਲਝਾ ਲੈਣੀਆਂ ਚਾਹੀਦੀਆਂ ਹਨ, ਸਹਾਰਾ ਦੇਣ ਵਾਲੇ ਤਾਂ ਕੰਘੇ ਦੀ ਕੀਮਤ ਵੀ ਵਸੂਲ ਕਰਦੇ ਰਹਿੰਦੇ ਹਨ। ਇਸ ਲਈ ਆਪਣੇ-ਆਪ 'ਤੇ ਭਰੋਸਾ ਕਰਨ ਦਾ ਹੁਨਰ ਸਿੱਖ ਲਓ ਕਿਉਂਕਿ ਸਹਾਰੇ ਕਿੰਨੇ ਵੀ ਸੱਚੇ ਹੋਣ, ਇੱਕ ਦਿਨ ਸਾਥ ਛੱਡ ਹੀ ਜਾਂਦੇ ਹਨ ਜਾਂ ਸਾਰੀ ਉਮਰ ਮਿਹਣੇ ਹੀ ਮਾਰਦੇ ਹਨ। ਤੁਹਾਡੀ ਹਿੰਮਤ ਤੋਂ ਵਧੀਆ, ਤੁਹਾਡਾ ਕੋਈ ਸਹਾਰਾ ਨਹੀਂ ਹੋ ਸਕਦਾ। ਜ਼ਿੰਦਗੀ ਵਿੱਚ ਜੇਕਰ ਖ਼ੁਸ਼ ਰਹਿਣਾ ਹੈ ਤਾਂ ਸਹਾਰੇ ਲੱਭਣੇ ਬੰਦ ਕਰ ਦਿਓ ਤੇ ਹਿੰਮਤ ਦਾ ਪੱਲਾ ਫੜ ਲਓ। ਤੁਹਾਡੇ ਵਿੱਚ ਅਨੋਖੀਆਂ ਸ਼ਕਤੀਆਂ ਹਨ, ਇਨ੍ਹਾਂ ਨੂੰ ਜਗਾਓ ਤੇ ਵਰਤੋ। ਆਪਣੀ ਖ਼ੁਸ਼ੀ ਲਈ ਪੂਰੀ ਤਰ੍ਹਾਂ ਕਦੇ ਵੀ ਦੂਜਿਆਂ 'ਤੇ ਨਿਰਭਰ ਨਾ ਕਰੋ। ਸਵੈ-ਚਿੰਤਨ ਕਰਕੇ ਵੇਖੋ ਕਿ ਤੁਹਾਨੂੰ ਆਪਣੇ ਕੰਮ ਲਈ ਆਪਣੇ ਅੰਦਰ ਕਿਹੋ ਜਿਹੇ ਬਦਲਾਅ ਦੀ ਜ਼ਰੂਰਤ ਹੈ। ਉਨ੍ਹਾਂ ਤਬਦੀਲੀਆਂ ਨੂੰ ਲਿਆ ਕੇ ਕੰਮ ਸ਼ੁਰੂ ਕਰੋ ਤੇ ਮੁਸਕਰਾਹਟਾਂ ਨੂੰ ਆਪਣੇ ਵੱਸ ਵਿੱਚ ਕਰ ਲਓ। ਜੇਕਰ ਮੁਸਕਰਾਹਟ ਬਿਖੇਰਨ ਦੀ ਜਾਚ ਆ ਗਈ ਤਾਂ ਜ਼ਿੰਦਗੀ ਸੱਚਮੁੱਚ ਸਵਰਗ ਬਣ ਜਾਵੇਗੀ। ਇੱਕ ਗੱਲ ਆਪਣੇ ਦਿਲ-ਦਿਮਾਗ਼ ਵਿੱਚ ਬਿਠਾ ਲਓ ਕਿ ਦੁਨੀਆ ਵਿੱਚ ਕੋਈ ਵੀ ਅਜਿਹਾ ਕੰਮ ਨਹੀਂ ਜੋ ਮੈਂ ਨਹੀਂ ਕਰ ਸਕਦਾ। ਦੁਨੀਆ ਤੁਹਾਡੇ ਨਾਲ ਪਿਆਰ ਕਰਨ ਲੱਗ ਪਵੇਗੀ। ਇਨਸਾਨ ਦੀ ਬਰਬਾਦੀ ਦਾ ਵਕਤ ਉਦੋਂ ਸ਼ੁਰੂ ਹੋ ਜਾਂਦਾ ਹੈ ਜਦੋਂ ਉਹ ਹਰ ਕੰਮ ਲਈ ਦੂਜਿਆਂ 'ਤੇ ਨਿਰਭਰ ਰਹਿਣਾ ਸ਼ੁਰੂ ਕਰ ਦਿੰਦਾ ਹੈ। ਇਸ ਲਈ ਸਦਾ ਯਾਦ ਰੱਖੋ:

ਜ਼ਿੰਦਗੀ ਵਿੱਚ ਜੇਕਰ ਅੱਗੇ ਵਧਣਾ ਹੈ ਤਾਂ ਕਦੇ ਵੀ ਨਾ ਨਿਰਭਰ ਰਹਿਣਾ ਗੈਰਾਂ 'ਤੇ
ਮੰਜ਼ਿਲ ਉਨ੍ਹਾਂ ਨੂੰ ਹੀ ਮਿਲਦੀ ਹੈ
ਜੋ ਖੜ੍ਹੇ ਹਨ ਆਪਣੇ ਪੈਰਾਂ 'ਤੇ।

ਸੰਪਰਕ: 98774-66607

# ਸ਼ਿਕਾਰੀ ਪੰਛੀ ਸੱਪਮਾਰ ਉਕਾਬ

ਗੁਰਮੀਤ ਸਿੰਘ*

ਸੱਪਮਾਰ ਉਕਾਬ ਵੱਡੇ ਅਤੇ ਛੋਟੇ ਸੱਪਾਂ ਦੀ ਖੋਜ ਕਰਨ ਵਾਲਾ ਇੱਕ ਮਾਹਿਰ ਸ਼ਿਕਾਰੀ ਪੰਛੀ ਹੈ। ਇਹ ਪਰਵਾਸੀ ਪੰਛੀ ਹੈ। ਇਸ ਨੂੰ ਪੰਜਾਬੀ ਵਿੱਚ ਸੱਪਮਾਰ ਉਕਾਬ, ਅੰਗਰੇਜ਼ੀ ਵਿੱਚ ਸ਼ੌਰਟ ਟੋਡ ਈਗਲ (Short Toed Eagle) ਅਤੇ ਹਿੰਦੀ ਵਿੱਚ ਸਾਂਪਮਾਰ ਕਹਿੰਦੇ ਹਨ। ਇਹ ਫਰਾਂਸ, ਇਟਲੀ ਅਤੇ ਸਪੇਨ ਸਮੇਤ ਦੱਖਣ-ਪੱਛਮੀ ਅਤੇ ਦੱਖਣ-ਪੂਰਬੀ ਯੂਰਪ ਵਿੱਚ ਵੀ ਪਾਇਆ ਜਾਂਦਾ ਹੈ। ਇਹ ਉੱਤਰ ਪੱਛਮੀ ਅਫ਼ਰੀਕਾ ਦੇ ਪੂਰਬ ਵੱਲ ਇਰਾਨ, ਇਰਾਕ, ਭਾਰਤ, ਪੱਛਮੀ ਚੀਨ ਵਿੱਚ ਵੀ ਪਾਇਆ ਜਾਂਦਾ ਹੈ। ਇਨ੍ਹਾਂ ਨੂੰ ਮੁੱਖ ਤੌਰ 'ਤੇ ਇਨ੍ਹਾਂ ਦਾ ਹੇਠਲਾ ਹਿੱਸਾ ਚਿੱਟਾ ਹੋਣ ਕਰਕੇ ਪਛਾਣਿਆ ਜਾ ਸਕਦਾ ਹੈ, ਉੱਪਰਲੇ ਹਿੱਸੇ ਸਲੇਟੀ ਭੂਰੇ ਹੁੰਦੇ ਹਨ। ਠੋਡੀ, ਗਲ਼ਾ ਅਤੇ ਛਾਤੀ ਦੇ ਉੱਪਰ ਵਾਲੀ ਥਾਂ ਫਿੱਕੇ ਭੂਰੇ ਰੰਗ ਦੀ ਹੁੰਦੀ ਹੈ। ਪੂਛ ਵਿੱਚ 3 ਜਾਂ 4 ਲਾਈਨਾਂ ਦੇ ਨਿਸ਼ਾਨ ਹੁੰਦੇ ਹਨ। ਇਸ ਦਾ ਸਿਰ ਉੱਲੂ ਵਰਗਾ ਗੋਲ ਅਤੇ ਅੱਖਾਂ ਚਮਕਦਾਰ ਪੀਲੀਆਂ ਹੁੰਦੀਆਂ ਹਨ। ਸੱਪਮਾਰ ਉਕਾਬ ਦਾ ਗੋਲ ਸਿਰ ਅਤੇ ਖੰਭ ਇਸ ਨੂੰ ਉੱਲੂ ਨਾਲੋਂ ਵੱਖ ਕਰਨ ਵਿੱਚ ਮਦਦ ਕਰਦੇ ਹਨ। ਇਸ ਦਾ ਔਸਤ ਭਾਰ 1.2 ਤੋਂ 2.5 ਕਿਲੋਗ੍ਰਾਮ ਅਤੇ ਲੰਬਾਈ 23 ਤੋਂ 31 ਇੰਚ ( 59 ਤੋਂ 78 ਸੈਂਟੀਮੀਟਰ) ਹੁੰਦੀ ਹੈ।

ਇਨ੍ਹਾਂ ਦੀ ਖ਼ੁਰਾਕ ਵਿੱਚ ਜ਼ਿਆਦਾਤਰ ਸੱਪ ਹੀ ਹੁੰਦੇ ਹਨ, ਪਰ ਇਹ ਹੋਰ ਜਾਨਵਰ ਜਿਵੇਂ ਕਿਰਲੀ, ਡੱਡੂ, ਪੰਛੀ ਤੇ ਛੋਟੇ ਥਣਧਾਰੀ ਜੀਵ ਵੀ ਖਾ ਲੈਂਦੇ ਹਨ। ਇਹ ਸੱਪ ਨੂੰ ਅਸਮਾਨ ਵਿੱਚ ਚੁੱਕ ਕੇ ਲੈ ਜਾਂਦੇ ਹਨ ਅਤੇ ਆਪਣੇ ਅਤੇ ਸੱਪ ਵਿਚਕਾਰ ਹੋਣ ਵਾਲੀ ਲੜਾਈ ਨੂੰ ਜੰਗ ਦੇ ਮੈਦਾਨ ਤੋਂ ਬਦਲ ਦਿੰਦੇ ਹਨ। ਸੱਪਮਾਰ ਉਕਾਬ ਦੇ 8 ਇੰਚ ਦੇ ਦੋਵਾਂ ਪੰਜਿਆਂ ਦੇ ਤਿੱਖੇ ਸੂਏ ਵਰਗੇ ਨਹੁੰ ਸੱਪ ਵਿੱਚ ਖੁਭਣ ਤੋਂ ਬਾਅਦ ਜ਼ਹਿਰੀਲਾ ਸੱਪ ਵੀ ਅਸਮਾਨ ਦੇ ਗੇੜੇ ਤੋਂ ਬਾਅਦ ਆਖ਼ਰੀ ਸੁਆਸਾਂ ਵਿੱਚ ਪੁੱਜ ਜਾਂਦਾ ਹੈ। ਇਹੋ ਕਾਰਨ ਹੈ ਕਿ ਸੱਪਮਾਰ ਉਕਾਬ ਖੁੱਲ੍ਹੀਆਂ ਥਾਵਾ ਵਿੱਚ ਰਹਿਣਾ ਪੰਸਦ ਕਰਦੇ ਹਨ ਜਿਵੇਂ ਕਿ ਕਾਸ਼ਤ ਕੀਤੇ ਮੈਦਾਨ, ਟਾਂਵੇ-ਟਾਂਵੇ ਰੁੱਖਾਂ ਵਾਲੇ ਘਾਹ ਦੇ ਮੈਦਾਨ, ਅਰਧ-ਮਾਰੂਥਲ ਖੇਤਰ ਅਤੇ ਤਲਹਟੀਆਂ ਥਾਵਾਂ ਆਦਿ।

ਸ਼ਕਤੀਸ਼ਾਲੀ ਉਡਾਣ ਭਰਨ ਵਾਲਾ ਉਕਾਬ ਪ੍ਰਜਣਨ ਦੇ ਦੌਰਾਨ ਉਚਾਈਆਂ 'ਤੇ ਉੱਡਦਾ ਹੈ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦਾ ਹੈ। ਨਰ ਉਕਾਬ ਉੱਪਰ, ਥੱਲੇ ਉੱਡਦਾ ਹਵਾ ਵਿੱਚ ਗੋਤੇ ਲਾਉਂਦਾ ਹੈ। ਉਹ ਸੱਪ ਜਾਂ ਲੱਕੜੀ ਨੂੰ ਚੁੰਜ ਨਾਲ ਸੁੱਟਦਾ ਤੇ ਫੜਦਾ ਹੈ। ਮਾਦਾ ਕੋਲ ਜਾਣ ਤੋਂ ਬਾਅਦ ਫਿਰ ਦੋਵੇਂ ਪੰਛੀ ਇਕੱਠੇ ਉੱਡਦੇ ਹਨ ਅਤੇ ਉੱਚੀ ਆਵਾਜ਼ ਵਿੱਚ ਪਾਇਓਉ-ਪਾਇਓਉ ਕਰਕੇ ਆਵਾਜ਼ਾਂ ਕੱਢਦੇ ਹਨ। ਮਾਦਾ ਇੱਕ ਚਿੱਟਾ ਅਤੇ ਨੀਲਾ ਆਂਡਾ ਦਿੰਦੀ ਹੈ। ਨਵਜੰਮੇ ਬੱਚੇ ਸਲੇਟੀ ਅੱਖਾਂ ਵਾਲੇ ਨੀਲੇ-ਚਿੱਟੇ ਰੰਗ ਦੇ ਹੁੰਦੇ ਹਨ ਜੋ ਬਾਅਦ ਵਿੱਚ ਚਮਕਦਾਰ ਸੰਤਰੀ ਜਾਂ ਪੀਲੇ ਹੋ ਜਾਂਦੇ ਹਨ। ਨਰ-ਮਾਦਾ ਦੋਵੇਂ ਚੂਚਿਆਂ ਨੂੰ ਖੁਆਉਂਦੇ ਹਨ ਜੋ 70-75 ਦਿਨਾਂ ਵਿੱਚ ਉੱਡ ਜਾਂਦੇ ਹਨ। ਚੂਚੇ ਵੱਡੇ ਹੁੰਦਿਆਂ ਹੀ ਸੱਪ ਦੇ ਸ਼ਿਕਾਰ ਨੂੰ ਨਿਗਲਣ ਦੀ ਸੁਭਾਵਿਕ ਯੋਗਤਾ ਰੱਖਦੇ ਹਨ।




ਸੱਪਮਾਰ ਉਕਾਬ ਨੂੰ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰ ਵੱਲੋਂ ਘੱਟ ਚਿੰਤਾ ਦੇ ਤੌਰ 'ਤੇ ਸੂਚੀਬੱਧ ਕੀਤਾ ਗਿਆ ਹੈ। ਭਾਰਤ ਸਰਕਾਰ ਨੇ ਇਸ ਨੂੰ ਜੰਗਲੀ ਜੀਵ (ਸੁਰੱਖਿਆ) ਐਕਟ, 1972 ਅਤੇ ਸੋਧ ਐਕਟ 2022 ਦੇ ਸ਼ਡਿਊਲ-1 ਵਿੱਚ ਰੱਖ ਕੇ ਸੁਰੱਖਿਆ ਦਿੱਤੀ ਹੈ।

*ਪ੍ਰਧਾਨ, ਨੇਚਰ ਕੰਜ਼ਰਵੇਸ਼ਨ ਸੁਸਾਇਟੀ, ਪੰਜਾਬ।

# ਹਰਿਆਣਾ ਦੇ ਨੌਜੁਆਨਾਂ ਨੂੰ ਮਿਲੇਗੀ ਹੋਮ-ਸਟੇ ਦੀ ਫਰੀ ਟ੍ਰੇਨਿੰਗ : ਗੌਰਵ ਗੌਤਮ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਜੀ ਦੇ ਐਲਾਨ ਅਨੁਰੂਪ, ਸੂਬਾ ਸਰਕਾਰ ਵੱਲੋਂ ਨੌਜੁਆਨਾਂ ਲਈ ਇੱਕ ਨਵੀਂ ਪਹਿਲ ਸ਼ੁਰੂ ਕੀਤੀ ਗਈ ਹੈ, ਜਿਸ ਦੇ ਤਹਿਤ ਉਨ੍ਹਾਂ ਨੂੰ ਹੋਮ-ਸਟੇ ਦੀ ਫਰੀ ਟ੍ਰੇਨਿੰਕ ਦਿੱਤੀ ਜਾਵੇਗੀ। ਇਸ ਯੋਜਨਾ ਦਾ ਉਦੇਸ਼ ਨੌਜੁਆਨਾਂ ਨੂੰ ਸਵੈਰੁ੧ਗਾਰ ਲਈ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਘਰਾਂ ਦੇ ਕਮਰਿਆਂ ਨੂੰ ਗੇਸਟ ਹਾਊਸ ਵਜੋ ਕਿਰਾਏ 'ਤੇ ਦੇ ਕੇ ਵੱਧ ਆਮਦਨੀ ਪ੍ਰਾਪਤ ਕਰਨ ਵਿੱਚ ਸਮਰੱਥ ਬਨਾਉਣਾ ਹੈ।

ਇਸ ਯੋਜਨਾਂ ਨੂੰ ਨੌਜੁਆਨ ਅਧਿਕਾਰੀਆਂ ਅਤੇ ਉਦਮਤਾ ਵਿਭਾਗ, ਹਰਿਆਣਾ ਸਰਕਾਰ ਦੇ ਸਕਿਲ ਵਿਕਾਸ ਅਤੇ ਉਦਯੋਗਿਕ ਸਿਖਲਾਈ ਵਿਭਾਗ ਵੱਲੋਂ ਲਾਗੂ ਕੀਤਾ ਜਾ ਰਿਹਾ ਹੈ।ਇਸ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਸ੍ਰੀ ਗੌਰਵ ਗੌਤਮ, ਰਾਜ ਮੰਤਰੀ, ਯੁਵਾ ਅਧਿਕਾਰਤਾ ਅਤੇ ਉਦਮਤਾ ਵਿਭਾਗ ਨੇ ਦਸਿਆ ਕਿ ਪਹਿਲਾਂ ਇਹ ਯੋਜਨਾ ਸਿਰਫ ਪੰਚਕੂਲਾ, ਕੁਰੂਕਸ਼ੇਤਰ, ਗੁਰੂਗ੍ਰਾਮ ਅਤੇ ਫਰੀਦਾਬਾਦ ਜਿਲ੍ਹਿਆਂ ਦੇ ਨੌਜੁਆਨਾਂ ਲਈ ਲਾਗੂ ਸੀ, ਪਰ ਹੁਣ ਇਸ ਨੂੰ ਪੂਰੇ ਹਰਿਆਣਾ ਸੂਬੇ ਦੇ 15 ਤੋਂ 29 ਸਾਲ ਦੀ ਉਮਰ ਦੇ ਨੌਜੁਆਨਾਂ ਲਈ ਵਿਸਤਾਰਿਤ ਕੀਤਾ ਗਿਆ ਹੈ। ਪਹਿਲਾ ਬਿਨੈ ਦੀ ਆਖੀਰੀ ਮਿੱਤੀ 15 ਮਈ, 2025 ਸੀ, ਜਿਸ ਨੂੰ ਵਧਾ ਕੇ ਹੁਣ 6 ਜੂਨ, 2025 ਕਰ ਦਿੱਤਾ ਗਿਆ ਹੈ।

ਸਿਖਲਾਈ ਪ੍ਰਾਪਤ ਕਰਨ ਵਾਲੇ ਨੌਜੁਆਨ ਆਪਣੇ ਘਰਾਂ ਵਿੱਚ ਉਪਲਬਧ ਵੱਧ ਕਮਰਿਆਂ ਦੀ ਵਰਤੋ ਹੋਮ-ਸਟੇ ਸਹੂਲਤ ਵਜੋ ਕਰ ਸਕਣਗੇ।

ਇੱਛੁਕ ਉਮੀਦਵਾਰ 6 ਜੂਨ, 2025 ਤੱਕ ਆਪਣੇ ਸਬੰਧਿਤ ਜਿਲ੍ਹਾ ਨੋਡਲ ਆਈਟੀਆਈ ਵਿੱਚ ਬਿਨੈ ਕਰ ਸਕਦੇ ਹਨਬਿਨੈ ਸਰਕੂਲਰ ਅਤੇ ਨਿਯਮ ਤੇ ਸ਼ਰਤਾਂ ਵਿਭਾਗ ਦੀ ਵੈਬਸਾਇਟ www.itiharyana.gov.in ਤੋਂ ਡਾਉਨਲੋਡ ਕੀਤੇ ਜਾ ਸਕਦੇ ਹਨ।

ਸ੍ਰੀ ਗੌਰਵ ਗੌਤਮ ਨੇ ਦਸਿਆ ਕਿ ਇਹ ਯੋਜਨਾ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੇ ਵਿਜਨ ਆਤਮਨਿਰਭਰ ਯੁਵਾ-ਆਤਮਨਿਰਭਰ ਹਰਿਆਣਾ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਣ ਕਦਮ ਹੈ। ਉਨ੍ਹਾਂ ਨੇ ਰਾਜ ਦੇ ਨੌਜੁਆਨਾਂ ਨੂੰ ਇਸ ਯੋਜਨਾਂ ਦਾ ਵੱਧ ਤੋਂ ਵੱਧ ਲਾਭ ਚੁੱਕਣ ਦੀ ਅਪੀਲ ਕੀਤੀ।

# ਅੰਤਰਰਾਸ਼ਟਰੀ ਯੋਗ ਉਤਸਵ ਦੀਆਂ ਤਿਆਰੀਆਂ ਦਾ ਜਾਇਜ਼ਾ



**ਸ਼ਾਹਬਾਦ ਮਾਰਕੰਡਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿਹਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜ ਪਾਲ ਨੇ ਕਿਹਾ ਹੈ ਕਿ 21 ਜੂਨ ਨੂੰ ਕੁਰੂਕਸ਼ੇਤਰ ਦੇ ਬ੍ਰਹਮ ਸਰੋਵਰ ਤੇ ਮੇਲਾ ਖੇਤਰ ਵਿਚ ਹੋਣ ਵਾਲੇ ਅੰਤਰਰਾਸ਼ਟਰੀ ਯੋਗ ਉਤਸਵ ਵਿੱਚ ਕਈ ਨਵੇਂ ਰਿਕਾਰਡ ਸਥਾਪਤ ਹੋਣਗੇ।

ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਬਤੌਰ ਮੁੱਖ ਮਹਿਮਾਨ ਤੇ ਯੋਗ ਗੁਰੂ ਸੁਆਮੀ ਰਾਮ ਦੇਵ ਇਸ ਉਤਸਵ ਦੀ ਪ੍ਰਧਾਨਗੀ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਵਾਰ ਇਕ ਲੱਖ ਯੋਗ ਅਭਿਆਸੀ ਬ੍ਰਹਮ ਸਰੋਵਰ ਤੇ ਮੇਲਾ ਖੇਤਰ ਨੂੰ 100 ਸੈਕਟਰਾਂ ਵਿਚ ਵੰਡ ਕੇ ਇਕੱਠੇ ਯੋਗ ਕਰਕੇ ਇਕ ਰਿਕਾਰਡ ਕਾਇਮ ਕਰਨਗੇ। ਉਹ ਇਸ ਸਬੰਧੀ ਅਧਿਕਾਰੀਆਂ ਨਾਲ ਤਿਆਰੀਆਂ ਦੀ ਸਮੀਖਿਆ ਕਰ ਰਹੇ ਸਨ।

ਇਸ ਤੋਂ ਪਹਿਲਾਂ ਉਨਾਂ ਨੇ ਪਿਪਲੀ ਪੈਰਾਕੀਟ ਵਿੱਚ ਅਧਿਕਾਰੀਆਂ ਦੀ ਮੀਟਿੰਗ ਤੋਂ ਬਾਅਦ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਯਾਦਗਾਰੀ ਬਣਾਉਣ ਲਈ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ ਨਾਲ ਵੀ ਚਰਚਾ ਕੀਤੀ। ਇਸ ਤੋਂ ਬਾਅਦ ਏਸੀਆਰ ਸੁਧੀਰ ਰਾਜ ਪਾਲ, ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਨੇਹਾ ਸਿੰਘ, ਜਿਲਾ ਪੁਲੀਸ ਕਪਤਾਨ ਨਿਤੀਸ਼ ਅਗਰਵਾਲ, ਹਰਿਆਣਾ ਯੋਗ ਕਮਿਸ਼ਨ ਦੇ ਚੇਅਰਮੈਨ ਡਾ. ਜੈਦੀਪ ਆਰੀਆ ਨੇ ਬ੍ਰਹਮ ਸਰੋਵਰ ਤੇ ਮੇਲਾ ਮੈਦਾਨ ਦਾ ਨਿਰੀਖਣ ਕੀਤਾ।

ਵਧੀਕ ਮੁੱਖ ਸਕੱਤਰ ਨੇ ਕਿਹਾ ਕਿ ਚੰਗੇ ਯੋਗ ਕਰਨ ਵਾਲੇ ਤੇ ਯੋਗ ਦੀ ਸੇਵਾ ਭਾਵਨਾ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਜਾਏਗਾ। ਇਸ ਯੋਗ ਮਹਾਂਉਤਸਵ ਵਿੱਚ ਆਮ ਲੋਕਾਂ ਤੋਂ ਇਲਾਵਾ ਸਕੂਲੀ ਵਿਦਿਆਰਥੀ ਵੀ ਹਿੱਸਾ ਲੈਣਗੇ। ਇਸ ਮੌਕੇ ਉਨ੍ਹਾਂ ਡੀਸੀ ਅਤੇ ਪੁਲੀਸ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।

ਆਰੀਆ ਕੰਨਿਆ ਕਾਲਜ ਵਿੱਚ ਵਣ ਹਰਿਆਣਾ ਗਰਲਜ ਬਟਾਲੀਅਨ ਅੰਬਾਲਾ ਛਾਉਣੀ ਦੇ ਨਿਰਦੇਸ਼ਨ ਹੇਠ ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ ਦੀ ਤਿਆਰੀ ਲਈ ਕਾਲਜ ਦੀ ਐੱਨਸੀਸੀ ਯੂਨਿਟ ਵੱਲੋਂ ਯੋਗਾ ਵਰਕਸ਼ਾਪ ਲਾਈ ਗਈ। ਇਸ ਮੌਕੇ ਐੱਮਐੱਨ ਕਾਲਜ ਦੇ ਸਹਾਇਕ ਐੱਨਸੀਸੀ ਅਧਿਕਾਰੀ ਤੇ ਕੈਮਿਸਟਰੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਲੈਫਟੀਨੈਂਟ ਡਾ ਸੁਰੇਸ਼ ਕੁਮਾਰ ਬਤੌਰ ਮੁੱਖ ਬੁਲਾਰੇ ਮੌਜੂਦ ਸਨ।

ਇਨ੍ਹਾਂ ਨੇ ਕੈਡੇਟਾਂ ਨੂੰ ਯੋਗ ਬਾਰੇ ਜਾਣਕਾਰੀ ਦਿੱਤੀ। ਕਾਲਜ ਦੀ ਪ੍ਰਿੰਸੀਪਲ ਡਾ.ਆਰਤੀ ਤਰੇਹਨ ਨੇ ਮੁੱਖ ਬੁਲਾਰਿਆਂ ਦਾ ਸਵਾਗਤ ਕੀਤਾ। ਕਾਲਜ ਦੀਆਂ 30 ਐੱਨਸੀਸੀ ਕੈਡੇਟਾਂ ਨੇ ਯੋਗ ਆਸਣ ਕੀਤੇ। ਇਸ ਮੌਕੇ ਬਲਵਿੰਦਰ, ਰੋਸ਼ਨ ਸਰਸਵਤੀ ਮੌਜੂਦ ਸਨ।

# ਸਾਈਕਲ ਰੈਲੀ ਰਾਹੀਂ ਨਸ਼ਾ ਮੁਕਤ ਜੀਵਨ ਜਿਊਣ ਦਾ ਸੰਦੇਸ਼



**ਸ਼ਾਹਬਾਦ ਮਾਰਕੰਡਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਕ੍ਰਿਸ਼ਨ ਆਯੂਸ਼ ਯੂਨੀਵਰਸਿਟੀ ਨੇ ਅੱਜ ਡਰੱਗਜ਼ ਫ੍ਰੀ ਹਰਿਆਣਾ ਮੁਹਿੰਮ ਦੇ ਤਹਿਤ ਸਾਈਕਲ ਯਾਤਰਾ ਕੱਢੀ। ਇਸ ਦੀ ਅਗਵਾਈ ਆਯੂਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਵੈਦਿਆ ਕਰਤਾਰ ਸਿੰਘ ਧੀਮਾਨ ਤੇ ਰਜਿਸਟਰਾਰ ਪ੍ਰੋ. ਬ੍ਰਿਜੇਂਦਰ ਸਿੰਘ ਤੋਮਰ ਨੇ ਕੀਤੀ। ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਾ ਮੁਕਤ ਜੀਵਨ ਸ਼ੈਲੀ ਵੱਲ ਪ੍ਰੇਰਿਤ ਕਰਨਾ ਤੇ ਇਕ ਸਿਹਤਮੰਦ ਸਮਾਜ ਦੇ ਨਿਰਮਾਣ ਦੀ ਚੇਤਨਾ ਨੂੰ ਮਜ਼ਬੂਤ ਕਰਨਾ ਸੀ। ਸਾਈਕਲ ਯਾਤਰਾ ਨੂੰ ਸਫ਼ਲ ਬਣਾਉਣ ਲਈ ਪੁਲੀਸ ਪ੍ਰਸ਼ਾਸਨ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਦੌਰਾਨ ਸੈਕਟਰ 4 ਵਾਸੀ 5 ਸਾਲਾ ਅਗਮ ਵੀ ਆਪਣੀ ਸਾਈਕਲ ਲੈ ਕੇ ਯਾਤਰਾ ਵਿਚ ਹਿੱਸਾ ਲੈਣ ਆਇਆ। ਇਹ ਯਾਤਰਾ ਯੂਨੀਵਰਸਿਟੀ ਕੈਂਪਸ ਤੋਂ ਸ਼ੁਰੂ ਹੋ ਕੇ ਸਰਕਟ ਹਾਊਸ, ਐੱਸਐੱਸਪੀ ਰਿਹਾਇਸ਼, ਕੁਰੂਕਸ਼ੇਤਰ ਪਿਪਲੀ ਰੋਡ, ਨਵਾਂ ਬੱਸ ਸਟੈਂਡ, ਸੈਕਟਰ 7 ਰੋਡ ਤੋਂ ਹੁੰਦੀ ਹੋਈ ਵਾਪਸ ਯੂਨੀਵਰਸਿਟੀ ਪਹੁੰਚੀ। ਇਸ ਯਾਤਰਾ ਵਿੱਚ ਯੂਨੀਵਰਸਿਟੀ ਅਧਿਕਾਰੀਆਂ, ਅਧਿਆਪਕਾਂ, ਵਿਦਿਆਰਥੀਆਂ ਤੇ ਸ਼ਹਿਰ ਦੇ ਸਮਾਜ ਸੇਵੀਆਂ ਨੇ ਹਿੱਸਾ ਲਿਆ।

ਯਾਤਰਾ ਵਿੱਚ ਜ਼ਿਲ੍ਹਾ ਖੇਡ ਅਧਿਕਾਰੀ ਮਨੋਜ ਕੁਮਾਰ, ਸਾਈਕਲ ਕੋਚ ਪੰਜਾਬ ਸਿੰਘ, ਸੁਰਿੰਦਰ ਕੌਰ, ਪੰਕਜ ਕੁਮਾਰ ਤੇ ਹਰਿਆਣਾ ਰਾਜ ਨਾਰਕੋਟਿਕਸ ਬਿਊਰੋ ਤੋਂ ਡਾ. ਅਸ਼ੋਕ ਕੁਮਾਰ ਵਰਮਾ, ਪੁਲੀਸ ਤੋਂ ਸੇਵਾਮੁਕਤ ਕਰਮ ਚੰਦ ਨੇ ਵੀ ਯਾਤਰਾ ਵਿੱਚ ਹਿੱਸਾ ਲਿਆ। ਇਸ ਮੌਕੇ ਵਾਈਸ ਚਾਂਸਲਰ ਧੀਮਾਨ ਨੇ ਕਿਹਾ ਕਿ ਨਸ਼ਾ ਨਾ ਸਿਰਫ ਮਨੁੱਖ ਨੂੰ ਖਾ ਜਾਂਦਾ ਹੈ ਸਗੋਂ ਸਮਾਜ ਦੀ ਆਤਮਾ ਨੂੰ ਵੀ ਖਾ ਜਾਂਦਾ ਹੈ। ਨੌਜਵਾਨਾਂ ਨੂੰ ਨਸ਼ੇ ਦੀ ਥਾਂ ਕਸਰਤ ਨੂੰ ਅਪਨਾਉਣਾ ਚਾਹੀਦਾ ਹੈ। ਯਾਤਰਾ ਦੇ ਅੰਤ ਵਿਚ ਸਭ ਨੇ ਨਸ਼ਾ ਮੁਕਤ ਜੀਵਨ ਜਿਊਣ ਦਾ ਪ੍ਰਣ ਲਿਆ।

# ਆਬੂ ਧਾਬੀ 'ਚ ਸਿੱਖ ਦੀ ਪੱਗ ਤੇ ਕਿਰਪਾਨ ਲੁਹਾਈ, 20 ਦਿਨ ਹਿਰਾਸਤ 'ਚ ਰੱਖਿਆ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਆਬੂ ਧਾਬੀ ਵਿੱਚ ਇੱਕ ਸਿੱਖ ਨੂੰ ਹਿਰਾਸਤ ਵਿੱਚ ਅਪਮਾਨ ਸਹਿਣ ਤੋਂ ਇਲਾਵਾ, ਕਥਿਤ ਤੌਰ 'ਤੇ ਆਪਣੀ ਕਿਰਪਾਨ ਅਤੇ ਪੱਗ ਉਤਾਰਨ ਲਈ ਮਜਬੂਰ ਕੀਤਾ ਗਿਆ। ਨਵੀਂ ਦਿੱਲੀ ਦੇ ਵਸਨੀਕ ਮਨਪ੍ਰੀਤ ਸਿੰਘ ਨੇ ਆਬੂ ਧਾਬੀ ਵਿੱਚ ਆਪਣੇ ਪਿਤਾ ਦਲਵਿੰਦਰ ਸਿੰਘ ਨੂੰ ਪੇਸ਼ ਆਏ ਤਸ਼ੱਦਦ ਅਤੇ ਪ੍ਰੇਸ਼ਾਨੀ ਬਾਰੇ ਭਾਰਤ ਸਰਕਾਰ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਮਨਪ੍ਰੀਤ ਨੇ ਆਪਣੇ ਪਿਤਾ ਨਾਲ ਵਾਪਰੇ ਦੁਖਦਾਈ ਵਰਤਾਰੇ ਦੀ ਜਾਣਕਾਰੀ ਦਿੱਤੀ ਹੈ। ਕੈਥਲ ਦੇ ਅੰਮ੍ਰਿਤਧਾਰੀ ਸਿੱਖ ਦਲਵਿੰਦਰ ਸਿੰਘ, 21 ਅਪਰੈਲ ਨੂੰ ਇੱਕ ਗਰੁੱਪ ਦੌਰੇ ਦੇ ਹਿੱਸੇ ਵਜੋਂ ਟੂਰਿਸਟ ਵੀਜ਼ੇ 'ਤੇ ਆਬੂ ਧਾਬੀ ਗਏ ਸਨ। ਜਦੋਂ ਸਮੂਹ ਬੋਚਾਸਨਵਾਸੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਮੰਦਰ ਗਿਆ, ਤਾਂ ਆਬੂ ਧਾਬੀ ਪੁਲੀਸ ਨੇ ਦਲਵਿੰਦਰ ਨੂੰ ਰੋਕਿਆ, ਉਸ ਤੋਂ ਉਸ ਦੀ ਪਹਿਨੀ ਕਿਰਪਾਨ ਬਾਰੇ ਪੁੱਛਗਿੱਛ ਕੀਤੀ।ਟੂਰ ਗਾਈਡਾਂ ਅਤੇ ਮੰਦਰ ਪ੍ਰਬੰਧਨ ਵੱਲੋਂ ਚਿੰਨ੍ਹਾਂ ਦੀ ਧਾਰਮਿਕ ਮਹੱਤਤਾ ਬਾਰੇ ਸਮਝਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਧਿਕਾਰੀਆਂ ਮੰਨਣ ਲਈ ਤਿਆਰ ਨਹੀਂ ਹੋਏ।

ਮਨਪ੍ਰੀਤ ਨੇ ਕਿਹਾ ਕਿ ਉਸਦੇ ਪਿਤਾ ਨੂੰ ਉਨ੍ਹਾਂ ਦੀ 20 ਦਿਨਾਂ ਦੀ ਹਿਰਾਸਤ ਦੌਰਾਨ ਅਪਮਾਨ ਅਤੇ ਮਾਨਸਿਕ ਤਸੀਹੇ ਝੱਲਣੇ ਪਏ। ਸੀਆਈਡੀ, ਬਨਿਆਸ ਜੇਲ੍ਹ ਅਧਿਕਾਰੀਆਂ ਅਤੇ ਰਾਬਾ ਜੇਲ੍ਹ ਅਧਿਕਾਰੀਆਂ ਨੇ ਪਹਿਲਾਂ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਹੋਣ ਤੋਂ ਹੀ ਇਨਕਾਰ ਕਰ ਦਿੱਤਾ ਅਤੇ ਬਾਅਦ ਵਿੱਚ ਦਲਵਿੰਦਰ 'ਤੇ ਪੁਲੀਸ ਨਾਲ ਬਹਿਸ ਕਰਨ ਦੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ।

ਦਲਵਿੰਦਰ ਕਿਉਂਕਿ ਯੂਏਈ ਦੀ ਸਥਾਨਕ ਜ਼ੁਬਾਨ ਜਾਂ ਅੰਗਰੇਜ਼ੀ ਨਹੀਂ ਜਾਣਦੇ ਸਨ, ਜਿਸ ਨਾਲ ਬਹਿਸ ਦੇ ਦੋਸ਼ ਬੇਬੁਨਿਆਦ ਸਾਬਤ ਹੋਏ ਅਤੇ ਇਸ ਦਾ ਅਦਾਲਤ ਦੇ ਹੁਕਮ ਵਿੱਚ ਵੀ ਜ਼ਿਕਰ ਨਹੀਂ ਕੀਤਾ ਗਿਆ।ਮਨਪ੍ਰੀਤ ਸਿੰਘ ਨੇ ਕਿਹਾ ਕਿ ਨਜ਼ਰਬੰਦੀ ਦੌਰਾਨ ਦਲਵਿੰਦਰ ਸਿੰਘ ਨੂੰ ਅਣਮਨੁੱਖੀ ਹਾਲਤਾਂ ਵਿੱਚ ਰੱਖਿਆ ਗਿਆ। ਉਨ੍ਹਾਂ ਦੀ ਪੱਗ, ਕੜਾ ਅਤੇ ਕੰਘਾ ਜ਼ਬਰਦਸਤੀ ਉਤਾਰ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਨੂੰ ਨੰਗੇ ਸਿਰ ਰਹਿਣਾ ਪਿਆ। ਇਸ ਨਾਲ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਲੱਗੀ।

ਨਜ਼ਰਬੰਦੀ ਦੇ ਆਖਰੀ ਦਿਨਾਂ ਵਿੱਚ ਉਨ੍ਹਾਂ ਨੂੰ ਵਾਠਵਾ ਸੈਂਟਰਲ ਜੇਲ੍ਹ (Vathva Central Jail) ਭੇਜਿਆ ਗਿਆ, ਜਿੱਥੇ ਉਨ੍ਹਾਂ ਨੂੰ ਸ਼ਾਕਾਹਾਰੀ ਹੋਣ ਦੇ ਬਾਵਜੂਦ ਖਾਣ ਲਈ ਮਾਸਾਹਾਰੀ ਭੋਜਨ ਪਰੋਸਿਆ ਗਿਆ। ਬਾਅਦ ਵਿਚ ਉਨ੍ਹਾਂ ਨੂੰ ਪੱਗ ਤੋਂ ਬਿਨਾਂ ਹੀ ਮੁਲਕ ਵਿਚੋਂ ਡਿਪੋਰਟ ਕਰ ਦਿੱਤਾ ਗਿਆ।

ਦਲਵਿੰਦਰ ਦੀ ਭਾਲ ਵਿੱਚ ਮਨਪ੍ਰੀਤ ਅਤੇ ਉਨ੍ਹਾਂ ਦੇ ਸਹੁਰੇ ਨੂੰ ਇੱਕ ਤੋਂ ਦੂਜੀ ਜੇਲ੍ਹ ਧੱਕੇ ਖਾਣੇ ਪਏ। ਭਾਰਤੀ ਸਫ਼ਾਰਤਖ਼ਾਨੇ ਦੇ ਦਖਲ ਤੋਂ ਬਾਅਦ ਹੀ ਬਨਿਆਸ ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਗੱਲ ਸਵੀਕਾਰੀ। ਉਨ੍ਹਾਂ ਦੀ ਰਿਹਾਈ ਦੇ ਅਦਾਲਤੀ ਹੁਕਮਾਂ ਦੇ ਬਾਵਜੂਦ ਪ੍ਰਕਿਰਿਆ ਵਿੱਚ 15 ਦਿਨਾਂ ਦੀ ਦੇਰੀ ਕੀਤੀ ਗਈ ਅਤੇ ਪਰਿਵਾਰਕ ਜੀਆਂ ਨੂੰ ਉਨ੍ਹਾਂ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ।

ਮਨਪ੍ਰੀਤ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਹ ਮਾਮਲਾ ਯੂਏਈ ਸਰਕਾਰ ਕੋਲ ਉਠਾਇਆ ਜਾਵੇ, ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ।

# ਅਧਿਆਪਕਾਂ ਵੱਲੋਂ ਸਮਰ ਕੈਂਪਾਂ ਦਾ ਵਿਰੋਧ



**ਯਮੁਨਾਨਗਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਕੂਲ ਅਧਿਆਪਕ ਸੰਘ (ਸਬੰਧਤ ਸਰਵ ਕਰਮਚਾਰੀ ਸੰਘ ਹਰਿਆਣਾ) ਅਤੇ ਸਕੂਲ ਅਧਿਆਪਕ ਸੰਘ ਆਫ਼ ਇੰਡੀਆ ਨੇ ਸਟੇਟ ਕਮੇਟੀ ਦੇ ਸੱਦੇ 'ਤੇ ਜ਼ਿਲ੍ਹਾ ਪ੍ਰਧਾਨ ਸੰਜੇ ਕੰਬੋਜ ਦੀ ਪ੍ਰਧਾਨਗੀ ਹੇਠ ਛੁੱਟੀਆਂ ਦੌਰਾਨ ਪ੍ਰਾਇਮਰੀ ਅਧਿਆਪਕਾਂ ਲਈ ਸਿਖਲਾਈ ਕੈਂਪਾਂ ਅਤੇ ਭਾਸ਼ਾ ਸਿੱਖਿਆ ਦੇ ਨਾਮ 'ਤੇ ਲਗਾਏ ਜਾ ਰਹੇ ਸਮਰ ਕੈਂਪਾਂ ਦਾ ਵਿਰੋਧ ਕੀਤਾ ਹੈ। ਸੰਘ ਨੇ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁਨੀਤਾ ਤਿਆਗੀ ਰਾਹੀਂ ਸਿੱਖਿਆ ਵਿਭਾਗ ਹਰਿਆਣਾ ਦੇ ਵਧੀਕ ਮੁੱਖ ਸਕੱਤਰ ਨੂੰ ਇਸ ਸਬੰਧੀ ਮੰਗ ਪੱਤਰ ਸੌਂਪਿਆ। ਹਰਿਆਣਾ ਸਕੂਲ ਅਧਿਆਪਕ ਸੰਘ ਦੇ ਜ਼ਿਲ੍ਹਾ ਪ੍ਰਧਾਨ ਸੰਜੇ ਕੰਬੋਜ ਨੇ ਕਿਹਾ ਕਿ ਸੰਗਠਨ ਅਜਿਹੇ ਫੈਸਲਿਆਂ ਦਾ ਵਿਰੋਧ ਕਰਦਾ ਹੈ। ਇਹ ਭਾਸ਼ਾ ਸਿੱਖਿਆ ਦਾ ਕੰਮ ਭਾਰਤੀ ਭਾਸ਼ਾ ਮਾਹਿਰਾਂ ਵੱਲੋਂ ਬੱਚੇ ਦੇ ਮੁੱਢਲੇ ਪਾਠਕ੍ਰਮ ਦੇ ਨਾਲ-ਨਾਲ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਪ੍ਰੋਗਰਾਮ ਅਧਿਆਪਕਾਂ ਦੀ ਸਲਾਹ, ਸਤਿਕਾਰ ਅਤੇ ਪੇਸ਼ੇਵਰ ਮਾਣ-ਸਨਮਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਵਾਏ ਜਾਣੇ ਚਾਹੀਦੇ ਹਨ। ਯੂਨੀਅਨ ਆਗੂ ਨੇ ਕਿਹਾ ਕਿ ਅਧਿਆਪਕਾਂ ਨੂੰ ਦੂਜੇ ਵਿਭਾਗਾਂ ਦੇ ਮੁਕਾਬਲੇ ਸਿਰਫ਼ ਅੱਧੀਆਂ ਹੀ ਛੁੱਟੀਆਂ ਮਿਲਦੀਆਂ ਹਨ, ਅਤੇ ਹੁਣ ਉਨ੍ਹਾਂ ਸੀਮਤ ਛੁੱਟੀਆਂ ਵਿੱਚ ਵੀ ਜ਼ਬਰਦਸਤੀ ਸਿਖਲਾਈ ਲਗਾ ਕੇ ਬਾਕੀ ਛੁੱਟੀਆਂ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਵੀ ਦੂਜੇ ਵਿਭਾਗਾਂ ਵਾਂਗ ਹਰ ਤਰ੍ਹਾਂ ਦੀਆਂ ਨਿਯਮਤ, ਕਮਾਈ ਵਾਲੀਆਂ ਛੁੱਟੀਆਂ, ਮੈਡੀਕਲ ਅਤੇ ਹੋਰ ਛੁੱਟੀਆਂ ਦੀ ਬਰਾਬਰ ਸਹੂਲਤ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਅਜਿਹੇ ਮਨਮਾਨੇ ਹੁਕਮਾਂ ਅਤੇ ਅਧਿਆਪਕਾਂ ਦੀਆਂ ਲੰਬਿਤ ਮੰਗਾਂ ਦੇ ਸਬੰਧ ਵਿੱਚ, ਹਰਿਆਣਾ ਸਕੂਲ ਅਧਿਆਪਕ ਸੰਘ ਰਾਜ ਦੇ ਸਾਰੇ ਅਧਿਆਪਕਾਂ ਨੂੰ 8 ਜੂਨ ਨੂੰ ਪੰਚਕੂਲਾ ਦੇ ਡਾਇਰੈਕਟੋਰੇਟ ਵਿੱਚ ਪ੍ਰਦਰਸ਼ਨ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਦਾ ਸੱਦਾ ਦਿੰਦਾ ਹੈ। ਇਸ ਮੌਕੇ ਸ਼ਸ਼ੀ ਭੂਸ਼ਣ ਮੌਜੂਦ ਸਨ।

# ਵਿਦਿਆਰਥਣ ਦੀ ਕੁੱਟਮਾਰ ਸਬੰਧੀ ਅਧਿਆਪਕ ਖ਼ਿਲਾਫ਼ ਕੇਸ

**ਰਤੀਆ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੁਲੀਸ ਨੇ ਅੱਜ ਪਿੰਡ ਲਾਲੀ ਵਿੱਚ ਪੰਜਵੀਂ ਜਮਾਤ ਦੀ ਵਿਦਿਆਰਥਣ ਭਾਵਨਾ ਨਾਲ ਕੁੱਟਮਾਰ ਦੇ ਮਾਮਲੇ ਵਿੱਚ ਵਿਦਿਆਰਥਣ ਦੀ ਮਾਂ ਕਮਲੇਸ਼ ਦੇ ਬਿਆਨ 'ਤੇ ਅਧਿਆਪਕ ਕ੍ਰਿਸ਼ਨਾ ਵਿਰੁੱਧ ਕੇਸ ਦਰਜ ਕੀਤਾ ਹੈ।

ਲੜਕੀ ਦਾ ਦੰਦ ਟੁੱਟਣ ਕਾਰਨ ਉਸ ਨੂੰ ਡੈਂਟਲ ਸਰਜਨ ਦੀ ਰਾਇ ਲਈ ਫਤਿਹਾਬਾਦ ਰੈਫਰ ਕਰ ਦਿੱਤਾ ਗਿਆ ਹੈ। ਕਮਲੇਸ਼ ਨੇ ਕਿਹਾ ਕਿ ਜਦੋਂ ਉਸਦੀ ਧੀ ਕੱਲ੍ਹ ਸਕੂਲ ਤੋਂ ਵਾਪਸ ਆ ਰਹੀ ਸੀ ਤਾਂ ਉਹ ਰੋ ਰਹੀ ਸੀ ਅਤੇ ਉ ਸਦੇ ਮੂੰਹ ਵਿੱਚੋਂ ਖੂਨ ਨਿਕਲ ਰਿਹਾ ਸੀ।

ਪੁੱਛਣ 'ਤੇ ਉਸ ਨੇ ਦੱਸਿਆ ਕਿ ਅਧਿਆਪਕ ਕ੍ਰਿਸ਼ਨਾ ਨੇ ਉਸ ਨੂੰ ਕੁੱਟਿਆ ਅਤੇ ਬੈਂਚ 'ਤੇ ਸੁੱਟ ਦਿੱਤਾ, ਜਿਸ ਕਾਰਨ ਉਸ ਦਾ ਦੰਦ ਟੁੱਟ ਗਿਆ। ਔਰਤ ਨੇ ਦੱਸਿਆ ਕਿ ਉਸ ਦੀ ਧੀ ਨੂੰ ਪਹਿਲਾਂ ਵੀ ਦੋ-ਤਿੰਨ ਵਾਰ ਕੁੱਟਿਆ ਗਿਆ ਸੀ। ਸਦਰ ਥਾਣਾ ਇੰਚਾਰਜ ਰਾਜਵੀਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਕੈਂਪ ਦੌਰਾਨ 251 ਵਿਅਕਤੀਆਂ ਵੱਲੋਂ ਖ਼ੂਨਦਾਨ




**ਰਤੀਆ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਰੂਟ ਮਹਾਰਾਜ ਦੇ ਜਨਮ ਦਿਨ ਮੌਕੇ ਸ਼ਹਿਰ ਦੇ ਇੰਪੀਰੀਅਲ ਗਾਰਡਨ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਾਬਕਾ ਸੰਸਦ ਮੈਂਬਰ ਅਤੇ ਭਾਜਪਾ ਦੀ ਰਾਸ਼ਟਰੀ ਕਾਰਜਕਾਰਨੀ ਮੈਂਬਰ ਸੁਨੀਤਾ ਦੁੱਗਲ, ਜਦੋਂਕਿ ਵਿਸ਼ੇਸ਼ ਮਹਿਮਾਨ ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਜੋੜਾ, ਨਗਰਪਾਲਿਕਾ ਚੇਅਰਪਰਸਨ ਪ੍ਰੀਤੀ ਖੰਨਾ, ਭਾਜਪਾ ਮੰਡਲ ਪ੍ਰਧਾਨ ਅੰਕਿਤ ਸਿੰਗਲਾ, ਡੀਐੱਸਪੀ ਨਰ ਸਿੰਘ ਸ਼ਾਮਲ ਹੋਏ। ਅਰੋੜਵੰਸ਼ ਮਹਾਸਭਾ ਫਤਿਹਾਬਾਦ ਦੇ ਪ੍ਰਧਾਨ ਆਜ਼ਾਦ ਸਚਦੇਵਾ ਸਣੇ ਮੈਂਬਰਾਂ, ਸਮਾਜ ਸੇਵਕ ਅਸ਼ੋਕ ਮਦਾਨ, ਸ਼ਹਿਰੀ ਐੱਸਐੱਚਓ ਰਣਜੀਤ ਸਿੰਘ ਅਤੇ ਸ਼ਹਿਰ ਦੀਆਂ ਵੱਖ-ਵੱਖ ਸਮਾਜਿਕ ਸੰਸਥਾਵਾਂ ਨੇ ਹਿੱਸਾ ਲਿਆ ਅਤੇ ਪ੍ਰੋਗਰਾਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਅਸ਼ੋਕ ਗਰੋਵਰ ਨੇ ਕੀਤੀ। ਖ਼ੂਨਦਾਨ ਕੈਂਪ ਤੋਂ ਪਹਿਲਾਂ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸੇਵਾ ਸੁਸਾਇਟੀ ਦੇ ਮੈਂਬਰਾਂ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਇਸ ਮੌਕੇ ਰਣਜੀਤ ਸਿੰਘ ਬਿੱਟੂ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਟੇਜ ਸੰਚਾਲਨ ਐਡਵੋਕੇਟ ਸਤਪਾਲ ਸੇਠੀ ਨੇ ਕੀਤਾ। ਇਸ ਮੌਕੇ ਪ੍ਰਿੰਸੀਪਲ ਸੈਕਟਰੀ ਦਵਿੰਦਰ ਗਰੋਵਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਧਾਨ ਡਾ. ਪਿਊਸ਼ ਅਰੋੜਾ ਦੀ ਅਗਵਾਈ ਵਿੱਚ ਨੌਜਵਾਨ ਅਰੋੜਵੰਸ਼ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਨੇ ਉਤਸ਼ਾਹ ਨਾਲ ਆਪਣੀਆਂ ਸੇਵਾਵਾਂ ਦਿੱਤੀਆਂ। ਕੈਂਪ ਦੌਰਾਨ ਬਲੱਡ ਬੈਂਕ ਅਗਰੋਹਾ ਤੋਂ ਡਾ. ਸਰਵੇਸ਼ ਬਜਾਜ ਦੀ ਅਗਵਾਈ ਹੇਠ ਟੀਮ ਅਤੇ ਗੁਪਤਾ ਬਲੱਡ ਬੈਂਕ ਬਠਿੰਡਾ ਤੋਂ ਇੱਕ ਹੋਰ ਟੀਮ ਪਹੁੰਚੀ ਜਿਨ੍ਹਾਂ ਨੇ 251 ਯੂਨਿਟ ਖ਼ੂਨ ਇਕੱਠਾ ਕੀਤਾ। ਇਸ ਮੌਕੇ ਸਰਵੇਸ਼ ਹਸਪਤਾਲ ਤੋਂ ਡਾ. ਪ੍ਰਜਕਤਾ ਪਰਚਕੇ ਟੀਮ ਮੈਂਬਰਾਂ ਨਾਲ ਪਹੁੰਚੇ ਜਿਨ੍ਹਾਂ ਨੇ ਲੋਕਾਂ ਦੀ ਸਿਹਤ ਦੀ ਜਾਂਚ ਕੀਤੀ। ਇਸ ਮੌਕੇ ਫਤਿਹਾਬਾਦ ਅਰੋੜਾ ਵੰਸ਼ ਸਭਾ ਦੇ ਸਾਬਕਾ ਪ੍ਰਧਾਨ ਤੇ ਪ੍ਰਾਜੈਕਟ ਚੇਅਰਮੈਨ ਮੋਹਰੀ ਰਾਮ ਗਰੋਵਰ, ਨਰੇਸ਼ ਸਚਦੇਵਾ, ਕੇਕੇ ਅਰੋੜਾ, ਗੁਰਮੀਤ ਮੋਂਗਾ, ਸੁਖਵੰਤ ਮੋਂਗਾ, ਗੁਰਬਖਸ਼ ਮੋਂਗਾ, ਨਗਰਪਾਲਿਕਾ ਚੇਅਰਪਰਸਨ ਪ੍ਰੀਤੀ ਖੰਨਾ, ਭਾਜਪਾ ਮੰਡਲ ਪ੍ਰਧਾਨ ਅੰਕਿਤ ਸਿੰਗਲਾ, ਡੀਐੱਸਪੀ ਨਰ ਸਿੰਘ ਸ਼ਾਮਲ ਹੋਏ। ਅਰੋੜਵੰਸ਼ ਮਹਾਸਭਾ ਫਤਿਹਾਬਾਦ ਦੇ ਪ੍ਰਧਾਨ ਆਜ਼ਾਦ ਸਚਦੇਵਾ ਸਣੇ ਮੈਂਬਰਾਂ, ਸਮਾਜ ਸੇਵਕ ਅਸ਼ੋਕ ਮਦਾਨ, ਸ਼ਹਿਰੀ ਐੱਸਐੱਚਓ ਰਣਜੀਤ ਸਿੰਘ ਅਤੇ ਸ਼ਹਿਰ ਦੀਆਂ ਵੱਖ-ਵੱਖ ਸਮਾਜਿਕ ਸੰਸਥਾਵਾਂ ਨੇ ਬ੍ਰਿਜਲਾਲ ਗਰੋਵਰ, ਮਦਨ ਡੋਡਾ, ਮਹਾਵੀਰ ਗਰੋਵਰ ਮੌਜੂਦ ਸਨ।

# ਲਿਵ-ਇਨ 'ਚ ਰਹਿ ਰਹੇ ਜੋੜੇ ਦਾ ਕਤਲ



**ਫਤਿਆਬਾਦ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਟੋਹਾਨਾ 'ਚ ਇੱਕ ਵੱਡੀ ਘਟਨਾ ਸਾਹਮਣੇ ਆਈ ਹੈ, ਜਿੱਥੇ ਬੀਤੀ ਰਾਤ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿ ਰਹੇ ਇੱਕ ਪ੍ਰੇਮੀ ਜੋੜੇ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲੀਸ ਨੇ ਸ਼ੱਕ ਦੇ ਆਧਾਰ 'ਤੇ ਮਹਿਲਾ ਦੇ ਪਤੀ ਦੀਪਕ ਨੂੰ ਹਿਰਾਸਤ ਵਿੱਚ ਲਿਆ ਹੈ।ਜ਼ਿਕਰਯੋਗ ਹੈ ਕਿ ਮ੍ਰਿਤਕਾ ਪੂਜਾ ਦਾ ਵਿਆਹ ਲਗਭਗ 14 ਸਾਲ ਪਹਿਲਾਂ ਟੋਹਾਣਾ ਨਿਵਾਸੀ ਦੀਪਕ▲ ਨਾਲ ਹੋਇਆ ਸੀ ਅਤੇ ਇਸ ਜੋੜੇ ਦੇ ਦੋ ਬੱਚੇ ਵੀ ਹਨ। ਹਾਲਾਂਕਿ, ਕੁਝ ਮਹੀਨਿਆਂ ਤੋਂ ਪੂਜਾ ਨੇ ਆਪਣੇ ਪਤੀ ਨੂੰ ਛੱਡ ਕੇ 24 ਸਾਲਾ ਪ੍ਰੇਮੀ ਰਿਤਿਕ ਨਾਲ ਲਿਵ-ਇਨ 'ਚ ਰਹਿਣਾ ਸ਼ੁਰੂ ਕਰ ਦਿੱਤਾ ਸੀ ਜਾਣਕਾਰੀ ਅਨੁਸਾਰ, ਬੀਤੀ ਰਾਤ ਜਦੋਂ ਪੂਜਾ ਅਤੇ ਰਿਤਿਕ ਗਲੀ ਵਿੱਚ ਸੈਰ ਕਰ ਰਹੇ ਸਨ ਤਾਂ ਅਚਾਨਕ ਇੱਕ ਹਮਲਾਵਰ ਨੇ ਉਨ੍ਹਾਂ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ ਅਤੇ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਫਤਿਆਬਾਦ ਦੇ ਐੱਸਪੀ ਸਿਧਾਂਤ ਜੈਨ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਪੂਜਾ ਦੇ ਪਤੀ ਦੀਪਕ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਦੀਪਕ ਆਪਣੀ ਪਤਨੀ ਤੋਂ ਰਿਤਿਕ ਨਾਲ ਰਹਿਣ ਕਾਰਨ ਨਾਰਾਜ਼ ਸੀ ਅਤੇ ਇਸੇ ਕਾਰਨ ਇਸ ਭਿਆਨਕ ਕਾਰਵਾਈ ਨੂੰ ਅੰਜਾਮ ਦਿੱਤਾ ਜਾਪਦਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# ਭਾਰਤ ਵਿਕਾਸ ਪਰਿਸ਼ਦ ਨੇ ਔਰਤ ਨੂੰ ਬਨਾਉਟੀ ਅੰਗ ਲਗਾਏ

**ਰਤੀਆ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਕਾਸ ਪਰਿਸ਼ਦ ਰਤੀਆ ਸ਼ਾਖਾ ਵੱਲੋਂ ਚਲਾਏ ਜਾ ਰਹੇ ਫਿਜ਼ੀਓਥੈਰੇਪੀ ਅਤੇ ਅਪਾਹਜ ਸਹਾਇਤਾ ਕੇਂਦਰ ਦੇ ਮੁਖੀ ਸੋਹਨ ਲਾਲ ਤਨੇਜਾ ਦੇ ਯਤਨਾਂ ਨਾਲ, ਇੱਕ ਔਰਤ ਮਾਇਆ ਦੇਵੀ (48) ਜੋ ਬਾਦਲਗੜ੍ਹ ਦੇ ਵਾਸੀ ਕਸ਼ਮੀਰ ਸਿੰਘ ਦੀ ਪਤਨੀ ਹੈ, ਨੂੰ ਇੱਕ ਬਨਾਉਟੀ ਅੰਗ ਲਗਾਇਆ ਗਿਆ। ਰਤੀਆ ਸ਼ਾਖਾ ਦੇ ਐਕਟੀਵਿਟੀ ਕੋਆਰਡੀਨੇਟਰ, ਸੇਵਾ ਜਨਕ ਰਾਜ ਗੋਇਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ, ਸੋਹਨ ਲਾਲ ਤਨੇਜਾ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਦੇ ਯਤਨਾਂ ਨਾਲ, ਪਿਛਲੇ ਦੋ ਸਾਲਾਂ ਵਿੱਚ ਰਤੀਆ ਸ਼ਾਖਾ ਵੱਲੋਂ ਲਗਪਗ 20-21 ਅਪਾਹਜ ਵਿਅਕਤੀਆਂ ਨੂੰ ਮੁਫ਼ਤ ਬਨਾਉਟੀ ਅੰਗ ਲਗਾਏ ਗਏ ਹਨ। ਉਨ੍ਹਾਂ ਵਿਸ਼ੇਸ਼ ਅਪੀਲ ਕੀਤੀ ਕਿ ਜੇ ਕਿਸੇ ਨੂੰ ਅਜਿਹੇ ਅੰਗਾਂ ਦੀ ਲੋੜ ਹੈ, ਤਾਂ ਉਹ ਕੌਂਸਲ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਸਕਦਾ ਹੈ। ਇਸ ਦੌਰਾਨ ਮਾਇਆ ਦੇਵੀ ਨੇ ਕੌਂਸਲ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

# ਬਾਬੈਨ ਮੰਡੀ 'ਚ ਸੂਰਜਮੁਖੀ ਦੀ ਸਰਕਾਰੀ ਖਰੀਦ ਸ਼ੁਰੂ



**ਸ਼ਾਹਬਾਦ ਮਾਰਕੰਡਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬੈਨ ਅਨਾਜ ਮੰਡੀ ਵਿਚ ਸੂਰਜਮੁਖੀ ਦੀ ਫਸਲ ਦੀ ਸਰਕਾਰੀ ਖਰੀਦ ਸ਼ੁਰੂ ਹੋ ਗਈ ਹੈ। ਇਸ ਕਾਰਨ ਸੂਰਜਮੁਖੀ ਉਤਪਾਦਕਾਂ ਨੇ ਸੁੱਖ ਦਾ ਸਾਹ ਲਿਆ ਹੈ। ਸੂਰਜਮੁਖੀ ਦੀ ਫਸਲ ਦੀ ਸਰਕਾਰੀ ਖਰੀਦ ਦਾ ਉਦਘਾਟਨ ਕਰਦੇ ਹੋਏ ਮਾਰਕੀਟ ਕਮੇਟੀ ਬਾਬੈਨ ਦੇ ਸਕੱਤਰ ਗੁਰਮੀਤ ਸਿੰਘ ਸੈਣੀ ਨੇ ਕਿਹਾ ਹੈ ਕਿ ਕਿਸਾਨਾਂ ਦੀ ਸੂਰਜਮੁਖੀ ਦੀ ਫਸਲ ਦਾ ਇਕ ਇਕ ਦਾਣਾ ਸਰਕਾਰੀ ਭਾਅ 'ਤੇ ਖਰੀਦਿਆ ਜਾਵੇਗਾ। ਉਨ੍ਹਾਂ ਹੈਫੇਡ ਦੇ ਮੈਨੇਜਰ ਕੁਲਦੀਪ ਜਾਂਗੜਾ ਤੇ ਨਾਫੇਡ ਦੇ ਸਹਾਇਕ ਮੈਨੇਜਰ ਚੰਦਰ ਮੋਹਨ ਨਾਲ ਗੱਲਬਾਤ ਕੀਤੀ ਜੋ ਸੂਰਜਮੁਖੀ ਦੀ ਸਰਕਾਰੀ ਖਰੀਦ ਕਰ ਕਰ ਰਹੇ ਹਨ। ਉਨ੍ਹਾਂ ਖਰੀਦ ਪ੍ਰਬੰਧਾਂ ਦੀ ਜਾਣਕਾਰੀ ਲਈ। ਇਸ ਮੌਕੇ ਸ੍ਰੀ ਸੈਣੀ ਨੇ ਕਿਹਾ ਕਿ ਕਿਸਾਨਾਂ ਨੂੰ ਆਪਣੀ ਸੂਰਜਮੁਖੀ ਦੀ ਫਸਲ ਵੇਚਣ ਲਈ ਕਿਸੇ ਪ੍ਰਕਾਰ ਦੀ ਦਿੱਕਤ ਨਹੀਂ ਆਏਗੀ। ਉਨ੍ਹਾਂ ਕਿਹਾ ਕਿ ਇਸ ਵਾਰ ਪਿਆਜ਼ ਦੀ ਫਸਲ ਦੀ ਆਮਦ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ ਤੇ ਇਸ ਸਾਲ ਸੂਰਜਮੁਖੀ ਦੀ ਫਸਲ ਦੀ ਆਮਦ ਵਿਚ ਹੋਰ ਵਧਣ ਦੀ ਸੰਭਾਵਨਾ ਹੈ।

ਇਸ ਲਈ ਲੋੜੀਦੇਂ ਪ੍ਰਬੰਧ ਕੀਤੇ ਗਏ ਹਨ। ਹੈਫੇਡ ਦੇ ਮੈਨੇਜਰ ਕੁਲਦੀਪ ਜਾਂਗੜਾ ਨੇ ਦੱਸਿਆ ਕਿ ਮੰਡੀ ਵਿਚ ਕਿਸਾਨਾਂ ਦੀ ਸੂਰਜਮੁਖੀ ਦੀ ਫਸਲ 7280 ਰੁਪਏ ਪ੍ਰਤੀ ਕੁਇੰਟਲ ਸਰਕਾਰੀ ਭਾਅ 'ਤੇ ਵਿਕ ਰਹੀ ਹੈ ਤੇ ਹੁਣ ਨਾਫੇਡ ਨੇ ਸਰਕਾਰੀ ਰੇਟ ਤੇ ਖਰੀਦ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫਸਲ ਨੂੰ ਮੰਡੀ ਲਿਆਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਸਾਫ ਤੇ ਸੁਕਾ ਕੇ ਲਿਆਉਣ। ਇਸ ਮੌਕੇ ਨਾਇਬ ਸਿੰਘ ਪਟਾਕ ਮਾਜਰਾ, ਕੌਸ਼ਲ ਸੈਣੀ, ਕ੍ਰਿਸ਼ਨਾ ਗੋਇਲ, ਹਰਕੇਸ਼ ਸੈਣੀ, ਸੁਖਸ਼ਿਆਮ ਧਨਾਨੀਆਂ, ਸਤਬੀਰ ਯਾਰਾ ਮੌਜੂਦ ਸਨ।

# ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ

**ਸ਼ਾਹਬਾਦ ਮਾਰਕੰਡਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਲਕਸ਼ਮੀ ਨਰਾਇਣ ਮੰਦਰ ਵਿਚ ਨਰ ਨਰਾਇਣ ਸੇਵਾ ਸਮਿਤੀ ਵਲੋਂ ਅੱਜ 60 ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰੀ ਰਾਸ਼ਨ ਵੰਡਿਆ ਗਿਆ। ਸਮਿਤੀ ਦੇ ਸੰਸਥਾਪਕ ਪ੍ਰਧਾਨ ਮੁਨੀਸ਼ ਭਾਟੀਆ ਨੇ ਜਾਣਕਾਰੀ ਦਿੱਤੀ ਕਿ ਸਮਿਤੀ ਪਿਛਲੇ 15 ਸਾਲਾਂ ਤੋਂ ਲਗਾਤਾਰ ਨਿਰਸੁਆਰਥ ਲੋੜਵੰਦਾਂ ਤੇ ਬੇਸਹਾਰਾ ਲੋਕਾਂ ਦੀ ਮਦਦ ਕਰ ਰਹੀ ਹੈ। ਇਸ ਤੋਂ ਇਲਾਵਾ ਸਮਿਤੀ ਕਿਸੇ ਵੀ ਜ਼ਰੂਰਤਮੰਦ ਦੇ ਇਲਾਜ, ਪੜ੍ਹਾਈ ਲਈ, ਵਿਆਹ ਵਿੱਚ, ਕੱਪੜੇ ਵੰਡਣ, ਭੋਜਨ ਵੰਡਣ ਤੇ ਅਪਾਹਜਾਂ ਦੀ ਨਿਰੰਤਰ ਸੇਵਾ ਕਰ ਰਹੀ ਹੈ। ਉਨ੍ਹਾਂ ਸਮਿਤੀ ਨਾਲ ਜੁੜੇ ਮੈਂਬਰਾਂ ਤੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਹ ਸਾਰੇ ਕਾਰਜ ਉਨ੍ਹਾਂ ਦੀ ਮਦਦ ਨਾਲ ਹੀ ਸੰਭਵ ਹੋ ਰਹੇ ਹਨ। ਇਸ ਮੌਕੇ ਸਮਿਤੀ ਦੇ ਮੁਨੀਸ਼ ਭਾਟੀਆ, ਵਿਨੋਦ ਅਰੋੜਾ, ਵਿਨੋਦ ਸ਼ਰਮਾ, ਸਤਪਾਲ ਭਾਟੀਆ, ਕਰਨੈਲ ਸਿੰਘ, ਪੰਕਜ ਮਿੱਤਲ ਤੇ ਮੰਦਰ ਸੰਚਾਲਕ ਅਚਾਰੀਆ ਕ੍ਰਿਸ਼ਨਾ ਨੰਦ ਭੱਟ ਮੌਜੂਦ ਸਨ।

# ਧਾਰਮਿਕ ਪ੍ਰੀਖਿਆ 'ਚ ਮੋਹਰੀ ਵਿਦਿਆਰਥੀ ਸਨਮਾਨੇ




**ਕੁਰੂਕਸ਼ੇਤਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਪ੍ਰੀਖਿਆ ਗੁਰੂ ਨਾਨਕ ਪ੍ਰੀਤਮ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਸਾਹਾਬਾਦ ਮਾਰਕੰਡਾ ਵਿੱਚ ਪਿਛਲੇ ਦਿਨੀਂ ਕਰਵਾਈ ਗਈ ਸੀ। ਇਸ ਦੇ ਨਤੀਜੇ ਅੱਜ ਐਲਾਨੇ ਗਏ। ਦਰਜਾ ਪਹਿਲਾ ਵਿੱਚ ਤਮੰਨਾ, ਖੁਸ਼ੀ, ਸੋਨਾਕਸ਼ੀ ਅਤੇ ਦਰਜਾ ਦੂਜਾ ਵਿੱਚ ਅਮਨਜੋਤ ਕੌਰ, ਅਨੂ ਕੁਮਾਰੀ, ਤਰਨਜੀਤ ਕੌਰ ਨੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਮਿਸ਼ਨ ਹਰਿਆਣਾ ਕੁਰੂਕਸ਼ੇਤਰ ਦੇ ਇੰਚਾਰਜ ਸੁਖਵਿੰਦਰ ਸਿੰਘ ਇੰਚਾਰਜ ਨੇ ਸਨਮਾਨਿਤ ਕੀਤਾ। ਇੰਚਾਰਜ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਦੀ ਯੋਗ ਅਗਵਾਈ ਹੇਠ ਸਿੱਖ ਮਿਸ਼ਨ ਹਰਿਆਣਾ ਕੁਰੂਕਸ਼ੇਤਰ ਦੇ ਉਪਰਾਲੇ ਸਦਕਾ ਪਿਛਲੇ ਦਿਨੀਂ ਧਾਰਮਿਕ ਪ੍ਰੀਖਿਆ ਕਰਵਾਈ ਗਈ ਸੀ।

ਉਨ੍ਹਾਂ ਬੱਚਿਆਂ ਨੂੰ ਗੁਰਬਾਣੀ ਨਾਲ ਜੁੜਨ ਅਤੇ ਸਿੱਖ ਰਹਿਤ ਮਰਿਆਦਾ ਮੁਤਾਬਕ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਹਿਯੋਗ ਦੇਣ ਲਈ ਸਕੂਲ ਦੀ ਪ੍ਰਿੰਸੀਪਲ ਦੀਪੰਸ਼ ਕੌਰ ਅਤੇ ਸਕੂਲ ਦੇ ਟਰੱਸਟੀ ਮੈਂਬਰ ਤਰਵਿੰਦਰ ਕੌਰ ਦਾ ਵੀ ਸਨਮਾਨ ਕੀਤਾ ਗਿਆ। ਬੱਚਿਆਂ ਨੂੰ ਗੁਰੂ ਅਰਜੁਨ ਦੇਵ ਦੇ ਸ਼ਹੀਦੀ ਦਿਹਾੜੇ ਸਬੰਧੀਮਰਿਆਦਾ ਮੁਤਾਬਕ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਹਿਯੋਗ ਦੇਣ ਲਈ ਸਕੂਲ ਦੀ ਪ੍ਰਿੰਸੀਪਲ ਦੀਪੰਸ਼ ਕੌਰ ਅਤੇ ਸਕੂਲ ਗੁਰੂ ਪਾਤਸ਼ਾਹ ਜੀ ਵਲੋਂ ਪਾਏ ਪੂਰਨਿਆਂ, ਹੱਕ-ਸੱਚ ਅਤੇ ਮਨੁੱਖਤਾ ਦੇ ਭਲੇ ਦੇ ਕਾਰਜ ਕਰਨ ਦੀ ਪ੍ਰੇਰਨਾ ਕੀਤੀ ਗਈ। ਇਸ ਮੌਕੇ ਸਕੂਲ ਸਟਾਫ ਤੋਂ ਇਲਾਵਾ ਜਸਬੀਰ ਸਿੰਘ ਰਿਕਾਰਡ ਕੀਪਰ, ਭਾਈ ਨਵਜੋਤ ਸਿੰਘ, ਭਾਈ ਮਨਿੰਦਰ ਜੀਤ ਸਿੰਘ ਪ੍ਰਚਾਰਕ, ਭਾਈ ਸ਼ੇਰ ਸਿੰਘ ਅਤੇ ਭਾਈ ਮਲਕੀਤ ਸਿੰਘ ਹਾਜ਼ਰ ਸਨ।

# ਟਰੈਫਿਕ ਨਿਯਮਾਂ ਤੇ ਸੜਕ ਸੁਰੱਖਿਆ ਬਾਰੇ ਜਾਗਰੂਕਤਾ ਸੈਮੀਨਾਰ

**ਨਰਾਇਣਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਜਵਾਨਾਂ ਨੂੰ ਟਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਅਤੇ ਸੜਕ ਹਾਦਸਿਆਂ ਵਿੱਚ ਵਾਧੇ ਨੂੰ ਰੋਕਣ ਦੇ ਉਦੇਸ਼ ਨਾਲ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਨ, ਭਾਰਾਪੁਰ ਵਿੱਚ ਸੜਕ ਸੁਰੱਖਿਆਸਰਕਾਰੀ ਉਦਯੋਗਿਕ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।

ਇਹ ਪ੍ਰੋਗਰਾਮ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐੱਨਐੱਚਏਆਈ) ਦੇ ਸਹਿਯੋਗ ਨਾਲ ਕਰਵਾਇਆ ਗਿਆ।

ਇਸ ਮੌਕੇ ਕੇਪੀ ਸ਼ਰਮਾ ਮੁੱਖ ਮਹਿਮਾਨ ਵਜੋਂ, ਜਦੋਂਕਿ ਰਾਜੀਵ ਗੋਇਲ, ਪਾਰਸ ਸ਼ਰਮਾ, ਸਤੀਸ਼ ਚੰਦਰ, ਦੀਪਕ ਦਿਵੇਦੀ ਅਤੇ ਰਾਜ ਕੁਮਾਰ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰ ਸਨ।

ਸੈਮੀਨਾਰ ਦੌਰਾਨ ਮੌਜੂਦ ਮਾਹਿਰਾਂ ਨੇ ਸੜਕ ਸੁਰੱਖਿਆ, ਲੇਨ ਡਰਾਈਵਿੰਗ, ਟ੍ਰੈਫਿਕ ਸਿਗਨਲ, ਓਵਰਸਪੀਡਿੰਗ ਤੋਂ ਪੈਦਾ ਹੋਣ ਵਾਲੇ ਜ਼ੋਖਮ ਅਤੇ ਸੁਰੱਖਿਅਤ ਡਰਾਈਵਿੰਗ ਵਿਵਹਾਰ ਵਰਗੇ ਵਿਸ਼ਿਆਂ 'ਤੇ ਜਾਣਕਾਰੀ ਦਿੱਤੀ।

ਪ੍ਰਿੰਸੀਪਲ ਵਿਨੋਦ ਸਿੰਘ ਸ਼ੇਖਾਵਤ ਨੇ ਮਹਿਮਾਨਾਂ ਦਾ ਦਾ ਸਵਾਗਤ ਕੀਤਾ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਵਲੋਂ ਦਿਮਾਗੀ ਤੌਰ ਉੱਤੇ ਬਿਮਾਰ ਬੇਸਹਾਰਾ ਔਰਤ ਨੂੰ ਸੁਰੱਖਿਅਤ ਕਰਕੇ ਰਾਹਤ ਸੇਵਾਵਾਂ ਦਿੱਤੀਆਂ

**ਰੂਪਨਗਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਸ਼੍ਰੀਮਤੀ ਅਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਦਿਮਾਗੀ ਤੌਰ ਉੱਤੇ ਬਿਮਾਰ ਅਤੇ ਰਾਹ ਵਿਚ ਭਟਕ ਰਹੀ ਔਰਤ ਨੂੰ ਸੁਰੱਖਿਅਤ ਕਰਕੇ ਰਾਹਤ ਸੇਵਾਵਾਂ ਦਿੱਤੀਆਂ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਦੇ ਦਫ਼ਤਰ ਨੂੰ ਸੂਚਨਾ ਮਿਲੀ ਸੀ ਕਿ ਮੋਰਿੰਡਾ ਵਿਖੇ ਇਕ ਲਾਵਾਰਿਸ ਔਰਤ ਜਿਸ ਦੀ ਹਾਲਤ ਕਾਫੀ ਨਾਜ਼ੁਕ ਹੈ ਉਹ ਦਿਮਾਗੀ ਤੌਰ ਉਤੇ ਬਿਮਾਰ ਹੈ। ਇਸ ਉਪਰੰਤ ਸੀ.ਜੀ.ਐਮ. ਸ਼੍ਰੀਮਤੀ ਅਮਨਦੀਪ ਕੌਰ ਜੀ ਨੇ ਤੁਰੰਤ ਕਾਰਵਾਈ ਕਰਦਿਆਂ ਆਪਣੇ ਪੈਰਾ ਲੀਗਲ ਵਲੰਟੀਅਰਜ਼ ਦੀ ਡਿਊਟੀ ਲਗਾਈ ਅਤੇ ਥਾਣਾ ਸਿਟੀ ਮੋਰਿੰਡਾ ਨੂੰ ਵੀ ਨਿਰਦੇਸ਼ ਦਿੱਤੇ ਕਿ ਉਹ ਬਿਮਾਰ ਔਰਤ ਨੂੰ ਤੁਰੰਤ ਰੇਸਕਿਉ ਕਰਕੇ ਬਿਨਾ ਕਿਸੇ ਦੇਰੀ ਤੋਂ ਲੋੜੀਂਦੀ ਮੈਡੀਕਲ ਅਤੇ ਕਾਨੂੰਨੀ ਸਹਾਇਤਾ ਦਿੱਤੀ ਜਾਵੇ।

ਇਸ ਉਪਰੰਤ ਪੈਰਾ ਲੀਗਲ ਦੀ ਟੀਮ ਵਲੋਂ ਸਬੰਧਿਤ ਪੁਲਿਸ ਮੁਲਜ਼ਾਮਾਂ ਨੂੰ ਨਾਲ ਲੈ ਕੇ ਮੋਰਿੰਡਾ ਬਾਈਪਾਸ ਨਜ਼ਦੀਕ ਔਰਤ ਨੂੰ ਰੇਸਕਿਉ ਕਰਕੇ ਪ੍ਰਭ ਆਸਰਾ ਪਡਿਆਲਾ ਵਿਖੇ ਦਾਖਲ ਕਰਵਾਇਆ ਗਿਆ ਅਤੇ ਮੈਡਮ ਮੋਨਿਕਾ ਸੀ.ਈ.ਓ ਤੇ ਦੀਪਕ ਸਿੰਗਲਾ ਚੇਅਰਮੈਨ ਏ.ਸੀ.ਸੀ.ਪੀ ਐਨ.ਜੀ.ਓ ਸੰਸਥਾ ਵਲੋਂ ਮੈਡੀਕਲ ਕਰਵਾਇਆ ਗਿਆ।

ਇਸ ਮੌਕੇ ਸੀ.ਜੇ.ਐਮ ਸ਼੍ਰੀਮਤੀ ਅਮਨਦੀਪ ਕੌਰ ਨੇ ਕਿਹਾ ਕਿ ਸਮਾਜ ਦੇ ਹਰੇਕ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਮਨੁੱਖਤਾ ਅਤੇ ਭਲਾਈ ਲਈ ਅੱਗੇ ਆਉਣ ਚਾਹੀਦਾ ਹੈ। ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਵਲੋਂ ਮੁਫਤ ਕਾਨੂੰਨੀ ਸਹਾਇਤਾ ਅਤੇ ਸਮਾਜਿਕ ਸੁਰੱਖਿਆ ਸੇਵਾਵਾਂ ਉਪਲੱਬਧ ਹਨ। ਲੋਕਾਂ ਨੂੰ ਇਸ ਤੱਕ ਪਹੁੰਚ ਬਣਾਉਣੀ ਚਾਹੀਦੀ ਹੈ ਅਤੇ ਸਮਾਜਿਕ ਸੇਵਾਵਾਂ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

# 2024 ਦੀਆਂ ਮਹਾਰਾਸ਼ਟਰ ਅਸੈਂਬਲੀ ਚੋਣਾਂ ਜਮਹੂਰੀਅਤ ਨਾਲ ਧੋਖਾਧੜੀ ਦਾ ਬਲੂਪ੍ਰਿੰਟ: ਰਾਹੁਲ ਗਾਂਧੀ

## ਹੇਰਾਫੇਰੀ ਨੂੰ 'ਮੈਚ ਫਿਕਸਿੰਗ' ਕਰਾਰ ਦਿੱਤਾ; ਮੈਚ ਫਿਕਸਿੰਗ ਵਾਲੀਆਂ ਚੋਣਾਂ ਨੂੰ ਜਮਹੂਰੀਅਤ ਲਈ ਜ਼ਹਿਰ ਦੱਸਿਆ; ਭਾਜਪਾ ਨੇ ਦੋਸ਼ਾਂ ਨੂੰ 'ਸ਼ਰਮਨਾਕ' ਦੱਸਿਆ

**ਨਵੀਂ ਦਿੱਲੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸ਼ਨਿੱਚਰਵਾਰ ਨੂੰ ਦਾਅਵਾ ਕੀਤਾ ਕਿ ਪਿਛਲੇ ਸਾਲ ਨਵੰਬਰ ਵਿਚ ਹੋਈਆਂ ਮਹਾਰਾਸ਼ਟਰ ਅਸੈਂਬਲੀ ਚੋਣਾਂ 'ਚ 'ਧੋਖਾਧੜੀ' ਹੋਈ ਸੀ ਤੇ ਇਸ ਸਾਲ ਦੇ ਅਖੀਰ ਵਿਚ ਆਗਾਮੀ ਬਿਹਾਰ ਅਸੈਂਬਲੀ ਚੋਣਾਂ ਵਿਚ ਉਹੀ ਕੁਝ ਦੁਹਰਾਇਆ ਜਾਵੇਗਾ। ਗਾਂਧੀ ਨੇ ਐਕਸ 'ਤੇ ਇਕ ਪੋਸਟ ਵਿਚ ਅਖ਼ਬਾਰ 'ਚ ਪ੍ਰਕਾਸ਼ਿਤ ਆਪਣਾ ਮਜ਼ਮੂਨ ਸਾਂਝਾ ਕੀਤਾ ਹੈ, ਜਿਸ ਵਿਚ ਮਹਾਰਾਸ਼ਟਰ ਅਸੈਂਬਲੀ ਚੋਣਾਂ ਵਿਚ ਹੋਈ 'ਹੇਰਾਫਾਰੀ' ਬਾਰੇ ਵਿਸਥਾਰ 'ਚ ਦੱਸਿਆ ਹੈ। ਗਾਂਧੀ ਨੇ ਐਕਸ 'ਤੇ ਕਿਹਾ, "2024 ਦੀਆਂ ਮਹਾਰਾਸ਼ਟਰ ਅਸੈਂਬਲੀ ਚੋਣਾਂ ਜਮਹੂਰੀਅਤ ਨਾਲ ਧੋਖਾਧੜੀ ਦਾ ਬਲੂਪ੍ਰਿੰਟ ਸਨ। ਮੇਰਾ ਮਜ਼ਮੂਨ ਦਰਸਾਉਂਦਾ ਹੈ ਕਿ ਕਦਮ ਦਰ ਕਦਮ ਇਹ ਕਿਵੇਂ ਹੋਇਆ।"

ਸਾਬਕਾ ਕਾਂਗਰਸ ਪ੍ਰਧਾਨ ਨੇ ਪੰਜ-ਨੁਕਾਤੀ ਪ੍ਰਕਿਰਿਆ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਪਹਿਲੇ ਕਦਮ ਵਜੋਂ ਚੋਣ ਕਮਿਸ਼ਨ ਦੀ ਨਿਯੁਕਤੀ ਕਰਨ ਵਾਲੇ ਪੈਨਲ ਵਿੱਚ ਹੇਰਾਫੇਰੀ ਹੋਈ, ਉਸ ਤੋਂ ਬਾਅਦ ਵੋਟਰ ਸੂਚੀ ਵਿੱਚ ਫ਼ਰਜ਼ੀ ਵੋਟਰਾਂ ਨੂੰ ਸ਼ਾਮਲ ਕੀਤਾ ਗਿਆ। ਗਾਂਧੀ ਨੇ ਦਾਅਵਾ ਕੀਤਾ ਕਿ ਇਸ ਤੋਂ ਅਗਲੀ ਪੇਸ਼ਕਦਮੀ ਵਿੱਚ ਵੋਟਰਾਂ ਦੀ ਗਿਣਤੀ ਵਧਾਉਣਾ, ਫ਼ਰਜ਼ੀ ਵੋਟਿੰਗ ਨੂੰ ਉਸੇ ਥਾਂ 'ਤੇ ਨਿਸ਼ਾਨਾ ਬਣਾਉਣਾ ਜਿੱਥੇ ਭਾਜਪਾ ਨੂੰ ਜਿੱਤਣ ਦੀ ਲੋੜ ਹੈ ਅਤੇ ਸਬੂਤ ਲੁਕਾਉਣਾ ਸ਼ਾਮਲ ਹੈ। ਗਾਂਧੀ ਨੇ ਕਿਹਾ, "ਪਹਿਲਾ ਕਦਮ: ਚੋਣ ਕਮਿਸ਼ਨ ਦੀ ਨਿਯੁਕਤੀ ਵਾਲੀ ਕਮੇਟੀ 'ਚ ਹੇਰਾਫੇਰੀ, ਦੂਜਾ ਕਦਮ: ਚੋਣ ਸੂਚੀਆਂ ਵਿਚ ਫ਼ਰਜ਼ੀ ਵੋਟਰ ਸ਼ਾਮਲ ਕਰਨਾ, ਤੀਜਾ ਕਦਮ: ਵੋਟਰਾਂ ਦੀ ਗਿਣਤੀ ਵਧਾਉਣਾ, ਚੌਥਾ ਕਦਮ: ਭਾਜਪਾ ਨੂੰ ਜਿੱਥੇ ਜਿੱਤਣ ਦੀ ਲੋੜ ਹੈ ਉਥੇ ਫ਼ਰਜ਼ੀ ਵੋਟਿੰਗ ਨੂੰ ਨਿਸ਼ਾਨਾ ਬਣਾਉਣਾ, ਪੰਜਵਾਂ ਕਦਮ: ਸਬੂਤ ਲੁਕਾਉਣਾ।'

ਗਾਂਧੀ ਨੇ ਧੋਖਾਧੜੀ ਨੂੰ 'ਮੈਚ ਫਿਕਸਿੰਗ' ਕਰਾਰ ਦਿੱਤਾ। ਰਾਏਬਰੇਲੀ ਤੋਂ ਸੰਸਦ ਮੈਂਬਰ ਨੇ ਕਿਹਾ, "ਇਹ ਸਮਝਣਾ ਔਖਾ ਨਹੀਂ ਹੈ ਕਿ ਭਾਜਪਾ ਮਹਾਰਾਸ਼ਟਰ ਵਿੱਚ ਇੰਨੀ ਬੇਚੈਨ ਕਿਉਂ



ਸੀ। ਪਰ ਹੇਰਾਫੇਰੀ/ਤਿਗਮੜਬਾਜ਼ੀ ਮੈਚ ਫਿਕਸਿੰਗ ਵਾਂਗ ਹੈ- ਧੋਖਾਧੜੀ ਕਰਨ ਵਾਲੀ ਧਿਰ ਖੇਡ ਜਿੱਤ ਸਕਦੀ ਹੈ ਪਰ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਏਗੀ ਅਤੇ ਚੋਣ ਨਤੀਜਿਆਂ ਵਿੱਚ ਲੋਕਾਂ ਦੇ ਭਰੋਸੇ ਨੂੰ ਢਾਹ ਲਾਏਗੀ। ਸਾਰੇ ਸਬੰਧਤ ਭਾਰਤੀਆਂ ਨੂੰ ਸਬੂਤ ਦੇਖਣੇ ਚਾਹੀਦੇ ਹਨ। ਖੁਦ ਫ਼ੈਸਲਾ ਕਰੋ। ਜਵਾਬ ਮੰਗੋ।" ਗਾਂਧੀ ਨੇ ਚੇਤਾਵਨੀ ਦਿੱਤੀ ਕਿ ਮਹਾਰਾਸ਼ਟਰ ਦੀ 'ਮੈਚ ਫਿਕਸਿੰਗ' ਅੱਗੇ ਬਿਹਾਰ (ਜਿੱਥੇ ਇਸ ਸਾਲ ਦੇ ਅੰਤ ਵਿੱਚ ਚੋਣਾਂ ਹੋਣੀਆਂ ਹਨ) ਅਤੇ ਉਨ੍ਹਾਂ ਥਾਵਾਂ 'ਤੇ ਨਜ਼ਰ ਆਏਗੀ ਜਿੱਥੇ ਭਾਜਪਾ ਚੋਣਾਂ ਹਾਰ ਰਹੀ ਹੈ। "ਮੈਚ-ਫਿਕਸਿੰਗ ਵਾਲੀਆਂ ਚੋਣਾਂ ਕਿਸੇ ਵੀ ਜਮਹੂਰੀਅਤ ਲਈ ਜ਼ਹਿਰ ਹਨ।"

ਮਹਾਰਾਸ਼ਟਰ ਅਸੈਂਬਲੀ ਚੋਣਾਂ 2024 ਵਿੱਚ ਭਾਜਪਾ ਦੀ ਅਗਵਾਈ ਵਾਲੇ ਮਹਾਯੁਤੀ ਗਠਜੋੜ ਨੇ 235 ਸੀਟਾਂ ਨਾਲ ਭਾਰੀ ਜਿੱਤ ਪ੍ਰਾਪਤ ਕੀਤੀ ਸੀ। ਨਤੀਜੇ ਭਾਜਪਾ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਸਨ, ਜੋ 132 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ। ਮਹਾਯੁਤੀ ਗਠਜੋੜ ਦਾ ਹਿੱਸਾ ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੇ ਵੀ ਕ੍ਰਮਵਾਰ 57 ਅਤੇ 41 ਸੀਟਾਂ ਜਿੱਤੀਆਂ। ਮਹਾਂ ਵਿਕਾਸ ਅਘਾੜੀ ($ੳ1) ਨੂੰ ਵੱਡਾ ਝਟਕਾ ਲੱਗਾ ਜਦੋਂ ਕਾਂਗਰਸ ਸਿਰਫ਼ 16 ਸੀਟਾਂ ਜਿੱਤ ਸਕੀ। ਇਸ ਦੇ ਗੱਠਜੋੜ ਭਾਈਵਾਲ, ਸ਼ਿਵ ਸੈਨਾ ("2") ਨੇ 20 ਸੀਟਾਂ ਜਿੱਤੀਆਂ, ਜਦੋਂ ਕਿ ©3♦ (ਸ਼ਰਦ ਪਵਾਰ ਧੜਾ) ਸਿਰਫ਼ 10 ਸੀਟਾਂ ਹੀ ਜਿੱਤ ਸਕਿਆ।

ਭਾਰਤੀ ਚੋਣ ਕਮਿਸ਼ਨ (539) ਨੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਪਾਰਟੀ ਵੱਲੋਂ ਜਤਾਏ ਗਏ ਫ਼ਿਕਰਾਂ ਦਰਮਿਆਨ ਵੋਟਰ ਮਤਦਾਨ ਬਾਰੇ ਗਲਤ ਧਾਰਨਾਵਾਂ ਨੂੰ ਦੂਰ ਕੀਤਾ ਸੀ। ਕਾਂਗਰਸ ਪਾਰਟੀ ਨੂੰ ਆਪਣੇ ਵਿਸਥਾਰਤ ਜਵਾਬ ਵਿੱਚ, ਸਿਖਰਲੀ ਚੋਣ ਸੰਸਥਾ ਨੇ ਚੋਣਾਂ ਦੌਰਾਨ ਵੋਟਰ ਮਤਦਾਨ ਡੇਟਾ ਦੇ ਇਕੱਠੇ ਕਰਨ ਦੇ ਪਿੱਛੇ ਦੀ ਪ੍ਰਕਿਰਿਆ ਬਾਰੇ ਦੱਸਿਆ ਸੀ।

ਉਧਰ ਭਾਜਪਾ ਨੇ ਰਾਹੁਲ ਗਾਂਧੀ ਵੱਲੋਂ ਲਾਏ ਦੋਸ਼ਾਂ ਨੂੰ 'ਸ਼ਰਮਨਾਕ' ਕਰਾਰ ਦਿੱਤਾ ਹੈ। ਐੱਨਡੀਟੀਵੀ ਨੇ ਆਪਣੀ ਇਕ ਰਿਪੋਰਟ ਵਿਚ ਭਾਜਪਾ ਆਗੂ ਤੁਹਿਨ ਸਿਨਹਾ ਦੇ ਹਵਾਲੇ ਨਾਲ ਕਿਹਾ, "ਰਾਹੁਲ ਗਾਂਧੀ ਦੇਸ਼ ਦੀਆਂ ਸੰਸਥਾਵਾਂ ਨੂੰ ਬਦਨਾਮ ਕਰਨ ਦੀਆਂ ਆਪਣੀਆਂ ਘਿਣਾਉਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ ਹਨ। ਇਨ੍ਹਾਂ ਮੁੱਦਿਆਂ ਨੂੰ ਚੋਣ ਕਮਿਸ਼ਨ ਵੱਲੋਂ ਵਾਰ-ਵਾਰ ਪੂਰੇ ਵਿਸਥਾਰ ਵਿੱਚ ਸੰਬੋਧਤ ਕੀਤਾ ਗਿਆ ਹੈ।" ਸਿਨਹਾ ਨੇ ਕਿਹਾ, "ਇਹ ਆਮ ਪ੍ਰਕਿਰਿਆ ਹੈ। ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਇਸੇ ਤਰ੍ਹਾਂ ਦਾ ਅਮਲ ਅਪਣਾਇਆ ਗਿਆ ਸੀ, ਜਿਸ ਵਿੱਚ ਕਾਂਗਰਸ ਜਿੱਤੀ ਸੀ। ਇਸ ਤੋਂ ਇਲਾਵਾ, ਰਾਹੁਲ ਗਾਂਧੀ ਨੇ ਖੁਦ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਅੰਕੜਿਆਂ ਦਾ ਹਵਾਲਾ ਦਿੱਤਾ ਹੈ।"

# ਮੋਦੀ ਨੂੰ ਜੀ-7 ਸੰਮੇਲਨ 'ਚ ਬੁਲਾਏ ਜਾਣ 'ਤੇ ਭੜਕੇ ਵੱਖਵਾਦੀ, ਦਿੱਤੀ ਧਮਕੀ

**ਨਵੀਂ ਦਿੱਲੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਵਿਚ ਕੈਲੀਫੋਰਨੀਆ ਦੇ ਰਹਿਣ ਵਾਲੇ ਆਈ.ਟੀ. ਉਦਯੋਗਪਤੀ, ਮੋਟੀਵੇਸ਼ਨਲ ਸਪੀਕਰ ਤੇ ਖਾਲਸਾ ਟੂਡੇ ਦੇ ਫਾਊਂਡਰ ਸੁੱਖੀ ਚਾਹਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਾਲਿਸਤਾਨੀ ਸਮਰਥਕਾਂ ਵੱਲੋਂ ਦਿੱਤੀ ਜਾਨੋ ਮਾਰਨ ਦੀ ਦਿੱਤੀ ਧਮਕੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੀ ਲੀਡਰਸ਼ਿਪ ਨਾਲ ਸਲਾਹ-ਮਸ਼ਵਰਾ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਧਿਕਾਰਤ ਤੌਰ 'ਤੇ ਸੱਦਾ ਦਿੱਤਾ ਹੈ। ਵਿਰੋਧੀ ਧਿਰ ਦੇ ਨੇਤਾ ਨੇ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਪਰ ਕੈਨੇਡਾ ਵਿੱਚ ਵੱਸਦੇ ਖਾਲਿਸਤਾਨ ਸਮਰਥਕਾਂ ਵੱਲੋਂ ਭਾਰਤ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਪੀ.ਐਮ ਮੋਦੀ ਦਾ ਕਤਲ ਕਰਨ ਦੀ ਧਮਕੀ ਦਿੱਤੀ ਗਈ ਹੈ।



ਖਾਲਿਸਤਾਨ ਸਮਰਥਕ ਪੀ.ਐਮ ਮੋਦੀ ਨੂੰ ਜੀ7 ਸੰਮੇਲਨ ਵਿੱਚ ਸੱਦਾ ਦਿੱਤੇ ਜਾਣ ਦਾ ਵਿਰੋਧ ਕਰ ਰਹੇ ਸਨ, ਜਿਸ ਦੌਰਾਨ 'ਕਿੱਲ ਮੋਦੀ' ('ਮੋਦੀ ਨੂੰ ਮਾਰੋ') ਦੇ ਨਾਅਰੇ ਲਗਾਏ ਗਏ। ਕੈਨੇਡੀਅਨ ਪੀ.ਐਮ ਮਾਰਕ ਕਾਰਨੀ ਨੇ 15 ਤੋਂ 18 ਜੂਨ ਤੱਕ ਅਲਬਰਟਾ ਵਿੱਚ ਹੋਣ ਵਾਲੇ ਜੀ-7 ਸੰਮੇਲਨ ਲਈ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਦਿੱਤਾ ਹੈ। ਸ਼ੁੱਕਰਵਾਰ ਨੂੰ ਦੋਵਾਂ ਨੇਤਾਵਾਂ ਨੇ ਇੱਕ ਦੂਜੇ ਨਾਲ ਫ਼ੋਨ 'ਤੇ ਗੱਲ ਕੀਤੀ।

ਖਾਸ ਗੱਲ ਇਹ ਹੈ ਕਿ ਕੈਨੇਡਾ ਸਥਿਤ ਕੱਟੜਪੰਥੀ ਸਮੂਹ ਵਿਰੋਧ ਪ੍ਰਦਰਸ਼ਨ ਦੌਰਾਨ ਭਾਰਤੀ ਨੇਤਾ ਦੇ ਕਤਲ ਲਈ ਨਾਅਰੇ ਲਗਾ ਰਹੇ ਸਨ, ਪਰ ਉੱਥੇ ਮੌਜੂਦ ਕੈਨੇਡੀਅਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੌਰਾਨ ਭਾਰਤ ਦੁਆਰਾ ਪਾਬੰਦੀਸ਼ੁਦਾ ਐਸ.ਐਫ.ਜੇ ਸੰਗਠਨ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਪੀ.ਐਮ ਮੋਦੀ ਦੇ ਜੀ-7 ਸੰਮੇਲਨ ਦੇ ਦੌਰੇ ਦੌਰਾਨ ਵਿਰੋਧ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ। ਅੱਤਵਾਦੀ ਪੰਨੂ ਨੇ ਪੀ.ਐਮ ਮੋਦੀ ਦੇ ਕੈਨੇਡਾ ਵਿੱਚ ਉਤਰਨ ਤੋਂ ਲੈ ਕੇ ਟੇਕਆਫ ਤੱਕ 48 ਘੰਟੇ ਦੇ ਵਿਰੋਧ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ) ਨੇ ਵੀ ਪੀ.ਐਮ ਮੋਦੀ ਨੂੰ ਸੱਦਾ ਦੇਣ ਦੇ ਵਿਰੋਧ ਦਾ ਸਮਰਥਨ ਕੀਤਾ ਹੈ। ਐਨ.ਡੀ.ਪੀ ਨੇ ਇਸ ਫੈਸਲੇ ਨੂੰ ਸਿੱਖ ਭਾਈਚਾਰੇ ਲਈ ਬਹੁਤ ਪਰੇਸ਼ਾਨ ਕਰਨ ਵਾਲਾ ਦੱਸਿਆ ਹੈ। ਐਨ.ਡੀ.ਪੀ ਦਾ ਖਾਲਿਸਤਾਨੀਆਂ ਦਾ ਸਮਰਥਨ ਕਰਨ ਦਾ ਇਤਿਹਾਸ ਰਿਹਾ ਹੈ।

# ਐਨਆਈਏ ਵੱਲੋਂ ਗੁਰੂਗ੍ਰਾਮ ਬੰਬ ਹਮਲੇ ਸਬੰਧੀ ਗੋਲਡੀ ਬਰਾੜ ਸਣੇ 5 ਖ਼ਿਲਾਫ਼ ਚਾਰਜਸ਼ੀਟ ਦਾਖ਼ਲ

**ਨਵੀਂ ਦਿੱਲੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਧਿਕਾਰੀਆਂ ਨੇ ਸ਼ਨਿੱਚਰਵਾਰ ਨੂੰ ਦੱਸਿਆ ਕਿ ਕੌਮੀ ਜਾਂਚ ਏਜੰਸੀ – NIA) ਨੇ 2024 ਵਿੱਚ ਗੁਰੂਗ੍ਰਾਮ ਦੇ ਦੋ ਕਲੱਬਾਂ 'ਤੇ ਹੋਏ ਬੰਬ ਹਮਲਿਆਂ ਨਾਲ ਸਬੰਧਤ ਮਾਮਲੇ ਵਿੱਚ ਕੈਨੇਡਾ ਸਥਿਤ ਖਾਲਿਸਤਾਨੀ ਅੱਤਵਾਦੀ ਗੋਲਡੀ ਬਰਾੜ ਸਮੇਤ ਪੰਜ ਮੁਲਜ਼ਮਾਂ ਨੂੰ ਚਾਰਜਸ਼ੀਟ ਕੀਤਾ ਹੈ।

ਪੰਚਕੂਲਾ ਦੀ ਇੱਕ ਅਦਾਲਤ ਵਿੱਚ ਦਾਇਰ ਆਪਣੀ ਫ਼ਰਦ ਜੁਰਮ ਵਿੱਚ ਭਾਰਤੀ ਨਿਆਏ ਸੰਹਿਤਾ (BNS), ਅਸਲਾ ਐਕਟ, ਵਿਸਫੋਟਕ ਪਦਾਰਥ ਐਕਟ ਅਤੇ ਗੈਰ-ਕਾਨੂੰਨੀ ਸਰਗਰਮੀਆਂ (ਰੋਕਥਾਮ) ਐਕਟ (UAPA) ਦੀਆਂ ਵੱਖ-ਵੱਖ ਧਾਰਾਵਾਂ ਤਹਿਤ



ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਸਚਿਨ ਤਲਿਆਨ, ਅੰਕਿਤ, ਭਾਵਿਸ਼ ਅਤੇ ਅਮਰੀਕਾ ਸਥਿਤ ਰਣਦੀਪ ਸਿੰਘ ਉਰਫ ਰਣਦੀਪ ਮਲਿਕ ਨੂੰ ਨਾਮਜ਼ਦ ਕੀਤਾ ਹੈ।

ਉਨ੍ਹਾਂ ਕਿਹਾ ਕਿ ਬਰਾੜ ਅਤੇ ਮਲਿਕ ਨੂੰ ਛੱਡ ਕੇ, ਬਾਕੀ ਸਾਰਿਆਂ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਐਨਆਈਏ ਨੇ ਮੁਲਜ਼ਮਾਂ ਨੂੰ ਹਰਿਆਣਾ ਦੇ ਗੁਰੂਗ੍ਰਾਮ ਦੇ ਸੈਕਟਰ 29 ਵਿੱਚ ਵੇਅਰਹਾਊਸ ਕਲੱਬ ਅਤੇ ਹਿਊਮਨ ਕਲੱਬ ਨੂੰ ਬੰਬਾਂ ਨਾਲ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਵਿੱਚ ਸ਼ਾਮਲ ਪਾਇਆ ਸੀ।

ਅਧਿਕਾਰਤ ਬਿਆਨ ਅਨੁਸਾਰ, ਇਹ ਪਾਬੰਦੀਸ਼ੁਦਾ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਦੀ ਹਿੰਸਾ ਫੈਲਾ ਕੇ ਹਰਿਆਣਾ ਅਤੇ ਗੁਆਂਢੀ ਖੇਤਰਾਂ ਵਿੱਚ ਫਿਰਕੂ ਤਣਾਅ ਫੈਲਾਉਣ ਅਤੇ ਸ਼ਾਂਤੀ ਭੰਗ ਕਰਨ ਦੀ ਵੱਡੀ ਸਾਜ਼ਿਸ਼ ਦਾ ਹਿੱਸਾ ਸੀ।

# ਰਿਪਬਲਿਕਨਾਂ ਵੱਲੋਂ ਟਰੰਪ ਅਤੇ ਮਸਕ ਨੂੰ ਟਕਰਾਅ ਨੂੰ ਖਤਮ ਕਰਨ ਦੀ ਅਪੀਲ



**ਵਾਸ਼ਿੰਗਟਨ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਤੀ ਡੋਨਲਡ ਟਰੰਪ ਦੇ ਐਲਨ ਮਸਕ ਨਾਲ ਟਕਰਾਅ ਤੋਂ ਬਾਅਦ ਕਾਨੂੰਨ ਨਿਰਮਾਤਾ ਅਤੇ ਰੂੜੀਵਾਦੀ ਸ਼ਖ਼ਸੀਅਤਾਂ ਲੰਬੇ ਸਮੇਂ ਤੋਂ ਚੱਲ ਰਹੇ ਝਗੜੇ ਦੇ ਸੰਭਾਵੀ ਨਤੀਜਿਆਂ ਤੋਂ ਡਰੋਂ ਤਨਾਅ ਘਟਾਉਣ ਦੀ ਨੂੰ ਅਪੀਲ ਕਰ ਰਹੀਆਂ ਹਨ। ਦੋ ਸ਼ਕਤੀਸ਼ਾਲੀ ਵਿਅਕਤੀਆਂ ਵਿਚਕਾਰ ਦੁਸ਼ਮਣੀ ਦਾ ਵਿਸਫੋਟ ਰਿਪਬਲਿਕਨਾਂ ਦੇ ਵੱਡੇ ਟੈਕਸ ਅਤੇ ਸਰਹੱਦੀ ਖਰਚ ਕਾਨੂੰਨ ਲਈ ਅੱਗੇ ਵਧਣ ਦੇ ਰਾਹ ਨੂੰ ਗੁੰਝਲਦਾਰ ਬਣਾ ਸਕਦਾ ਹੈ। ਕਿਉਂਕਿ ਟਰੰਪ ਵੱਲੋਂ ਇਸ ਨੂੰ ਅੱਗੇ ਵਧਾਇਆ ਗਿਆ ਹੈ, ਪਰ ਮਸਕ ਵੱਲੋਂ ਇਸ 'ਤੇ ਹਮਲਾ ਕੀਤਾ ਗਿਆ ਹੈ।

ਵਾਸ਼ਿੰਗਟਨ ਰਾਜ ਦੇ ਰਿਪਬਲਿਕਨ ਪ੍ਰਤੀਨਿਧੀ ਡੈਨ ਨਿਊਹਾਊਸ ਨੇ ਕਿਹਾ, "ਮੈਨੂੰ ਉਮੀਦ ਹੈ ਕਿ ਇਹ ਸਾਨੂੰ ਉਹ ਕੰਮ ਕਰਨ ਤੋਂ ਨਹੀਂ ਭਟਕਾਏਗਾ ਜਿਸਦੀ ਸਾਨੂੰ ਲੋੜ ਹੈ। ਮੈਨੂੰ ਲੱਗਦਾ ਹੈ ਕਿ ਗੁੱਸਾ ਠੰਡਾ ਹੋ ਜਾਵੇਗਾ ਅਤੇ ਉਹ ਆਪਣੇ ਮਨ ਮੁਟਾਅ ਠੀਕ ਕਰਨਗੇ।"

ਸ਼ੁੱਕਰਵਾਰ ਦੁਪਹਿਰ ਤੱਕ ਮਸਕ ਆਪਣਾ ਗੁੱਸਾ ਕਾਬੂ ਵਿੱਚ ਰੱਖ ਰਿਹਾ ਸੀ ਅਤੇ ਉਹ ਰਾਸ਼ਟਰਪਤੀ 'ਤੇ ਹਮਲਾ ਕਰਨ ਦੀ ਬਜਾਇ ਸੋਸ਼ਲ ਮੀਡੀਆ 'ਤੇ ਆਪਣੀਆਂ ਵੱਖ-ਵੱਖ ਕੰਪਨੀਆਂ ਬਾਰੇ ਪੋਸਟ ਕਰ ਰਿਹਾ ਸੀ। ਟੈਕਸਾਸ ਦੇ ਰਿਪਬਲਿਕਨ ਸੈਨੇਟਰ ਟੇਡ ਕਰੂਜ਼ ਨੇ ਵੀਰਵਾਰ ਰਾਤ ਨੂੰ ਫੌਕਸ ਨਿਊਜ਼ ਦੇ ਹੋਸਟ ਸੀਨ ਹੈਨਿਟੀ ਨੂੰ ਦੱਸਿਆ, "ਮੈਨੂੰ ਉਮੀਦ ਹੈ ਕਿ ਉਹ ਦੋਵੇਂ ਇਕੱਠੇ ਵਾਪਸ ਆਉਣਗੇ ਕਿਉਂਕਿ ਜਦੋਂ ਉਹ ਦੋਵੇਂ ਇਕੱਠੇ ਕੰਮ ਕਰ ਰਹੇ ਹੋਣਗੇ ਤਾਂ ਅਸੀਂ ਅਮਰੀਕਾ ਲਈ ਬਹੁਤ ਕੁਝ ਕਰ ਸਕਾਂਗੇ। ਵੱਖ ਵੱਖ ਟੀਵੀ ਐਂਕਰਾਂ ਨਾਲ ਗੱਲਬਾਤ ਦੌਰਾਨ ਟਰੰਪ ਨੇ ਕਿਸੇ ਵੀ ਤਰ੍ਹਾਂ ਦਾ ਮਨ ਮੁਟਾਅ ਖਤਮ ਕਰਨ ਦੀ ਕੋਈ ਰੁਚੀ ਨਹੀਂ ਦਿਖਾਈ। ਜਦੋਂ ABC News ਨੇ ਉਨ੍ਹਾਂ ਤੋਂ ਪੁੱਛਿਆ ਕਿ ਮਸਕ ਨਾਲ ਉਨ੍ਹਾਂ ਦੀ ਸੰਭਾਵਿਤ ਗੱਲਬਾਤ ਬਾਰੇ ਰਿਪੋਰਟਾਂ 'ਤੇ ਕੀ ਕਹੋਗੇ, ਤਾਂ ਰਾਸ਼ਟਰਪਤੀ ਨੇ ਜਵਾਬ ਦਿੱਤਾ, ਤੁਸੀਂ ਉਸ ਵਿਅਕਤੀ ਦੀ ਗੱਲ ਕਰ ਰਹੇ ਹੋ ਜੋ ਆਪਣੀ ਅਕਲ ਗਵਾ ਬੈਠਾ ਹੈ? ਟਰੰਪ ਨੇ 123 ਇੰਟਰਵਿਊ ਵਿੱਚ ਇਹ ਵੀ ਜੋੜਿਆ ਕਿ ਉਹ ਇਸ ਵੇਲੇ ਮਸਕ ਨਾਲ ਗੱਲ ਕਰਨ ਵਿੱਚ ਖ਼ਾਸ ਦਿਲਚਸਪੀ ਨਹੀਂ ਰੱਖਦੇ।

## ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਿਅਕਤੀ ਗ੍ਰਿਫ਼ਤਾਰ



**ਨਵੀਂ ਦਿੱਲੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲੇ ਨੌਜਵਾਨ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਸ਼ਲੋਕ ਤ੍ਰਿਪਾਠੀ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਵਿਅਕਤੀ ਇੱਕ ਧੋਖੇਬਾਜ਼ ਹੈ ਅਤੇ ਅਕਸਰ ਆਪਣੀ ਪਛਾਣ ਬਦਲਦਾ ਰਹਿੰਦਾ ਹੈ।

ਗਾਜ਼ੀਆਬਾਦ ਦੇ ਸਹਾਇਕ ਪੁਲੀਸ ਕਮਿਸ਼ਨਰ ਰਿਤੇਸ਼ ਤ੍ਰਿਪਾਠੀ ਨੇ ਕਿਹਾ ਵੀਰਵਾਰ ਅਤੇ ਸ਼ੁੱਕਰਵਾਰ ਦੀ ਵਿਚਕਾਰਲੀ ਰਾਤ ਨੂੰ ਗਾਜ਼ੀਆਬਾਦ ਵਿੱਚ ਐਮਰਜੈਂਸੀ ਹੈਲਪਲਾਈਨ 112 'ਤੇ ਧਮਕੀ ਦਿੱਤੀ ਸੀ। ਗਾਜ਼ੀਆਬਾਦ ਪੁਲੀਸ ਨੇ ਆਪਣੇ ਦਿੱਲੀ ਦੇ ਹਮਰੁਤਬਾ ਨੂੰ ਸੁਚੇਤ ਕੀਤਾ ਅਤੇ ਪੰਚਵਟੀ ਕਲੋਨੀ ਵਿੱਚ ਜਿੱਥੋਂ ਕਾਲ ਕੀਤੀ ਗਈ ਸੀ, ਵਿੱਚ ਇੱਕ ਟੀਮ ਵੀ ਭੇਜੀ।

ਪਰ ਇਸ ਦੌਰਾਨ ਕਾਲ ਕਰਨ ਵਾਲਾ ਫੜੇ ਜਾਣ ਤੋਂ ਬਚਣ ਵਿੱਚ ਕਾਮਯਾਬ ਰਿਹਾ। ਤ੍ਰਿਪਾਠੀ ਨੂੰ ਆਖਰਕਾਰ ਸ਼ਨਿਰਵਾਰ ਨੂੰ ਗਾਜ਼ੀਆਬਾਦ ਪੁਲੀਸ ਅਤੇ ਦਿੱਲੀ ਪੁਲੀਸ ਦੇ ਸਾਂਝੇ ਅਪਰੇਸ਼ਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਸ਼ਹਿਰ ਦੇ ਉੱਤਰ-ਪੱਛਮੀ ਹਿੱਸੇ ਵਿੱਚ ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਦੇ ਦਫ਼ਤਰ ਵਿੱਚ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁੱਛਗਿੱਛ ਦੌਰਾਨ ਦੋਸ਼ੀ ਨੇ ਦੱਸਿਆ ਕਿ ਜਦੋਂ ਉਸ ਨੇ ਕਾਲ ਕੀਤੀ ਤਾਂ ਉਹ ਸ਼ਰਾਬੀ ਹਾਲਤ ਵਿੱਚ ਸੀ।

# ਜਾਸੂਸੀ ਮਾਮਲੇ 'ਚ ਯੂਟਿਊਬਰ ਜਸਬੀਰ ਸਿੰਘ ਦੇ ਪੁਲਿਸ ਰਿਮਾਂਡ 'ਚ 2 ਦਿਨਾਂ ਦਾ ਵਾਧਾ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸਏਐਸ ਨਗਰ (ਮੁਹਾਲੀ) ਦੀ ਇੱਕ ਅਦਾਲਤ ਨੇ ਸ਼ਨਿੱਚਰਵਾਰ ਨੂੰ ਪੰਜਾਬ ਦੇ ਯੂਟਿਊਬਰ ਜਸਬੀਰ ਸਿੰਘ (YouTuber Jasbir Singh) ਦੇ ਪੁਲੀਸ ਰਿਮਾਂਡ ਵਿੱਚ ਦੋ ਦਿਨ ਦਾ ਵਾਧਾ ਕੀਤਾ ਹੈ, ਜਿਸ ਨੂੰ 4 ਜੂਨ ਨੂੰ ਪਾਕਿਸਤਾਨ ਲਈ ਭਾਰਤ ਦੀ ਜਾਸੂਸੀ ਕਰਨ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਜਸਬੀਰ ਸਿੰਘ ਵਕੀਲ ਨੇ ਕਿਹਾ ਕਿ ਉਸ ਦੇ ਮੁਵੱਕਿਲ ਨੂੰ ਸ਼ਨਿੱਚਰਵਾਰ ਨੂੰ ਉਸ ਦਾ ਤਿੰਨ-ਰੋਜ਼ਾ ਪੁਲੀਸ ਰਿਮਾਂਡ ਖਤਮ ਹੋਣ ਤੋਂ ਬਾਅਦ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪੁਲੀਸ ਨੇ ਉਸ ਦੇ ਸੱਤ ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ ਪਰ ਅਦਾਲਤ ਨੇ ਉਨ੍ਹਾਂ ਨੂੰ ਹੋਰ ਦੋ ਦਿਨ ਦੇ ਦਿੱਤੇ।

ਸਿੰਘ ਕਥਿਤ ਤੌਰ 'ਤੇ ਇਨਫਲੂਐਂਸਰ ਜੋਤੀ ਮਲਹੋਤਰਾ ਦੇ ਨਜ਼ਦੀਕੀ ਸੰਪਰਕ ਵਿੱਚ ਸੀ, ਜੋ ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ਾਂ ਵਿੱਚ ਹਿਰਾਸਤ ਵਿੱਚ ਹੈ। ਜੋਤੀ ਦੀ ਗ੍ਰਿਫਤਾਰੀ ਤੋਂ ਬਾਅਦ ਪੁਲੀਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਇੱਕ ਅੱਤਵਾਦੀ-ਸਮਰਥਿਤ ਜਾਸੂਸੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ, ਜੋ ਉਸਨੂੰ ਪਾਕਿਸਤਾਨੀ ਖੁਫੀਆ ਅਤੇ ਫੌਜੀ ਅਧਿਕਾਰੀਆਂ ਨਾਲ ਜੋੜਦਾ ਹੈ।

ਪੁਲੀਸ ਨੇ ਕਿਹਾ ਸੀ ਕਿ ਯੂਟਿਊਬਰ ਕਥਿਤ ਤੌਰ 'ਤੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈਐਸਆਈ) ਲਈ ਜਾਸੂਸੀ ਕਰ ਰਿਹਾ ਸੀ।

ਰੂਪਨਗਰ ਜ਼ਿਲ੍ਹੇ ਦੇ ਪਿੰਡ ਮਾਹਲਾਂ ਦਾ ਰਹਿਣ ਵਾਲਾ ਜਸਬੀਰ ਸਿੰਘ ਉਰਫ਼ ਜਾਨ ਮਾਹਲ (41) ਇੱਕ ਯੂਟਿਊਬ ਚੈਨਲ 'Jann Mahal' ਚਲਾ ਰਿਹਾ ਸੀ ਜਿਸਦੇ 11 ਲੱਖ ਤੋਂ ਵੱਧ ਸਬਸਕ੍ਰਾਈਬਰ ਹਨ, ਜੋ ਕਿ ਯਾਤਰਾ ਅਤੇ ਖਾਣਾ ਪਕਾਉਣ ਦੇ ਵੀਲੌਗ ਪੋਸਟ ਕਰਦਾ ਹੈ।

# ਪੰਜਾਬ ਪੁਲੀਸ ਨੇ ਟਿੰਡਰ ਤੋਂ ਅੰਮ੍ਰਿਤਪਾਲ ਸਿੰਘ ਨਾਲ ਜੁੜੇ ਸ਼ੱਕੀ ਖ਼ਾਤੇ ਬਾਰੇ ਵੇਰਵੇ ਮੰਗੇ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਕਤਲ ਮਾਮਲੇ ਦੇ ਸਬੰਧ ਵਿੱਚ ਪੰਜਾਬ ਪੁਲੀਸ ਨੇ ਡੇਟਿੰਗ ਐਪ ਟਿੰਡਰ ਤੋਂ ਗਰਮਖ਼ਿਆਲੀ ਪ੍ਰਚਾਰਕ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਜੁੜੇ ਸ਼ੱਕੀ ਖ਼ਾਤੇ ਬਾਰੇ ਜਾਣਕਾਰੀ ਮੰਗੀ ਹੈ। ਟਿੰਡਰ ਨੂੰ ਭੇਜੇ ਇੱਕ ਪੱਤਰ ਵਿੱਚ ਫਰੀਦਕੋਟ ਪੁਲੀਸ ਨੇ ਕਿਹਾ ਕਿ ਉਹ ਸਿੱਖ ਕਾਰਕੁਨ ਗੁਰਪ੍ਰੀਤ ਸਿੰਘ ਹਰੀ ਨੌਂ ਦੇ ਕਤਲ ਮਾਮਲੇ ਦੀ ਜਾਂਚ ਕਰ ਰਹੀ ਹੈ, ਜਿਸਦੀ ਪਿਛਲੇ ਸਾਲ 9 ਅਕਤੂਬਰ ਨੂੰ ਪਿੰਡ ਦੇ ਗੁਰਦੁਆਰੇ ਤੋਂ ਆਪਣੀ ਮੋਟਰਸਾਈਕਲ 'ਤੇ ਘਰ ਪਰਤਦੇ ਸਮੇਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।



ਹਰੀ ਨੌਂ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੇ ਸੰਗਠਨ 'ਵਾਰਿਸ ਪੰਜਾਬ ਦੇ' ਦਾ ਮੈਂਬਰ ਸੀ। ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ ਗੌਰਵ ਯਾਦਵ ਨੇ ਪਿਛਲੇ ਸਾਲ ਅਕਤੂਬਰ ਵਿੱਚ ਦਾਅਵਾ ਕੀਤਾ ਸੀ ਕਿ ਹਰੀ ਨੌਂ ਦੀ ਹੱਤਿਆ ਕਥਿਤ ਤੌਰ 'ਤੇ ਅੰਮ੍ਰਿਤਪਾਲ ਸਿੰਘ ਦੇ ਇਸ਼ਾਰੇ 'ਤੇ ਕੀਤੀ ਗਈ ਸੀ, ਜੋ ਇਸ ਸਮੇਂ ਸਖ਼ਤ ਕੌਮੀ ਸੁਰੱਖਿਆ ਐਕਟ ਤਹਿਤ ਜੇਲ੍ਹ ਵਿੱਚ ਹੈ।

ਪੁਲੀਸ ਨੇ ਇਹ ਵੀ ਦਾਅਵਾ ਕੀਤਾ ਕਿ ਗੈਂਗਸਟਰ ਤੋਂ ਅਤਿਵਾਦੀ ਬਣਿਆ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਇਸ ਕਤਲ ਦਾ ਮਾਸਟਰਮਾਈਂਡ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਗਰੋਹ ਦੇ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੁਲੀਸ ਨੇ ਟਿੰਡਰ ਤੋਂ 1 ਜਨਵਰੀ 2019 ਤੋਂ ਖ਼ਾਤੇ ਦੇ ਵਰਤੋਂਕਾਰ ਦੇ ਵੇਰਵੇ, ਨਾਮ, ਜਨਮ ਮਿਤੀ, ਫ਼ੋਨ ਨੰਬਰ, ਸਥਾਨ ਦੀ ਜਾਣਕਾਰੀ ਅਤੇ ਆਈਪੀ ਐਡਰੈੱਸ ਲੌਗ ਮੰਗੇ ਹਨ। ਇਸ ਤੋਂ ਇਲਾਵਾ ਸਾਰੇ ਲਿੰਕ ਕੀਤੇ ਈ-ਮੇਲ ਆਈਡੀ ਅਤੇ ਫ਼ੋਨ ਨੰਬਰ, ਅਪਲੋਡ ਕੀਤੀਆਂ ਗਈਆਂ ਤਸਵੀਰਾਂ, ਮੀਡੀਆ ਫਾਈਲਾਂ, ਦੋਸਤਾਂ/ਸੰਪਰਕਾਂ ਦੀ ਸੂਚੀ, ਆਪਸੀ ਮੈਚਾਂ, ਚੈਟ ਇਤਿਹਾਸ ਅਤੇ ਟਿੰਡਰ ਪਲੇਟਫਾਰਮ ਰਾਹੀਂ ਆਦਾਨ-ਪ੍ਰਦਾਨ ਕੀਤੇ ਗਏ ਸੁਨੇਹਿਆਂ ਸਮੇਤ ਸਾਰੇ ਵੇਰਵਿਆਂ ਦੀ ਜਾਣਕਾਰੀ ਵੀ ਮੰਗੀ ਗਈ ਹੈ।

# ਕੇਦਾਰਨਾਥ ਜਾ ਰਹੇ ਹੈਲੀਕਾਪਟਰ ਦੀ ਹਾਈਵੇਅ 'ਤੇ ਐਮਰਜੈਂਸੀ ਲੈਂਡਿੰਗ, ਪਾਈਲਟ ਜ਼ਖ਼ਮੀ

**ਰੁਦਰਪ੍ਰਯਾਗ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਧਿਕਾਰੀਆਂ ਨੇ ਦੱਸਿਆ ਕਿ ਕੇਦਾਰਨਾਥ ਜਾ ਰਹੇ ਇੱਕ ਹੈਲੀਕਾਪਟਰ ਨੂੰ ਸ਼ਨਿੱਚਰਵਾਰ ਨੂੰ ਰੁਦਰਪ੍ਰਯਾਗ ਜ਼ਿਲ੍ਹੇ ਵਿੱਚ ਹਾਈਵੇਅ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ, ਕਿਉਂਕਿ ਉਡਾਣ ਦੌਰਾਨ ਤਕਨੀਕੀ ਖਰਾਬੀ ਆ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਵਿੱਚ ਸਵਾਰ ਸਾਰੇ ਸ਼ਰਧਾਲੂ ਅਤੇ ਪਾਇਲਟ ਸੁਰੱਖਿਅਤ ਹਨ।

ਹੈਲੀਕਾਪਟਰ ਨੇ ਬਦਾਸੂ ਬੇਸ ਤੋਂ ਕੇਦਾਰਨਾਥ ਲਈ ਉਡਾਣ ਭਰੀ ਸੀ, ਜਦੋਂ ਉਡਾਣ ਦੌਰਾਨ ਤਕਨੀਕੀ ਖਰਾਬੀ ਆ ਗਈ। ਇਸ ਤੋਂ ਬਾਅਦ ਇਸ ਦੀ ਸਿਰਸੀ ਨੇੜੇ ਹਾਈਵੇਅ 'ਤੇ ਐਮਰਜੈਂਸੀ ਲੈਂਡਿੰਗ ਕੀਤੀ ਗਈ।

ਸੋਸ਼ਲ ਮੀਡੀਆ 'ਤੇ ਵੀਡੀਓਜ਼ ਵਿੱਚ ਦਿਖਾਇਆ ਗਿਆ ਹੈ ਕਿ ਕੇਸਟਰਲ ਏਵੀਏਸ਼ਨ ਦਾ ਇਹ ਹੈਲੀਕਾਪਟਰ ਹਾਈਵੇਅ ਦੇ ਵਿਚਕਾਰ ਖੜ੍ਹਾ ਸੀ। ਇਹ ਕਾਫ਼ੀ ਖ਼ਤਰਨਾਕ ਢੰਗ



ਨਾਲ ਆਬਾਦੀ ਵਾਲੀਆਂ ਇਮਾਰਤਾਂ ਦੇ ਬਹੁਤ ਨੇੜੇ ਪੁੱਜਾ ਹੋਇਆ ਸੀ। ਹੈਲੀਕਾਪਟਰ ਦੇ ਹਾਈਵੇਅ 'ਤੇ ਉਤਰਨ ਦੌਰਾਨ ਇਸਦੇ ਟੇਲ ਰੋਟਰ ਨਾਲ ਇੱਕ ਕਾਰ ਨੂੰ ਨੁਕਸਾਨ ਪਹੁੰਚਿਆ।

ਇਸ ਦੌਰਾਨ ਪਾਇਲਟ ਸਮੇਤ ਹੈਲੀਕਾਪਟਰ ਵਿੱਚ ਸਵਾਰ ਸਾਰੇ ਛੇ ਲੋਕ ਵਾਲ-ਵਾਲ ਬਚ ਗਏ। ਪਾਇਲਟ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਕੇਦਾਰਨਾਥ ਹੈਲੀ ਸੇਵਾ ਦੇ ਨੋਡਲ ਅਧਿਕਾਰੀ ਰਾਹੁਲ ਚੌਬੇ ਨੇ ਕਿਹਾ ਕਿ ਇਸ ਘਟਨਾ ਦਾ ਕੇਦਾਰਨਾਥ ਲਈ ਚਲਾਈ ਜਾਣ ਵਾਲੀ ਹੈਲੀ ਸ਼ਟਲ ਸੇਵਾ 'ਤੇ ਕੋਈ ਅਸਰ ਨਹੀਂ ਪਿਆ। ਹੈਲੀਕਾਪਟਰ ਨੂੰ ਹਾਈਵੇਅ ਤੋਂ ਹਟਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਕਰਨਾਟਕ ਸਟੇਟ ਕ੍ਰਿਕਟ ਐਸੋਸੀਏਸ਼ਨ ਦੇ ਸਕੱਤਰ ਅਤੇ ਖਜ਼ਾਨਚੀ ਵੱਲੋਂ ਅਸਤੀਫ਼ਾ

**ਬੰਗਲੂਰੂ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਪੀਐੱਲ ਵਿਚ ਆਰਸੀਬੀ ਦੀ ਜਿੱਤ ਦੇ ਜਸ਼ਨ ਦੌਰਾਨ 11 ਵਿਅਕਤੀਆਂ ਦੀ ਮੌਤ ਤੋਂ ਬਾਅਦ ਕਰਨਾਟਕ ਰਾਜ ਕ੍ਰਿਕਟ ਐਸੋਸੀਏਸ਼ਨ (ਕੇਐੱਸਸੀਏ) ਦੇ ਸਕੱਤਰ ਏ. ਸ਼ੰਕਰ ਅਤੇ ਖਜ਼ਾਨਚੀ ਈਐਸ ਜੈਰਾਮ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਇੱਕ ਸਾਂਝੇ ਬਿਆਨ ਵਿੱਚ ਸ਼ੰਕਰ ਅਤੇ ਜੈਰਾਮ ਨੇ ਕਿਹਾ ਕਿ ਉਨ੍ਹਾਂ ਨੇ ਵੀਰਵਾਰ ਰਾਤ ਨੂੰ ਕੇਐੱਸਸੀਏ ਪ੍ਰਧਾਨ ਨੂੰ ਆਪਣੇ ਅਸਤੀਫੇ ਸੌਂਪ ਦਿੱਤੇ ਹਨ। ਬਿਆਨ ਵਿਚ ਕਿਹਾ ਗਿਆ ਹੈ, "ਪਿਛਲੇ ਦੋ ਦਿਨਾਂ ਵਿੱਚ ਵਾਪਰੀਆਂ ਅਣਕਿਆਸੀਆਂ ਅਤੇ ਮੰਦਭਾਗੀਆਂ ਘਟਨਾਵਾਂ ਕਰਕੇ, ਜਿਸ ਵਿਚ ਹਾਲਾਂਕਿ ਸਾਡੀ ਭੂਮਿਕਾ ਬਹੁਤ ਸੀਮਤ ਸੀ, ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਕਰਨਾਟਕ ਸਟੇਟ ਕ੍ਰਿਕਟ ਐਸੋਸੀਏਸ਼ਨ ਦੇ ਸਕੱਤਰ ਅਤੇ ਖਜ਼ਾਨਚੀ ਵਜੋਂ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ।"

ਕੇਐੱਸਸੀਏ ਦੇ ਪ੍ਰਧਾਨ ਰਘੂਰਾਮ ਭੱਟ, ਸਕੱਤਰ ਸ਼ੰਕਰ ਅਤੇ ਖਜ਼ਾਨਚੀ ਜੈਰਾਮ ਨੇ ਕਰਨਾਟਕ ਹਾਈ ਕੋਰਟ ਵਿੱਚ ਦਾਅਵਾ ਕੀਤਾ ਸੀ ਕਿ ਗੇਟ ਪ੍ਰਬੰਧਨ ਅਤੇ ਭੀੜ ਨੂੰ ਕੰਟਰੋਲ ਕਰਨਾ ਐਸੋਸੀਏਸ਼ਨ ਦੀ ਜ਼ਿੰਮੇਵਾਰੀ ਨਹੀਂ ਹੈ ਅਤੇ ਉਨ੍ਹਾਂ ਨੇ ਵਿਧਾਨ ਸੌਧਾ(ਸਭਾ) ਵਿੱਚ ਆਰਸੀਬੀ ਆਈਪੀਐੱਲ ਜਸ਼ਨ ਮਨਾਉਣ ਦੀ ਪ੍ਰਵਾਨਗੀ ਮੰਗੀ ਸੀ।

# ਤੇਜਸਵੀ ਯਾਦਵ ਦੇ ਕਾਫ਼ਲੇ 'ਚ ਸ਼ਾਮਲ ਵਾਹਨਾਂ ਨੂੰ ਟਰੱਕ ਨੇ ਟੱਕਰ ਮਾਰੀ, 3 ਸੁਰੱਖਿਆ ਕਰਮੀ ਜ਼ਖ਼ਮੀ

**ਵੈਸ਼ਾਲੀ(ਬਿਹਾਰ), 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਵਿੱਚ ਸ਼ਨਿੱਚਰਵਾਰ ਤੜਕੇ ਤੇਜ਼ ਰਫ਼ਤਾਰ ਟਰੱਕ ਨੇ ਆਰਜੇਡੀ ਆਗੂ ਤੇਜਸਵੀ ਯਾਦਵ ਦੇ ਕਾਫਲੇ ਵਿਚ ਸ਼ਾਮਲ ਦੋ ਵਾਹਨਾਂ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਤੇਜਸਵੀ ਯਾਦਵ ਤਾਂ ਵਾਲ-ਵਾਲ ਬਚ ਗਏ, ਪਰ ਉਨ੍ਹਾਂ ਦੇ ਤਿੰਨ ਸੁਰੱਖਿਆ ਕਰਮਚਾਰੀ ਜ਼ਖਮੀ ਹੋ ਗਏ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵਿਰੋਧੀ ਧਿਰ ਦੇ ਆਗੂ ਦੀ ਗੱਡੀ ਨੂੰ ਟਰੱਕ ਦੀ ਫੇਟ ਤੋਂ ਬਚਾਅ ਰਿਹਾ। ਉਨ੍ਹਾਂ ਕਿਹਾ ਕਿ ਹਾਦਸਾ ਵੱਡੇ ਤੜਕੇ 12.30 ਵਜੇ ਦੇ ਕਰੀਬ ਉਦੋਂ ਹੋਇਆ ਜਦੋਂ ਯਾਦਵ ਦਾ ਕਾਫਲਾ ਗੋਰੌਲ ਨੇੜੇ ਪਟਨਾ-



ਮੁਜ਼ੱਫਰਪੁਰ ਰਾਸ਼ਟਰੀ ਰਾਜਮਾਰਗ 'ਤੇ ਚਾਹ ਪੀਣ ਲਈ ਰੁਕਿਆ ਸੀ।

ਅਧਿਕਾਰੀ ਨੇ ਕਿਹਾ ਕਿ ਜਦੋਂ ਇਹ ਹਾਦਸਾ ਹੋਇਆ ਤਾਂ ਉਦੋਂ ਆਰਜੇਡੀ ਆਗੂ ਆਪਣੇ ਕਾਫ਼ਲੇ ਨਾਲ ਮਧੇਪੁਰਾ ਤੋਂ ਪਟਨਾ ਵਾਪਸ ਆ ਰਿਹਾ ਸੀ। ਅਧਿਕਾਰੀ ਨੇ ਕਿਹਾ, "ਯਾਦਵ ਹਾਦਸੇ ਵਿੱਚ ਵਾਲ-ਵਾਲ ਬਚ ਗਿਆ। ਤਿੰਨ ਸੁਰੱਖਿਆ ਕਰਮਚਾਰੀ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਨਜ਼ਦੀਕੀ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਯਾਦਵ ਨੇ ਹਸਪਤਾਲ ਦਾ ਦੌਰਾ ਕਰਕੇ ਜ਼ਖ਼ਮੀ ਕਰਮਚਾਰੀਆਂ ਦਾ ਹਾਲ ਚਾਲ ਵੀ ਪੁੱਛਿਆ।"

ਹਸਪਤਾਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯਾਦਵ ਨੇ ਕਿਹਾ ਕਿ ਇਹ ਹਾਦਸਾ ਉਨ੍ਹਾਂ ਦੀ ਗੱਡੀ ਤੋਂ ਸਿਰਫ਼ ਪੰਜ ਫੁੱਟ ਦੂਰ ਹੋਇਆ। ਅਧਿਕਾਰੀ ਨੇ ਕਿਹਾ ਕਿ ਪੁਲੀਸ ਨੇ ਟਰੱਕ ਡਰਾਈਵਰ ਨੂੰ ਗ੍ਰਿਫ਼ਤਾਰ ਕਰਕੇ ਗੱਡੀ ਜ਼ਬਤ ਕਰ ਲਈ ਹੈ।

# ਬੀ.ਐਸ.ਐਫ. ਤੇ ANTF ਵੱਲੋਂ ਸਾਂਝੇ ਅਪਰੇਸ਼ਨ ਦੌਰਾਨ 6 ਪਿਸਤੌਲਾਂ ਤੇ ਗੋਲੀ-ਸਿੱਕੇ ਸਣੇ 3 ਕਾਬੂ

**ਅੰਮ੍ਰਿਤਸਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਐਸਐਫ ਨੇ ਐਂਟੀ ਨਾਰਕੋਟਿਕਸ ਟਾਸਕ ਫੋਰਸ ਨਾਲ ਮਿਲ ਕੇ ਕੀਤੇ ਸਾਂਝੇ ਆਪਰੇਸ਼ਨ ਦੌਰਾਨ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 6 ਪਿਸਤੌਲ ਬਰਾਮਦ ਕੀਤੇ ਹਨ। ਇਹ ਜਾਣਕਾਰੀ ਬੀਐਸਐਫ ਦੇ ਅਧਿਕਾਰੀ ਨੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਬੀਐਸਐਫ ਅਤੇ ਏਐਨਟੀਐਫ ਅੰਮ੍ਰਿਤਸਰ ਵੱਲੋਂ ਬੀਤੀ ਸ਼ਾਮ ਇੱਕ ਸਾਂਝਾ ਆਪਰੇਸ਼ਨ ਕੀਤਾ ਗਿਆ ਹੈ। ਇਸ ਤਹਿਤ ਸਥਾਨਕ ਖਾਲਸਾ ਕਾਲਜ ਦੇ ਨੇੜੇ ਇਲਾਕੇ ਵਿੱਚੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੇ ਕੋਲੋਂ ਛੇ ਪਿਸਤੌਲ ਬਰਾਮਦ ਹੋਏ ਹਨ।



ਇਹ ਜਾਣਕਾਰੀ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ (DGP) ਨੇ ਆਪਣੇ ਐਕਸ ਅਕਾਊਂਟ ਉਤੇ ਵੀ ਨਸ਼ਰ ਕੀਤੀ ਹੈ। ਆਪਣੀ ਟਵੀਟ ਵਿਚ ਡੀਜੀਪੀ ਨੇ ਫੜੇ ਗਏ ਮੁਲਜ਼ਮਾਂ ਨੂੰ ਗੋਇੰਦਵਾਲ ਜੇਲ੍ਹ ਵਿਚ ਬੰਦ ਸਰਗਣੇ ਜੁਗਰਾਜ ਸਿੰਘ ਦੇ ਕਰੀਬੀ ਦੱਸਿਆ ਹੈ। ਉਨ੍ਹਾਂ ਮੁਤਾਬਕ ਇਸ ਸਬੰਧੀ ਇਕ ਕੇਸ 1©"6 ਦੇ ਐਸਏਐਸ ਨਗਰ (ਮੁਹਾਲੀ) ਸਥਿਤ ਥਾਣੇ ਵਿਚ ਦਰਜ ਕੀਤਾ ਗਿਆ ਹੈ। ਬੀਐਸਐਫ਼ ਅਧਿਕਾਰੀ ਨੇ ਇਥੇ ਦੱਸਿਆ ਕਿ ਇਸ ਸਬੰਧ ਵਿੱਚ ਇੱਕ ਅਹਿਮ ਸੂਚਨਾ ਮਿਲੀ ਸੀ ਕਿ ਹਥਿਆਰਾਂ ਦੀ ਸੌਦੇਬਾਜ਼ੀ ਕੀਤੀ ਜਾ ਰਹੀ ਹੈ। ਬੀਐਸਐਫ ਅਤੇ ਏਐਨਟੀਐਫ ਨੇ ਇੱਕ ਸਾਂਝੀ ਟੀਮ ਤਿਆਰ ਕੀਤੀ, ਜਿਸ ਦੀ ਨਿਗਰਾਨੀ ਹੇਠ ਆਪਰੇਸ਼ਨ ਕੀਤਾ ਗਿਆ। ਉਹਨਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਅੰਮ੍ਰਿਤਸਰ ਦੇ ਗੇਟ ਹਕੀਮਾਂ ਅਤੇ ਛੇਹਰਟਾ ਇਲਾਕੇ ਦੇ ਵਾਸੀ ਹਨ। ਇਹਨਾਂ ਕੋਲੋਂ ਛੇ ਪਿਸਤੌਲਾਂ ਤੋਂ ਇਲਾਵਾ ਛੇ ਮੈਗਜ਼ੀਨ, ਚਾਰ ਮੋਬਾਈਲ ਫੋਨ, ਇੱਕ ਸਕੂਟਰ ਅਤੇ ਇੱਕ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ।

**ਗਰੋਹ ਕੋਲੋਂ ਫੜੀਆਂ ਗਈਆਂ ਪਿਸਤੌਲਾਂ**

ਉਹਨਾਂ ਦੱਸਿਆ ਕਿ ਸਾਰੇ ਪਿਸਤੌਲ ਪੀਲੇ ਰੰਗ ਦੀ ਇੱਕ ਟੇਪ ਨਾਲ ਲਪੇਟੇ ਹੋਏ ਸਨ। ਹਰੇਕ ਪਿਸਤੌਲ ਨਾਲ ਲੋਹੇ ਦੀ ਰਿੰਗ ਜੁੜੀ ਹੋਈ ਸੀ। ਉਹਨਾਂ ਦੱਸਿਆ ਕਿ ਸੁਰੱਖਿਆ ਬਲਾਂ ਵੱਲੋਂ ਗ੍ਰਿਫਤਾਰ ਕੀਤੇ ਗਏ ਇਹਨਾਂ ਮੁਲਜ਼ਮਾਂ ਦੇ ਹੋਰ ਸਬੰਧਾਂ ਅਤੇ ਮੰਤਵ ਬਾਰੇ ਪਤਾ ਲਾਉਣ ਲਈ ਜਾਂਚ ਜਾਰੀ ਹੈ। ਉਹਨਾਂ ਕਿਹਾ ਕਿ ਬੀਐਸਐਫ ਅਤੇ ਏਐਨਟੀਐਫ ਵੱਲੋਂ ਕੀਤੀ ਗਈ ਸਾਂਝੀ ਕਾਰਵਾਈ ਰਾਹੀਂ ਦਹਿਸ਼ਤ ਫੈਲਾਉਣ ਲਈ ਦੇਸ਼ ਵਿਰੋਧੀ ਤੱਤਾਂ ਦੀ ਇਹ ਨਾਪਾਕ ਯੋਜਨਾ ਨੂੰ ਅਸਫਲ ਬਣਾ ਦਿੱਤਾ ਗਿਆ ਹੈ।

# ਤਰੁਨਪ੍ਰੀਤ ਸਿੰਘ ਸੌਂਦ ਦੀ ਰਹਿਨੁਮਾਈ ਹੇਠ ਕਿਰਤ ਵਿਭਾਗ 100 ਫ਼ੀਸਦੀ ਹੋਇਆ ਆਨਲਾਈਨ

**ਪਟਿਆਲਾ, 7 ਜੂਨ**
**-ਨਿਊਜ਼ਲਾਈਨ ਐਕਸਪ੍ਰੈਸ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਰਹਿਨੁਮਾਈ ਹੇਠ ਕਿਰਤ ਵਿਭਾਗ ਜੋ ਮਾਮਲੇ ਲੰਬਿਤ ਸਨ ਉਨ੍ਹਾਂ ਤੇ ਪਿਛਲੇ ਸਮੇਂ ਦੌਰਾਨ ਫ਼ੈਸਲੇ ਲਏ ਗਏ। ਇਨ੍ਹਾਂ ਫ਼ੈਸਲਿਆਂ ਸਬੰਧੀ ਜਾਣਕਾਰੀ ਦੇਣ ਅਤੇ ਸਨਅਤਕਾਰਾਂ ਦੀਆਂ ਮੁਸ਼ਕਲਾਂ ਸੁਣਨ ਲਈ ਪਟਿਆਲਾ ਇੰਡਸਟਰੀਜ਼ ਐਸੋਸੀਏਸ਼ਨ (ਪੀ. ਆਈ. ਏ.) ਵੱਲੋਂ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਕਿਰਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਮਨਵੇਸ਼ ਸਿੰਘ ਸਿੱਧੂ ਆਈ. ਏ. ਐਸ. ਨੇ ਬਤੌਰ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਵਿਸ਼ੇਸ਼ ਤੌਰ 'ਤੇ ਕਿਰਤ ਕਮਿਸ਼ਨਰ-ਕਮ-ਡਾਇਰੈਕਟਰ ਆਫ਼ ਫੈਕਟਰੀਜ਼ ਰਾਜੀਵ ਕੁਮਾਰ ਗੁਪਤਾ ਆਈ ਏ ਐਸ, ਨਰਿੰਦਰ ਸਿੰਘ ਜੁਆਇੰਟ ਡਾਇਰੈਕਟਰ ਆਫ਼ ਫੈਕਟਰੀਜ, ਮੋਹਿਤ ਸਿੰਗਲਾ ਡਿਪਟੀ ਡਾਇਰੈਕਟਰ ਆਫ਼ ਫੈਕਟਰੀਜ, ਸਰਬਜੋਤ ਸਿੰਘ ਸਿੱਧੂ ਅਤੇ ਜਸਵੀਰ ਸਿੰਘ ਸਹਾਇਕ ਕਿਰਤ ਕਮਿਸ਼ਨਰ ਹਾਜ਼ਰ ਰਹੇ। ਪੀ. ਆਈ. ਏ. ਵੱਲੋਂ ਮੁੱਖ ਮਹਿਮਾਨ ਮਨਵੇਸ਼ ਸਿੰਘ ਸਿੱਧੂ, ਕਿਰਤ ਕਮਿਸ਼ਨਰ ਰਾਜੀਵ ਗੁਪਤਾ ਅਤੇ ਹੋਰ ਅਧਿਕਾਰੀਆਂ ਦਾ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਪੀ. ਆਈ. ਏ. ਦੇ ਸੰਸਥਾਪਕ ਅਤੇ ਸਲਾਹਕਾਰ ਨਰੇਸ਼ ਗੁਪਤਾ, ਪ੍ਰਧਾਨ ਜੈ ਨਰਾਇਣ ਗੋਇਲ, ਸਕੱਤਰ ਸੁਨੀਲ ਸੂਦ, ਵਾਈਸ ਪ੍ਰਧਾਨ ਯਸ਼ ਮਹਿੰਦਰ, ਵਿੱਤ ਸਕੱਤਰ ਰਾਕੇਸ਼ ਗੋਇਲ, ਜੁਆਇੰਟ ਸਕੱਤਰ ਰਾਜੀਵ ਗਰਗ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸੈਮੀਨਾਰ ਵਿਚ ਪੀ. ਆਈ. ਏ. ਤੋਂ ਇਲਾਵਾ ਪਟਿਆਲਾ ਚੈਂਬਰ ਆਫ਼ ਇੰਡਸਟਰੀਜ਼, ਫੋਕਲ ਪੁਆਇੰਟ ਇੰਡਸਟ੍ਰੀਅਡ ਐਸੋਸੀਏਸ਼ਨ, ਪਟਿਆਲਾ ਇੰਡਸਟਰੀਅਲ ਅਸਟੇਟ ਵੈੱਲਫੇਅਰ ਐਸੋਸੀਏਸ਼ਨ, ਐਮ. ਐਸ. ਐਮ. ਈ. ਇੰਡਸਟਰੀਜ਼ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕੀਤੀ। ਨਰੇਸ਼ ਗੁਪਤਾ, ਅਸ਼ਵਨੀ ਗਰਗ, ਐਚ. ਪੀ. ਐਸ. ਲਾਂਬਾ ਅਤੇ ਸੰਜੇ ਸਿੰਗਲਾ ਨੇ ਇੰਡਸਟਰੀ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਅਧਿਕਾਰੀਆਂ ਨੂੰ ਦੱਸਿਆ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਵਿਚ ਦੱਸਿਆ ਕਿ ਕਿਰਤ ਵਿਭਾਗ ਦਾ ਸਾਰਾ ਕੰਮ ਕੰਪਿਊਟਰਾਈਜ਼ਡ ਹੋ ਗਿਆ ਹੈ।

ਵਿਭਾਗ ਦੀਆ 50 ਸੇਵਾਵਾਂ ਆਨਲਾਈਨ ਪੋਰਟਲ ਦੇ ਰਾਹੀਂ ਦਿੱਤੀਆਂ ਜਾ ਰਹੀਆਂ ਹਨ। ਕਿਸੇ ਅਦਾਰੇ ਨੂੰ ਹੁਣ ਕਿਸੇ ਪ੍ਰਕਾਰ ਦੇ ਦਸਤਾਵੇਜ਼ ਦਫ਼ਤਰਾਂ ਵਿਚ ਆ ਕੇ ਜਮ੍ਹਾ ਕਰਵਾਉਣ ਦੀ ਜ਼ਰੂਰਤ ਨਹੀਂ ਹੈ। ਹੋਰ ਵਿਭਾਗੀ ਕੰਮ ਵੀ ਈ-ਆਫ਼ਿਸ ਦੇ ਰਾਹੀਂ ਕੀਤਾ ਜਾ ਰਿਹਾ ਹੈ। ਇਸ ਪ੍ਰਕਾਰ ਵਿਭਾਗ ਪੇਪਰ ਰਹਿਤ ਹੋ ਗਿਆ ਹੈ।

# ਅਕਾਲੀ ਦਲ ਨੇ ਸੰਸਦ ਦੇ ਸਾਹਮਣੇ ਕੀਤਾ ਰੋਸ਼ ਪ੍ਰਦਰਸ਼ਨ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨਵੀਂ ਦਿੱਲੀ 8 ਜੂਨ 2025) ਦਿੱਲੀ ਸਰਕਾਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਥਿਤ ਗਠਜੋੜ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਦੱਸਦਿਆਂ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਨੇ ਅੱਜ ਸੰਸਦ ਵੱਲ ਮਾਰਚ ਕੀਤਾ। ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੇ ਹੋਏ, ਹਜ਼ਾਰਾਂ ਲੋਕਾਂ ਨੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀਕੇ ਦੀ ਸਾਂਝੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦਫ਼ਤਰ ਤੋਂ ਸੰਸਦ ਵੱਲ ਰੋਸ ਮਾਰਚ ਸ਼ੁਰੂ ਕੀਤਾ। ਪਰ ਦਿੱਲੀ ਪੁਲਿਸ ਨੇ ਉਨ੍ਹਾਂ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਚੌਕ 'ਤੇ ਬੈਰੀਕੇਡਿੰਗ ਕਰਕੇ ਰੋਕ ਲਿਆ। ਜਿਸ ਤੋਂ ਬਾਅਦ ਦੋਵਾਂ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਮਾਸਟਰ ਤਾਰਾ ਸਿੰਘ ਦੇ ਬੁੱਤ ਸਾਹਮਣੇ ਸੰਗਤਾਂ ਨੂੰ ਸੰਬੋਧਿਤ ਕੀਤਾ। ਅਕਾਲੀ ਆਗੂਆਂ ਨੇ ਦੋਸ਼ ਲਗਾਇਆ ਕਿ ਦਿੱਲੀ ਸਰਕਾਰ ਦੇ ਮੰਤਰੀਆਂ ਵੱਲੋਂ ਦਿੱਲੀ ਕਮੇਟੀ ਦੇ ਦੋ ਚੁਣੇ ਹੋਏ ਮੈਂਬਰਾਂ ਦੀ ਮੈਂਬਰਸ਼ਿਪ ਸਿਆਸੀ ਦੁਰਭਾਵਨਾ ਕਾਰਨ ਰੱਦ ਕਰਵਾਉਣ ਦੇ ਵਿਰੋਧ ਵਿੱਚ ਅੱਜ ਹਜ਼ਾਰਾਂ ਪੰਥਪ੍ਰਸਤ ਸਿੱਖ ਇੱਥੇ ਇਕੱਠੇ ਹੋਏ ਹਨ। ਇਸ ਮੌਕੇ ਦਿੱਲੀ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦਾ ਪੁਤਲਾ ਸਾੜਨ ਨਹੀਂ ਦਿੱਤਾ ਅਤੇ ਪੁਤਲਾ ਫਾੜ ਦਿੱਤਾ। ਜਿਸ ਕਾਰਨ ਕਾਫ਼ੀ ਸਮੇਂ ਤੱਕ ਟਕਰਾਅ ਚਲਦਾ ਰਿਹਾ। ਸਰਨਾ ਨੇ ਦਾਅਵਾ ਕੀਤਾ ਕਿ ਭਾਜਪਾ ਸਿੱਖਾਂ ਦੀਆਂ ਧਾਰਮਿਕ ਕਮੇਟੀਆਂ ਵਿੱਚ ਲਗਾਤਾਰ ਦਖਲਅੰਦਾਜ਼ੀ ਕਰ ਰਹੀ ਹੈ। ਹਜ਼ੂਰ ਸਾਹਿਬ, ਪਟਨਾ ਸਾਹਿਬ, ਹਰਿਆਣਾ ਕਮੇਟੀ ਤੋਂ ਬਾਅਦ ਹੁਣ ਇਹ ਰਾਜਨੀਤਿਕ ਦਖਲਅੰਦਾਜ਼ੀ ਦਿੱਲੀ ਕਮੇਟੀ ਤੱਕ ਪਹੁੰਚ ਗਈ ਹੈ। ਸਾਡੇ ਦੋ ਚੁਣੇ ਹੋਏ ਦਿੱਲੀ ਕਮੇਟੀ ਮੈਂਬਰਾਂ ਨੂੰ ਹਟਾ ਦਿੱਤਾ ਗਿਆ ਹੈ ਅਤੇ ਕਥਿਤ ਸ਼ਰਾਬੀ-ਕਬਾਬੀਆਂ ਨੂੰ ਕਮੇਟੀ ਮੈਂਬਰ ਬਣਾਇਆ ਗਿਆ ਹੈ। ਇਹ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਦੀ ਸਿੱਧੀ ਦਖਲਅੰਦਾਜ਼ੀ ਹੈ। ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਬਹੁਤ ਸਮਝਦਾਰ ਹਨ, ਉਨ੍ਹਾਂ ਨੂੰ ਵਕਤ ਵਿਚਾਰਦੇ ਹੋਏ ਸਮਝ ਕੇ ਫੈਸਲੇ ਲੈਣੇ ਚਾਹੀਦੇ ਹਨ, ਕਿਉਂਕਿ ਇਹ ਕੰਮ ਭਾਜਪਾ ਨੂੰ ਬਹੁਤ ਮਹਿੰਗਾ ਪਵੇਗਾ। ਹਾਲਾਂਕਿ ਦਿੱਲੀ ਹਾਈਕੋਰਟ ਤੋਂ ਪਟੀਸ਼ਨ ਵਾਪਸ ਲੈਕੇ ਭੱਜਣ ਵਾਲੇ ਲੋਕਾਂ ਨੂੰ ਅਨੈਤਿਕ ਢੰਗ ਨਾਲ ਦਿੱਲੀ ਕਮੇਟੀ ਦਾ ਮੈਂਬਰ ਬਣਾਉਣ ਦੀ ਗਲਤੀ ਕੀਤੀ ਗਈ ਹੈ। ਸਰਨਾ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਦੀ ਉਂਗਲੀ ਅਜੇ ਵੀ ਦੇਸ਼ ਦੀ ਸੰਸਦ ਵੱਲ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਸਰਕਾਰ ਨੂੰ ਆਜ਼ਾਦੀ ਸਮੇਂ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਕਰਨੇ ਚਾਹੀਦੇ ਹਨ। ਪਰ ਸਰਕਾਰ ਸਿੱਖਾਂ ਨਾਲ ਟਕਰਾਅ ਦੀ ਰਾਹ 'ਤੇ ਚੱਲ ਰਹੀ ਹੈ। ਜੀ.ਕੇ. ਨੇ ਕਿਹਾ ਕਿ ਅਸੀਂ ਇਹ ਲੜਾਈ ਸੜਕਾਂ ਤੋਂ ਲੈ ਕੇ ਅਦਾਲਤਾਂ ਤੱਕ ਲੜਾਂਗੇ ਅਤੇ ਸਰਕਾਰ ਦੀ ਬੇਇਨਸਾਫ਼ੀ ਅਤੇ ਅਨੈਤਿਕ ਕੰਮਾਂ ਦਾ ਵਿਰੋਧ ਕਰਾਂਗੇ। ਕਿਉਂਕਿ ਸਰਕਾਰ ਨੇ ਲੋਕਤੰਤਰ ਦਾ ਕਤਲ ਕੀਤਾ ਹੈ। ਅਸੀਂ ਢੁਕਵਾਂ ਜਵਾਬ ਦੇਵਾਂਗੇ, ਇੱਕ ਸਰਕਾਰੀ ਕਲਰਕ ਨੂੰ ਅੱਗੇ ਰੱਖ ਕੇ ਪਰਦੇ ਪਿੱਛੇ ਇਹ ਖੇਡ ਖੇਡਣ ਵਾਲਿਆਂ ਨੂੰ ਅਸੀਂ ਸੰਗਤਾਂ ਦੇ ਸਾਹਮਣੇ ਬੇਨਕਾਬ ਕਰਾਂਗੇ। ਸਾਡਾ ਗੁੱਸਾ ਦਿੱਲੀ ਸਰਕਾਰ ਅਤੇ ਦਿੱਲੀ ਕਮੇਟੀ ਦੋਵਾਂ ਵਿਰੁੱਧ ਹੈ। ਕਿਉਂਕਿ ਦਿੱਲੀ ਹਾਈਕੋਰਟ ਦੇ ਹੁਕਮਾਂ ਦੇ ਬਾਵਜੂਦ ਦਿੱਲੀ ਸਰਕਾਰ ਆਮ ਚੋਣਾਂ ਲਈ ਵੋਟਰ ਬਣਾਉਣ ਦੀ ਬਜਾਏ ਚੋਰ ਮੋਰੀ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਮੈਂਬਰਾਂ ਦੀ ਅਦਲਾ ਬਦਲੀ ਕਰ ਰਹੀ ਹੈ। ਜਿਨ੍ਹਾਂ ਮੈਂਬਰਾਂ ਦੀ ਮੈਂਬਰਸ਼ਿਪ ਖਤਮ ਕੀਤੀ ਗਈ ਹੈ, ਉਨ੍ਹਾਂ ਨੂੰ ਕੋਈ ਅਗਾਊਂ ਸੂਚਨਾ ਨਹੀਂ ਦਿੱਤੀ ਗਈ ਅਤੇ ਜਿਨ੍ਹਾਂ ਨੂੰ ਨਵੇਂ ਮੈਂਬਰ ਬਣਾਇਆ ਗਿਆ ਹੈ, ਉਨ੍ਹਾਂ ਦੀ ਯੋਗਤਾ ਦਿੱਲੀ ਕਮੇਟੀ ਦੀ ਧਾਰਾ 10 ਤਹਿਤ ਨਹੀਂ ਜਾਂਚੀ ਗਈ ਅਤੇ ਨਾ ਹੀ ਉਨ੍ਹਾਂ ਦਾ ਗੁਰੂਮੁਖੀ ਦਾ ਟੈਸਟ ਲਿਆ ਗਿਆ ਹੈ। ਇਸ ਮੌਕੇ ਦਿੱਲੀ ਕਮੇਟੀ ਦੇ ਕਈ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਅਹੁਦੇਦਾਰ ਅਤੇ ਵਰਕਰ ਸਾਹਿਬਾਨ ਮੌਜੂਦ ਸਨ।






## ਰਵਾਇਤੀ ਖੇਤੀ ਛੱਡ ਕੇ ਨਵੀਂ ਤਕਨੀਕ ਅਪਨਾਉਣ ਕਿਸਾਨ: ਰਣਬੀਰ ਗੰਗਵਾ

ਚੰਡੀਗੜ੍ਹ, 8 ਜੂਨ- ਹਰਿਆਣਾ ਦੇ ਜਨ ਸਿਹਤ ਇੰਜੀਨਿਅਰਿੰਗ ਅਤੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਘਟਤੀ ਜੋਤ ਅਤੇ ਬਦਲਦੇ ਮੌਸਮ ਅਨੁਸਾਰ ਕਿਸਾਨਾਂ ਨੂੰ ਰਵਾਇਤੀ ਖੇਤੀ ਦੀ ਥਾਂ ਵੱਧ ਤੋਂ ਵੱਧ ਨਵੀਂ ਤਕਨੀਕ ਅਤੇ ਵਿਗਿਆਨਿਕ ਢੰਗ ਨਾਲ ਖੇਤੀ ਕਰਨ ਦੀ ਲੋੜ ਹੈ। ਉਨ੍ਹਾਂ ਨੇ ਕਿਸਾਨਾਂ ਤੋਂ ਅਪੀਲ ਕੀਤੀ ਕਿ ਉਹ ਰਵਾਇਤੀ ਖੇਤੀ ਛੱਡ ਕੇ ਖੇਤੀ ਲਈ ਨਵੀਂ ਤਕਨੀਕ ਅਪਨਾਉਣ ਅਤੇ ਆਪਣੀ ਆਮਦਣ ਵਧਾਉਣ। ਪੌਧਿਆਂ ਤੋਂ ਸਾਨੂੰ ਸਕਾਰਾਤਮਕ ਊਰਜਾ ਮਿਲਦੀ ਹੈ। ਵਾਤਾਵਰਣ ਸਰੰਖਣ ਲਈ ਪੌਧੇ ਲਗਾਉਣਾ ਬਹੁਤ ਜਰੂਰੀ ਹੈ। ਜਨ ਸਿਹਤ ਇੰਜੀਨਿਅਰਿੰਗ ਅਤੇ ਲੋਕ ਨਿਰਮਾਣ ਮੰਤਰੀ ਅੱਜ ਭਿਵਾਨੀ ਦੇ ਪਿੰਡ ਮੰਢਾਣ ਵਿੱਚ ਆਰਗੇਨਿਕ ਹਰਿਆਲੀ ਨਰਸਰੀ ਦੇ ਉਦਘਾਟਨ ਪੋ?ਰਗਰਾਮ ਤੋਂ ਬਾਅਦ ਮੌਜੂਦ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਮੰਤਰੀ ਨੇ ਵੱਖ ਵੱਖ ਤਰੱਕਸ਼ੀਲ ਕਿਸਾਨਾਂ ਨੂੰ ਸਨਮਾਨਿਤ ਕੀਤਾ। ਮੰਤਰੀ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਕਿਸਾਨਾਂ ਦੇ ਹੱਕਾਂ ਪ੍ਰਤੀ ਵਚਨਬੱਧ ਹੈ। ਕੇਂਦਰ ਸਰਕਾਰ ਨੇ ਕਿਸਾਨਾਂ ਦੀ ਆਮਦਣ ਵਧਾਉਣ ਲਈ ਹੋਰ ਕਦਮ ਚੁੱਕੇ ਹਨ, ਉੱਥੇ ਹੀ ਸੂਬੇ ਵਿੱਚ ਵਾਧੂ ਫਸਲਾਂ ਐਮਐਸਪੀ 'ਤੇ ਖਰੀਦੀ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਖੇਤੀ ਵਿੱਚ ਨਵੀਂ ਤਕਨੀਕਾਂ ਅਪਨਾਉਣ, ਤਾਂ ਜੋ ਸੂਬੇ ਦੇ ਕਿਸਾਨ ਵੀ ਉੱਦਮੀ ਬਨਣ ਵੱਲ ਅੱਗੇ ਵੱਧਣ ਅਤੇ ਉਨ੍ਹਾਂ ਦੀ ਆਮਦਣ ਵਿੱਚ ਵੀ ਵਾਧਾ ਹੋਵੇ। ਉਨ੍ਹਾਂ ਨੇ ਕਿਸਾਨਾਂ ਤੋਂ ਅਪੀਲ ਕੀਤੀ ਕਿ ਉਹ ਰਵਾਇਤੀ ਖੇਤੀ ਨੂੰ ਛੱਡ ਕੇ ਬਾਜਾਰ ਦੀ ਮੰਗ ਅਨੁਸਾਰ ਖੇਤੀ ਕਰਨ, ਇਸ ਨਾਲ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ ਅਤੇ ਉਨ੍ਹਾਂ ਦੀ ਆਮਦਣ ਵਿੱਚ ਵੀ ਵਾਧਾ ਹੋਵੇਗਾ। ਇਸ ਦੇ ਲਈ ਰਾਜ ਸਰਕਾਰ ਨਾ ਕੇਵਲ ਫ?ਰੀ ਟੇ?ਰਨਿੰਗ ਦਿੰਦੀ ਹੈ ਤੇ ਨਾਲ ਹੀ ਕਿਸਾਨਾਂ ਨੂੰ ਨਵੀਂ ਖੇਤੀ ਅਪਨਾਉਣ ਲਈ ਸਬਸਿਡੀ 'ਤੇ ਖੇਤੀਬਾੜੀ ਮਸ਼ੀਨਰੀ, ਪੌਲੀ ਹਾਉਸ, ਨੈਟ ਹਾਉਸ ਅਤੇ ਹੋਰ ਤਕਨੀਕਾਂ ਦੀ ਮਦਦ ਵੀ ਦੇ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜੋਤਾਂ ਘੱਟ ਰਹੀਆਂ ਹਨ। ਅਜਿਹੇ ਵਿੱਚ ਘੱਟ ਜਮੀਨ 'ਤੇ ਵੱਧ ਮੁਨਾਫਾ ਕਮਾਉਣ ਲਈ ਤਕਨੀਕਾਂ ਦਾ ਸਹਾਰਾ ਲੈਣਾ ਹੋਵੇਗਾ।

## ਜ਼ਹਿਰੀਲੀਆਂ ਧਮੂੜੀਆਂ ਨੂੰ ਅੱਗ ਲਗਾਉਂਦੇ ਸਮੇਂ ਵਿਅਕਤੀ ਨਾਲ ਵਾਪਰੀ ਅਣਹੋਣੀ

ਗੁਰਦਾਸਪੁਰ 8 ਜੂਨ। ਕਾਹਨੂੰਵਾਨ ਕਸਬੇ ਵਿਚ ਅੱਜ ਦੁਪਹਿਰ ਇੱਕ ਦਰਦਨਾਕ ਹਾਦਸਾ ਵਾਪਰਿਆ ਜਦੋਂ ਇਕ ਵਿਅਕਤੀ ਜ਼ਹਿਰੀਲੀਆਂ ਧਮੂੜੀਆਂ ਨੂੰ ਅੱਗ ਨਾਲ ਸਾੜਦੇ ਸਮੇਂ ਆਪ ਹੀ ਅੱਗ ਦੀ ਲਪੇਟ ਵਿੱਚ ਆ ਗਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ, ਕਾਹਨੂੰਵਾਨ ਵਾਸੀ ਦਲੀਪ ਸਿੰਘ ਪੁੱਤਰ ਭੀਖਮ ਸਿੰਘ ਅੱਜ ਦੁਪਹਿਰ ਆਪਣੇ ਘਰ ਵਿੱਚ ਇਕੱਲਾ ਸੀ। ਉਸ ਦੀ ਪਤਨੀ ਕਿਸੇ ਕੰਮ ਵਾਸਤੇ ਕਿਸੇ ਹੋਰ ਘਰ ਗਈ ਹੋਈ ਸੀ। ਦਲੀਪ ਸਿੰਘ ਨੇ ਘਰ ਦੀ ਛੱਤ 'ਤੇ ਪਈਆਂ ਲੱਕੜੀਆਂ ਅਤੇ ਧਮੋੜੀਆਂ ਨੂੰ ਡੀਜ਼ਲ ਦੇ ਨਾਲ ਸਾੜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਡੀਜ਼ਲ ਨੇ ਅੱਗ ਨੂੰ ਹੋਰ ਭੜਕਾ ਦਿੱਤਾ ਤੇ ਜਦੋਂ ਉਹ ਅੱਗ ਤੋਂ ਪਿੱਛੇ ਹਟਣ ਲੱਗਿਆ ਤਾਂ ਪੌੜੀ ਅਤੇ ਲੱਕੜਾਂ ਸਮੇਤ ਹੇਠਾਂ ਡਿੱਗ ਪਿਆ। ਡਿੱਗਣ ਨਾਲ ਉਹ ਭੜਕਦੀ ਅੱਗ ਦੀ ਲਪੇਟ 'ਚ ਆ ਗਿਆ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਰ ਵਿੱਚ ਪਈ ਵਾਸ਼ਿੰਗ ਮਸ਼ੀਨ ਵੀ ਅੱਗ ਕਾਰਨ ਸੜ ਗਈ। ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਉਹ ਦੁਪਹਿਰ ਦਾ ਖਾਣਾ ਬਣਾ ਕੇ ਬਾਹਰ ਕੰਮ ਲਈ ਗਈ ਸੀ ਅਤੇ ਸੋਚਿਆ ਸੀ ਕਿ ਵਾਪਸ ਆ ਕੇ ਖਾਣਾ ਖਾਵਾਂਗੇ, ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਦਲੀਪ ਸਿੰਘ ਦੀ ਮੌਤ ਕਾਰਨ ਮੁਹੱਲੇ ਅਤੇ ਕਸਬੇ ਵਿੱਚ ਸੋਗ ਦੀ ਲਹਿਰ ਹੈ। ਉਨ੍ਹਾਂ ਦੀਆਂ ਦੋ ਧੀਆਂ ਹਨ, ਜੋ ਵਿਆਹੀਆਂ ਹੋਈਆਂ ਹਨ। ਦਲੀਪ ਸਿੰਘ ਦਿਹਾੜੀਦਾਰ ਵਜੋਂ ਕੰਮ ਕਰਦਾ ਸੀ। ਪਰਿਵਾਰ ਵੱਲੋਂ ਕਿਸੇ ਵੀ ਪੁਲਸ ਜਾਂ ਕਾਨੂੰਨੀ ਕਾਰਵਾਈ ਦੀ ਮੰਗ ਨਹੀਂ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

## ਸਰਹੱਦ ਪਾਰੋਂ ਆਈ ਸੀ ਹੈਰੋਇਨ ਦੀ ਵੱਡੀ ਖੇਪ, ਮੋਟਰਸਾਈਕਲਾਂ 'ਤੇ ਨਸ਼ਾ ਲਿਆਉਂਦੇ ਤਸਕਰ ਰੰਗੇ ਹੱਥੀਂ ਕਾਬੂ

ਅੰਮ੍ਰਿਤਸਰ 8 ਜੂਨ। ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਇੱਕ ਮਹੱਤਵਪੂਰਨ ਸਫਲਤਾ ਪ੍ਰਾਪਤ ਕਰਦੇ ਹੋਏ ਅੰਮ੍ਰਿਤਸਰ ਦਿਹਾਤੀ ਪੁਲਸ ਨੇ 6 ਕਿਲੋ ਹੈਰੋਇਨ ਬਰਾਮਦ ਕਰ ਦੋ ਤਸਕਰਾਂ ਨੂੰ ਗ੍ਰਿਫਤਾਰ ਕੀਤਾ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਟਵੀਟ ਕਰ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਖਾਸ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ, ਇੱਕ ਪੁਲਸ ਟੀਮ ਨੇ ਗੁਰਦਿੱਤਾ ਉਰਫ਼ ਕਾਲੂ ਅਤੇ ਕੈਪਟਨ ਨੂੰ ਪਿੰਡ ਭਕਨਾ ਦੇ ਨੇੜੇ ਰੋਕਿਆ ਜਦੋਂ ਉਹ ਮੋਟਰਸਾਈਕਲਾਂ 'ਤੇ ਹੈਰੋਇਨ ਦੀ ਖੇਪ ਲੈ ਜਾ ਰਹੇ ਸਨ। ਇਹ ਖੇਪ ਪਾਕਿਸਤਾਨ-ਅਧਾਰਤ ਹੈਂਡਲਰਾਂ ਦੁਆਰਾ ਪੰਜਾਬ ਵਿੱਚ ਵੰਡਣ ਲਈ ਭੇਜੀ ਗਈ ਸੀ। ਉਨ੍ਹਾਂ ਦੱਸਿਆ ਕਿ ਐਨਡੀਪੀਐਸ ਐਕਟ ਦੇ ਤਹਿਤ ਪੁਲਸ ਸਟੇਸ਼ਨ ਘਰਿੰਡਾ ਵਿਖੇ ਐਫਆਈਆਰ ਦਰਜ ਕੀਤੀ ਗਈ ਹੈ। ਇੱਕ ਹੋਰ ਦੋਸ਼ੀ ਇਸ ਸਮੇਂ ਫਰਾਰ ਹੈ ਅਤੇ ਉਸਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ। ਸਰਹੱਦ ਪਾਰ ਸਬੰਧਾਂ ਸਮੇਤ ਨਸ਼ੀਲੇ ਪਦਾਰਥਾਂ ਦੀ ਸਪਲਾਈ ਲੜੀ ਦੀ ਪੂਰੀ ਹੱਦ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

## ਦੀਨਾਨਗਰ ਵਿਖੇ ਬੈਂਕ ਕਰਮਚਾਰੀ ਦਾ ਬੈਂਕ ਬਾਹਰੋਂ ਮੋਟਰਸਾਈਕਲ ਚੋਰੀ

ਦੀਨਾਨਗਰ 8 ਜੂਨ। ਦੀਨਾਨਗਰ ਜੀਟੀ ਰੋਡ 'ਤੇ ਸਥਿਤ ਇੰਡੀਅਨ ਬੈਂਕ ਸ਼ਾਖਾ ਦੇ ਬਾਹਰ ਖੜ੍ਹੇ ਇੱਕ ਬੈਂਕ ਕਰਮਚਾਰੀ ਦੇ ਸਪਲੈਂਡਰ ਮੋਟਰਸਾਈਕਲ ਦੇ ਚੋਰੀ ਹੋਣ ਦੀ ਖ਼ਬਰ ਸਾਹਮਣੇ ਆਈ ਹੈ । ਬੈਂਕ ਦੇ ਕਰਮਚਾਰੀ ਬੋਧਰਾਜ ਨੇ ਦੱਸਿਆ ਕਿ ਉਸਨੇ ਆਪਣਾ ਸਪਲੈਂਡਰ ਮੋਟਰਸਾਈਕਲ ਪੀਬੀ 06 ਏਬੀ 0510 ਆਮ ਵਾਂਗ ਬੈਂਕ ਦੇ ਨਾਲ ਲੱਗਦੀ ਗਲੀ ਵਿੱਚ ਖੜ੍ਹਾ ਕੀਤਾ ਸੀ। ਇਸ ਲਈ ਜਦੋਂ ਉਹ ਬੈਂਕ ਬੰਦ ਹੋਣ ਸਮੇਂ ਬੈਂਕ ਤੋਂ ਬਾਹਰ ਆਇਆ ਤਾਂ ਉਸਨੇ ਦੇਖਿਆ ਕਿ ਉਸਦਾ ਮੋਟਰਸਾਈਕਲ ਉੱਥੋਂ ਗਾਇਬ ਸੀ। ਜਦੋਂ ਬੈਂਕ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਤਿੰਨ ਨੌਜਵਾਨ ਉਸਦਾ ਮੋਟਰਸਾਈਕਲ ਚੋਰੀ ਕਰਕੇ ਉੱਥੋਂ ਲੈ ਗਏ ਸਨ। ਚੋਰੀ ਦੀ ਘਟਨਾ ਬਾਰੇ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਸ ਵੱਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ।

## ਟੂਰਿਸਟ ਗਾਈਡ ਨੇ ਮੇਘਾਲਿਆ ਹਨੀਮੂਨ ਕਤਲ ਕੇਸ ਵਿੱਚ ਨਵਾਂ ਵੇਰਵਾ ਸਾਂਝਾ ਕੀਤਾ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਮੇਘਾਲਿਆ ਵਿੱਚ ਇੱਕ ਟੂਰਿਸਟ ਗਾਈਡ ਨੇ ਪੁਲਿਸ ਨੂੰ ਦੱਸਿਆ ਕਿ ਇੰਦੌਰ ਤੋਂ ਆਏ ਹਨੀਮੂਨ ਜੋੜੇ, ਰਾਜਾ ਰਘੁਵੰਸ਼ੀ ਅਤੇ ਉਸ ਦੀ ਪਤਨੀ ਸੋਨਮ, ਜੋ 23 ਮਈ ਨੂੰ ਸੋਹਰਾ ਖੇਤਰ ਤੋਂ ਗਾਇਬ ਹੋਏ ਸਨ, ਉਸ ਦਿਨ ਉਹਨਾਂ ਦੇ ਨਾਲ ਤਿੰਨ ਹੋਰ ਆਦਮੀ ਸਨ। ਸਥਾਨਕ ਗਾਈਡ ਅਲਬਰਟ ਪੀਡੇ ਨੇ ਕਿਹਾ ਕਿ ਉਸ ਨੇ 23 ਮਈ ਦੀ ਸਵੇਰ ਨੂੰ ਜੋੜੇ ਨੂੰ ਤਿੰਨ ਹੋਰ ਆਦਮੀਆਂ ਨਾਲ ਦੇਖਿਆ ਜਦੋਂ ਉਹ ਨੋਂਗਰੀਅਤ ਤੋਂ ਮੌਲਖੀਅਤ ਤੱਕ 3,000 ਤੋਂ ਵੱਧ ਪੌੜੀਆਂ ਚੜ੍ਹ ਰਹੇ ਸਨ। "ਚਾਰ ਆਦਮੀ ਅੱਗੇ-ਅੱਗੇ ਜਾ ਰਹੇ ਸਨ ਜਦਕਿ ਔਰਤ ਪਿੱਛੇ ਸੀ। ਚਾਰੇ ਆਦਮੀ ਹਿੰਦੀ ਵਿੱਚ ਗੱਲਬਾਤ ਕਰ ਰਹੇ ਸਨ, ਪਰ ਮੈਂ ਸਮਝ ਨਹੀਂ ਸਕਿਆ ਕਿ ਉਹ ਕੀ ਗੱਲ ਕਰ ਰਹੇ ਸਨ ਕਿਉਂਕਿ ਮੈਨੂੰ ਸਿਰਫ਼ ਖਾਸੀ ਅਤੇ ਅੰਗਰੇਜ਼ੀ ਆਉਂਦੀ ਹੈ। ਉਸ ਨੇ ਇੱਕ ਦਿਨ ਪਹਿਲਾਂ, 22 ਮਈ ਨੂੰ, ਜੋੜੇ ਨੂੰ ਮਿਲਿਆ ਸੀ ਅਤੇ ਉਹਨਾਂ ਨੂੰ ਨੋਂਗਰੀਅਤ ਲੈ ਜਾਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਹਨਾਂ ਨੇ ਭਾ ਵਾਨਸਾਈ ਨਾਮਕ ਇੱਕ ਹੋਰ ਗਾਈਡ ਨੂੰ ਰੱਖ ਲਿਆ ਸੀ। ਉਸ ਨੇ ਕਿਹਾ ਕਿ ਉਹ ਸ਼ਿਪਾਰਾ



ਹੋਮਸਟੇ ਵਿੱਚ ਰਾਤ ਰੁਕੇ ਅਤੇ ਅਗਲੇ ਦਿਨ ਬਿਨਾਂ ਗਾਈਡ ਦੇ ਵਾਪਸ ਆਏ। ਜਦੋਂ ਪੀਡੇ ਉਸ ਦਿਨ ਮੌਲਖੀਅਤ ਪਹੁੰਚਿਆ, ਤਾਂ ਜੋੜੇ ਦਾ ਕਿਰਾਏ ਦਾ ਸਕੂਟਰ ਪਾਰਕਿੰਗ ਖੇਤਰ ਵਿੱਚ ਨਹੀਂ ਸੀ। ਸਕੂਟਰ ਬਾਅਦ ਵਿੱਚ ਸੋਹਰਾਰਿਮ ਵਿਖੇ, ਕਈ ਕਿਲੋਮੀਟਰ ਦੂਰ, ਛੱਡਿਆ ਹੋਇਆ ਮਿਲਿਆ, ਜਿਸ ਦੀਆਂ ਚਾਬੀਆਂ ਅਜੇ ਵੀ ਜੁੜੀਆਂ ਸਨ। ਸੋਨਮ ਦੇ ਭਰਾ, ਗੋਵਿੰਦ, ਜੋ ਖੋਜ ਵਿੱਚ ਮਦਦ ਲਈ ਸ਼ਿਲੌਂਗ ਵਿੱਚ ਹੈ, ਉਸ ਨੇ ਰਾਜ ਸਰਕਾਰ ਦੇ ਯਤਨਾਂ ਦੀ ਆਲੋਚਨਾ ਕੀਤੀ ਹੈ। "ਸਾਨੂੰ ਪੂਰਾ ਵਿਸ਼ਵਾਸ ਹੈ ਕਿ ਸੋਨਮ ਜਿਉਂਦੀ ਹੈ। ਉਹ ਉਸ ਦੀ ਖੋਜ ਅਜਿਹੇ ਕਰ ਰਹੇ ਹਨ ਜਿਵੇਂ ਉਹ ਮਰ ਚੁੱਕੀ ਹੋਵੇ," ਉਸ ਨੇ ਅਧਿਕਾਰੀਆਂ ਨੂੰ ਸੀਬੀਆਈ ਜਾਂ ਹੋਰ ਏਜੰਸੀਆਂ ਨੂੰ ਸ਼ਾਮਲ ਕਰਨ ਦੀ ਅਪੀਲ ਕੀਤੀ। ਇਸ ਦੌਰਾਨ, ਮੁੱਖ ਮੰਤਰੀ ਕੋਨਰਾਡ ਕੇ ਸੰਗਮਾ ਨੇ ਕਿਹਾ ਕਿ ਸਰਕਾਰ ਸੰਭਵ ਸਭ ਕੁਝ ਕਰ ਰਹੀ ਹੈ। "ਕੋਈ ਵੀ ਕਸਰ ਨਹੀਂ ਛੱਡੀ ਜਾ ਰਹੀ," ਉਸ ਨੇ ਕਿਹਾ। ਪੂਰਬੀ ਖਾਸੀ ਹਿੱਲਜ਼ ਜ਼ਿਲ੍ਹੇ ਦੇ ਸੁਪਰਡੈਂਟ ਆਫ ਪੁਲਿਸ ਵਿਵੇਕ ਸੀਅਮ ਨੇ ਦੱਸਿਆ ਕਿ ਬਚਾਅ ਟੀਮਾਂ ਮੁਸ਼ਕਿਲ ਹਾਲਾਤਾਂ ਦੇ ਬਾਵਜੂਦ ਖੋਜ ਜਾਰੀ ਰੱਖ ਰਹੀਆਂ ਹਨ।

## ਲਾਰੈਂਸ ਗੈਂਗ ਵਿੱਚ ਬਗਾਵਤ ! ਨਜ਼ਦੀਕੀ ਸਾਥੀ ਵੱਖ ਹੋਏ

ਦੇਸ਼ ਭਰ ਵਿੱਚ ਵੱਡੇ ਅਪਰਾਧਾਂ ਨੂੰ ਅੰਜਾਮ ਦੇਣ ਵਾਲੇ ਲਾਰੈਂਸ ਗੈਂਗ ਵਿੱਚ ਫੁੱਟ ਪੈ ਗਈ ਹੈ। ਕਿਹਾ ਜਾ ਰਿਹਾ ਹੈ ਕਿ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਨੇ ਲਾਰੈਂਸ ਗੈਂਗ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਬਾਰੇ ਅਜੇ ਤੱਕ ਕੋਈ ਪੁਸ਼ਟੀ ਨਹੀਂ ਹੋਈ ਹੈ। ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਵਿਚਕਾਰ ਕੁਝ ਸਮੇਂ ਤੋਂ ਤਣਾਅ ਚੱਲ ਰਿਹਾ ਹੈ, ਜਿਸ ਕਾਰਨ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਨੇ ਲਾਰੈਂਸ ਗੈਂਗ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ। ਤੁਹਾਨੂੰ ਦੱਸ ਦੇਈਏ ਕਿ ਲਾਰੈਂਸ ਆਪਣੇ ਆਪ ਨੂੰ ਇੱਕ ਹਿੰਦੂ ਗੈਂਗਸਟਰ ਵਜੋਂ ਦਰਸਾਉਂਦਾ ਹੈ ਅਤੇ ਗੋਲਡੀ ਬਰਾੜ ਖਾਲਿਸਤਾਨੀ ਅੱਤਵਾਦੀਆਂ ਦੇ ਸੰਪਰਕ ਵਿੱਚ ਹੈ। ਇਸ ਕਾਰਨ ਦੋਵਾਂ ਵਿੱਚ ਵਿਚਾਰਧਾਰਾ ਵਿੱਚ ਅੰਤਰ ਨੂੰ ਗੈਂਗ ਵਿੱਚ ਦਰਾਰ ਦਾ ਕਾਰਨ ਦੱਸਿਆ ਜਾ ਰਿਹਾ ਹੈ। ਧਿਆਨ ਦੇਣ ਯੋਗ ਹੈ ਕਿ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਦਾ ਮੁਖੀ ਹੈ ਅਤੇ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਨੇ ਲਾਰੈਂਸ ਦੇ ਹੁਕਮਾਂ 'ਤੇ ਭਾਰਤ ਦੇ ਕਈ ਰਾਜਾਂ ਵਿੱਚ ਹਮਲੇ ਕੀਤੇ ਹਨ। ਹੁਣ ਉਨ੍ਹਾਂ ਨੇ ਲਾਰੈਂਸ ਤੋਂ ਬਿਨਾਂ ਹੀ ਘਟਨਾਵਾਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਗੈਂਗ ਦੇ ਵੱਖ ਹੋਣ ਦੇ ਸਬੂਤ ਉਦੋਂ ਮਿਲੇ ਜਦੋਂ ਰੋਹਿਤ ਗੋਦਾਰਾ ਅਤੇ ਗੋਲਡੀ ਬਰਾੜ ਨੇ ਕੈਨੇਡਾ ਵਿੱਚ ਕਾਰੋਬਾਰੀ ਹਰਜੀਤ ਸਿੰਘ ਢੱਡਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਪਰ ਉਨ੍ਹਾਂ ਨੇ ਇਸ ਦੌਰਾਨ ਲਾਰੈਂਸ ਗੈਂਗ ਦਾ ਜ਼ਿਕਰ ਨਹੀਂ ਕੀਤਾ।

## ਨਸ਼ੇ ਵਾਲੀਆਂ ਗੋਲੀਆਂ ਸਮੇਤ 4 ਵਿਅਕਤੀ ਕਾਬੂ

ਤਲਵੰਡੀ ਸਾਬੋ 8 ਜੂਨ। ਪੰਜਾਬ ਪੁਲਸ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 4 ਵਿਅਕਤੀਆਂ ਨੂੰ 50 ਟਰਾਮਾਡੋਲ ਗੋਲੀਆਂ ਸਮੇਤ ਕਾਬੂ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਗਈ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਤਲਵੰਡੀ ਸਾਬੋ ਪਰਬਤ ਸਿੰਘ ਨੇ ਦੱਸਿਆ ਕਿ ਅਮਨੀਤ ਕੌਂਡਲ ਜ਼ਿਲ੍ਹਾ ਪੁਲਸ ਮੁਖੀ ਬਠਿੰਡਾ ਅਤੇ ਰਾਜੇਸ਼ ਸਨੇਹੀ ਡੀ. ਐੱਸ. ਪੀ. ਤਲਵੰਡੀ ਸਾਬੋ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਅ ਖ਼?ਲਾਫ਼ ਚਲਾਈ ਮੁਹਿੰਮ ਤਹਿਤ ਏ. ਐੱਸ. ਆਈ. ਜਸਕੋਰ ਸਿੰਘ ਨੇ ਬਠਿੰਡਾ ਰੋਡ 'ਤੇ ਸੂਏ ਦੇ ਪੁਲ ਨੇੜੇ ਚਾਰ ਵਿਅਕਤੀ ਦੀ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ। ਉਨ੍ਹਾਂ ਤੋਂ 50 ਗੋਲੀਆਂ ਟਰਾਮਾਡੋਲ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਕਥਿਤ ਮੁਲਜ਼ਮ ਦੀ ਪਛਾਣ ਪੰਮਾ ਪੁਤਰ ਲਿਆਸ ਮਸੀਹ ਵਾਸੀ ਗੁਰੂਸਰ ਜਗਾ, ਹਰਜਿੰਦਰ ਸਿੰਘ ਪੁੱਤਰ ਗੁਲਾਬ ਸਿੰਘ ਵਾਸੀ ਤਲਵੰਡੀ ਸਾਬੋ, ਸਨੀ ਪੁੱਤਰ ਧਰਮਵੀਰ ਸਿੰਘ ਵਾਸੀ ਪੱਖੋ ਕਲਾਂ ਜ਼ਿਲ੍ਹਾ ਬਰਨਾਲਾ ਅਤੇ ਨਿਤੇਸ਼ ਪੁੱਤਰ ਪ੍ਰੀਤਮ ਸਿੰਘ ਵਾਸੀ ਬੁਢਲਾਡਾ ਵਜੋ ਹੋਈ ਹੈ

## ਚੰਡੀਗੜ੍ਹ ਤੋਂ ਹਿਸਾਰ ਲਈ ਸਿੱਧੀ ਉਡਾਣ ਭਲਕੇ ਤੋਂ ਸ਼ੁਰੂ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਚੰਡੀਗੜ੍ਹ 8 ਜੂਨ। ਚੰਡੀਗੜ੍ਹ-ਹਿਸਾਰ ਵਿਚਕਾਰ ਨਵੀਂ ਉਡਾਣ ਸੋਮਵਾਰ ਤੋਂ ਚਲਾਈ ਜਾਵੇਗੀ। ਇਸ ਲਈ ਹਵਾਈ ਅੱਡਾ ਅਥਾਰਟੀ ਨੇ ਏ.ਟੀ. ਆਰ.-72 ਸੀਟਰ ਨੂੰ ਹਫ਼ਤੇ 'ਚ 2 ਦਿਨ ਲਈ ਸਲਾਟ ਜਾਰੀ ਕੀਤਾ ਹੈ। ਹੁਣ ਹਿਸਾਰ ਲਈ ਕੁਨੈਕਟੀਵਿਟੀ ਦੇ ਨਾਲ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਦੇਸ਼ ਦੇ 18 ਸੂਬਿਆਂ ਨਾਲ ਜੁੜ ਗਿਆ ਹੈ। ਸੀ.ਈ.ਓ. ਅਜੇ ਵਰਮਾ ਨੇ ਕਿਹਾ ਕਿ ਹਿਸਾਰ ਉਡਾਣ ਲਈ ਸਲਾਟ ਜਾਰੀ ਕਰ ਦਿੱਤਾ ਗਿਆ ਹੈ। ਕੋਸ਼ਿਸ਼ ਹੈ ਕਿ ਏਅਰਲਾਈਨਾਂ ਅਯੁੱਧਿਆ ਤੇ ਨਾਂਦੇੜ ਸਾਹਿਬ ਲਈ ਉਡਾਣਾਂ ਸ਼ੁਰੂ ਕਰ ਦੇਣ, ਜਿਸ ਲਈ ਲਗਾਤਾਰ ਗੱਲਬਾਤ ਚੱਲ ਰਹੀ ਹੈ। ਉਮੀਦ ਹੈ ਕਿ ਦੋਵਾਂ ਧਾਰਮਿਕ ਸਥਾਨਾਂ ਲਈ ਵੀ ਉਡਾਣਾਂ ਜਲਦ ਸ਼ੁਰੂ ਹੋ ਜਾਣਗੀਆਂ। ਸੀ.ਈ.ਓ. ਨੇ ਦੱਸਿਆ ਕਿ ਚੰਡੀਗੜ੍ਹ-ਹਿਸਾਰ ਵਿਚਕਾਰ ਅਲਾਇੰਸ ਏਅਰ ਏ. ਟੀ. ਆਰ.-72 ਸੀਟਰ ਦਾ ਸੰਚਾਲਨ ਕਰ ਰਿਹਾ ਹੈ। ਇਹ ਉਡਾਣ ਹਫ਼ਤੇ 'ਚ ਸਿਰਫ਼ 2 ਦਿਨ ਹੀ ਚਲਾਈ ਜਾਵੇਗੀ। ਸੋਮਵਾਰ ਤੇ ਸ਼ੁੱਕਰਵਾਰ ਨੂੰ ਸੰਚਾਲਨ ਹੋਵੇਗਾ, ਜਿਸ ਲਈ ਏਅਰਲਾਈਨ ਨੇ ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਚੰਡੀਗੜ੍ਹ ਤੋਂ ਹਿਸਾਰ ਲਈ ਉਡਾਣ ਦੁਪਹਿਰ 3:20 ਵਜੇ ਰਵਾਨਾ ਹੋਵੇਗੀ ਅਤੇ ਸ਼ਾਮ 4:30 ਵਜੇ ਪਹੁੰਚ ਜਾਵੇਗੀ। ਨਾਲ ਹੀ ਹਿਸਾਰ ਤੋਂ ਅਲਾਇੰਸ ਏਅਰ ਦੀ ਉਡਾਣ ਸ਼ਾਮ 4:55 ਵਜੇ ਜਾਵੇਗੀ ਤੇ ਸ਼ਾਮ 5:55 ਵਜੇ ਚੰਡੀਗੜ੍ਹ ਪਹੁੰਚੇਗੀ। ਹਿਸਾਰ ਤੋਂ ਚੰਡੀਗੜ੍ਹ ਤੱਕ ਉਡਾਣ ਦੀ ਮਿਆਦ ਲਗਭਗ 1 ਘੰਟਾ ਤੇ ਚੰਡੀਗੜ੍ਹ ਤੋਂ ਹਿਸਾਰ ਤੱਕ ਉਡਾਣ ਦੀ ਮਿਆਦ 1 ਘੰਟਾ 10 ਮਿੰਟ ਰਹੇਗੀ। ਕਿਰਾਇਆ 1449 ਰੁਪਏ ਤੋਂ 1704 ਰੁਪਏ ਤੱਕ ਰੱਖਿਆ ਗਿਆ ਹੈ, ਹਾਲਾਂਕਿ ਬੁਕਿੰਗ ਫਲੈਕਸੀ ਫੇਅਰ ਦੇ ਆਧਾਰ 'ਤੇ ਕੀਤੀ ਜਾਵੇਗੀ। ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਦਿੱਲੀ ਲਈ ਸਭ ਤੋਂ ਵੱਧ 12 ਉਡਾਣਾਂ ਹਨ, ਜਦੋਂਕਿ ਮੁੰਬਈ ਤੇ ਬੰਗਲੁਰੂ ਲਈ 6-6 , ਜੈਪੁਰ ਤੇ ਸ਼੍ਰੀਨਗਰ ਲਈ 4-4, ਲੇਹ ਤੇ ਹੈਦਰਾਬਾਦ ਲਈ 2-2, ਅਹਿਮਦਾਬਾਦ ਲਈ 3, ਕੋਲਕਾਤਾ, ਧਰਮਸ਼ਾਲਾ, ਗੋਆ, ਇੰਦੌਰ, ਜੰਮੂ, ਲਖਨਊ, ਚੇਨਈ, ਪਟਨਾ ਤੇ ਪੁਣੇ ਲਈ 1-1 ਉਡਾਣ ਰੋਜ਼ਾਨਾਂ ਜਾ ਰਹੀਆਂ ਹਨ। ਸੂਚੀ 'ਚ ਹੁਣ ਸੋਮਵਾਰ ਤੋਂ ਹਿਸਾਰ ਹਵਾਈ ਅੱਡੇ ਦਾ ਨਾਮ ਵੀ ਜੁੜ ਗਿਆ ਹੈ। ਅਜਿਹੇ 'ਚ ਚੰਡੀਗੜ੍ਹ ਤੋਂ ਲਗਭਗ 18 ਰਾਜਾਂ ਲਈ ਹਵਾਈ ਸੇਵਾ ਸ਼ੁਰੂ ਹੋ ਚੁੱਕੀ ਹੈ।

## ਲੁਧਿਆਣਾ ਚੋਣ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ, ਕਈ ਵੱਡੇ ਆਗੂ 'ਆਪ' 'ਚ' ਸ਼ਾਮਲ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਜਲੰਧਰ/ਲੁਧਿਆਣਾ 8 ਜੂਨ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਨੂੰ ਵੱਡਾ ਹੁਲਾਰਾ ਮਿਲਿਆ ਹੈ। ਐਤਵਾਰ ਨੂੰ ਸ਼ਹਿਰ ਦੇ ਸੈਂਕੜੇ ਕਾਂਗਰਸੀ ਆਗੂ ਆਪਣੇ ਸਮਰਥਕਾਂ ਸਮੇਤ 'ਆਪ' ਵਿੱਚ ਸ਼ਾਮਲ ਹੋਏ। ਲੁਧਿਆਣਾ ਵਾਰਡ ਨੰਬਰ-59 ਵਿਚੋਂ ਕਈ ਕਾਂਗਰਸੀ ਆਗੂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ। ਇਨ੍ਹਾਂ ਆਗੂ ਨੂੰ 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਥਾਨਕ ਆਗੂਆਂ ਦੀ ਮੌਜੂਦਗੀ ਵਿੱਚ ਸਾਰੇ ਨਵੇਂ ਮੈਂਬਰਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਸਵਾਗਤ ਕੀਤਾ। ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਆਗੂਆਂ ਵਿਚ ਬਲਰਾਜ ਸਿੰਘ, ਮਾਹਿਲ, ਦਿਨੇਸ਼ ਕੁਮਾਰ, ਰਾਮ, ਰਜਿੰਦਰ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ, ਜਸਵਿੰਦਰ ਸਿੰਘ, ਨਛੱਤਰ ਸਿੰਘ, ਜਗਦੀਪ ਸਿੰਘ ਤਾਰੀ, ਗੱਡੂ, ਨਿਰਮਲ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਮੋਹਨ ਧੀਰ, ਮੰਗਾ, ਚਮਕੌਰ ਸਿੰਘ, ਹਰਪ੍ਰੀਤ ਸਿੰਘ, ਸੁਖਦੇਵ ਸਿੰਘ, ਕੁਲਵਿੰਦਰ ਸਿੰਘ ਆਦਿ ਸ਼ਾਮਲ ਹਨ। ਸ਼ੈਰੀ ਕਲਸੀ ਵੱਲੋਂ ਜਦੋਂ ਆਗੂਆਂ ਨੂੰ ਕਾਂਗਰਸ ਛੱਡ ਕੇ ਆਉਣ ਦਾ ਕਾਰਨ ਪੁੱਛਿਆ ਗਿਆ ਤਾਂ ਉਨ੍ਹਾਂ ਬਿਆਨ ਦਿੰਦੇ ਕਿਹਾ ਕਿ ਕਾਂਗਰਸ ਵਿਚ ਤਾਂ ਆਪਸ ਵਿਚ ਹੀ ਇਕ-ਦੂਜੀਆਂ ਦੀਆਂ ਲੱਤਾਂ ਖਿੱਚੀ ਜਾਂਦੇ ਹਨ ਤਾਂ ਸਾਨੂੰ ਉਨ੍ਹਾਂ ਨੇ ਕੀ ਪੁੱਛਣਾ ਹੈ। ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੰਮ ਕਰਨ ਦਾ ਤਰੀਕਾ ਸਾਨੂੰ



ਬੇਹੱਦ ਪਸੰਦ ਆਇਆ, ਜਿਸ ਕਰਕੇ ਅੱਜ ਅਸੀਂ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਾਂ। ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਸ਼ੈਰੀ ਕਲਸੀ ਨੇ ਸਾਰੇ ਨਵੇਂ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਕੰਮ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਦੇ ਆਗੂ ਲਗਾਤਾਰ 'ਆਪ' ਵਿੱਚ ਸ਼ਾਮਲ ਹੋ ਰਹੇ ਹਨ। ਅੱਜ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਦਾ ਪਾਰਟੀ ਵਿੱਚ ਸ਼ਾਮਲ ਹੋਣਾ ਯਕੀਨੀ ਤੌਰ 'ਤੇ ਜ਼ਿਮਨੀ ਚੋਣਾਂ ਵਿੱਚ ਸਾਨੂੰ ਵੱਡਾ ਹੁਲਾਰਾ ਦੇਵੇਗਾ।

## ਪ੍ਰਧਾਨ ਧਾਮੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ ਕਾਇਮ ਰੱਖਣ 'ਚ ਨਿਭਾਈ ਅਹਿਮ ਜ਼ਿੰਮੇਵਾਰੀ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਅੰਮ੍ਰਿਤਸਰ 8 ਜੂਨ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਘੱਲੂਘਾਰੇ ਦੀ 41ਵੀਂ ਬਰਸੀ ਸਮਾਗਮ 'ਤੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਆਪਣੀ ਦੂਰ ਅੰਦੇਸ਼ੀ ਸੋਚ ਤੇ ਲਿਆਕਤ ਸਦਕਾ ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰਦੀਆ ਤੇ ਟਾਸਕ ਫੋਰਸ ਦਰਮਿਆਨ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਲੈ ਕੇ ਹੋਣ ਵਾਲਾ ਟਕਰਾਅ ਟਾਲਣ ਤੇ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ ਨੂੰ ਕਾਇਮ ਰੱਖਣ 'ਚ ਸਫਲ ਰਹੇ ਹਨ ਜਿਸ ਦੇ ਹਰ ਪਾਸੇ ਖੂਬ ਸ਼ਲਾਘਾ ਹੋ ਰਹੀ ਹੈ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਦਾ ਸ਼ੁਰੂ ਤੋਂ ਹੀ ਵਿਰੋਧ ਕਰਨ ਵਾਲੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕੁਝ ਦਿਨ ਪਹਿਲਾਂ ਐਲਾਨ ਕੀਤਾ ਸੀ ਕਿ ਇਸ ਵਾਰ 6 ਜੂਨ ਨੂੰ ਜਥੇ.ਗੜਗੱਜ ਨੂੰ ਸਿੱਖ ਕੋਮ ਦੇ ਨਾਮ ਸੰਦੇਸ਼ ਜਾਰੀ ਨਹੀਂ ਕਰਨ ਦਿੱਤਾ ਜਾਵੇਗਾ ਅਤੇ ਨਾ ਹੀ ਉਹ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਤ ਕਰਨ ਦਾ ਯਤਨ ਕਰਨ, ਨਹੀ ਤਾਂ ਦਮਦਮੀ ਟਕਸਾਲ ਵਲੋਂ ਸਖ਼ਤ ਵਿਰੋਧ ਕੀਤਾ ਜਾਵੇਗਾ ਤੇ ਜੇਕਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ 6 ਜੂਨ ਨੂੰ ਮਹੋਲ ਖਰਾਬ ਹੁੰਦਾ ਹੈ ਤਾਂ ਉਸ ਲਈ ਸਿੱਧੇ ਤੌਰ 'ਤੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੋਵੇਗੀ। ਬਾਬਾ ਹਰਨਾਮ ਸਿੰਘ ਖਾਲਸਾ ਦੇ ਐਲਾਨ ਤੋਂ ਬਾਅਦ ਨਿਹੰਗ ਸਿੰਘ ਜਥੇਬੰਦੀਆ ਨੇ ਵੀ



ਜਥੇ.ਗੜਗੱਜ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ ਜਿਸ ਕਾਰਨ ਇਸ ਵਾਰ ਕੇਂਦਰ ਤੇ ਪੰਜਾਬ ਸਰਕਾਰ, ਦੇਸ਼ ਵਿਦੇਸ਼ ਦੀਆ ਸੰਗਤਾਂ, ਪੁਲਸ ਪ੍ਰਸ਼ਾਸ਼ਨ ਅਤੇ ਏਜੰਸੀਆਂ ਦੀਆ ਨਜ਼ਰਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਣ ਵਾਲੇ ਬਰਸੀਂ ਸਮਾਗਮ 'ਤੇ ਟਿਕੀਆਂ ਹੋਈਆਂ ਸਨ ਕਿਉਂਕਿ ਸਿੱਖ ਜਥੇਬੰਦੀਆਂ ਤੇ ਸ਼?ਰੋਮਣੀ ਕਮੇਟੀ ਦੇ ਆਹਮੋ ਸਾਹਮਣੇ ਹੋਣ ਕਾਰਨ ਪੰਥ ਵਿਰੋਧੀ ਤਾਕਤਾਂ ਵੀ ਕੋਈ ਸ਼ਰਾਰਤ ਕਰ ਸਕਦੀਆਂ ਸਨ ਜਿਸ ਨਾਲ ਵੱਡਾ ਦੁਖਾਂਤ ਵਾਪਰਨ ਦਾ ਖਦਸ਼ਾ ਸੀ। ਪਰ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੀ ਸੂਝ ਬੂਝ ਸਦਕਾ ਸ਼ਹੀਦਾਂ ਦੇ ਪਰਿਵਾਰਾਂ ਨੂੰ ਜਥੇ.ਗੜਗੱਜ ਕੋਲੋਂ ਸਨਮਾਨਤ ਕਰਵਾਉਣ ਦੀ ਬਜਾਏ ਖੁਦ ਸਨਮਾਨਤ ਕਰਨ ਦਾ ਜਿੰਮਾ ਸੰਭਾਲ ਲਿਆ ਜਿਸ ਨਾਲ ਸਾਰੀਆਂ ਹੀ ਧਿਰਾਂ ਦਾ ਅਸਮਾਨ ਚੜ੍ਹਿਆ ਗੁੱਸਾ ਸ਼ਾਂਤ ਹੋ ਗਿਆ ਤੇ ਬਰਸੀ ਸਮਾਗਮ ਸ਼ਾਂਤੀ ਪੂਰਵਕ ਸਪੰਨ ਹੋਇਆ। ਇਥੇ ਇਹ ਦੱਸਣਾ ਵੀ ਬਣਦਾ ਹੈ ਕਿ ਪ੍ਰਧਾਨ ਧਾਮੀ ਸੁਲਝੇ ਹੋਏ ਸਿੱਖ ਲੀਡਰ ਹਨ ਜਿਹੜੇ ਹਮੇਸ਼ਾਂ ਹੀ ਸ਼?ਰੋਮਣੀ ਕਮੇਟੀ ਤੇ ਸਿੱਖ ਕੋਮ ਲਈ ਪੈਦਾ ਹੋਣ ਵਾਲੀਆਂ ਚੁਣੋਤੀਆਂ ਦਾ ਡੱਟ ਕੇ ਸਾਮਣਾ ਕਰਨ ਅਤੇ ਉਨ੍ਹਾਂ ਦਾ ਤੋੜ ਕੱਢਣ 'ਚ ਮਾਹਰ ਸਾਬਤ ਹੋਏ ਹਨ ਤੇ ਪ੍ਰਧਾਨਗੀ ਦੇ ਅਹੁੱਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਵੀ ਸ਼ਾਇਦ ਇਸੇ ਕਾਰਨ ਹੀ ਅਕਾਲੀ ਲੀਡਰਸ਼ਿੱਪ, ਸਿੱਖ ਜਥੇਬੰਦੀਆਂ ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਉਨ੍ਹਾਂ (ਧਾਮੀ) 'ਤੇ ਮੁੜ ਸ਼?ਰੋਮਣੀ ਕਮੇਟੀ ਪ੍ਰਧਾਨ ਦੀ ਸੇਵਾ ਸੰਭਾਲਣ ਵਾਸਤੇ ਦਬਾਅ ਬਣਾਇਆ ਸੀ। ਸ੍ਰੀ ਅਕਾਲ ਤਖਤ ਸਾਹਿਬ 'ਤੇ ਸ਼ਾਂਤੀਪੂਰਵਕ ਬਰਸੀ ਸਮਾਗਮ ਸਪੰਨ ਹੋਣ ਤੋਂ ਬਾਅਦ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਜਿਹੜੇ ਕੁਝ ਦਿਨ ਪਹਿਲਾਂ ਸ਼?ਰੋਮਣੀ ਕਮੇਟੀ ਨਾਲ ਕਾਫੀ ਨਰਾਜ਼ ਨਜ਼ਰ ਆ ਰਹੇ ਸਨ। ਉਨ੍ਹਾਂ ਸਮੇਤ ਕੁਝ ਹੋਰ ਸਿੱਖ ਜਥੇਬੰਦੀਆਂ ਦੇ ਮੁਖੀ ਵੀ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਸਹਿਣਸ਼ੀਲਤਾ ਅਤੇ ਸਿਆਣਪ ਦੀ ਖੂਬ ਸ਼ਲਾਘਾ ਕਰਦੇ ਹੋਏ ਦਿਖਾਈ ਦਿੱਤੇ।

## ਪਿਤਾ ਦੀ ਅੰਤਿਮ ਅਰਦਾਸ ਮੌਕੇ ਭਾਵੁਕ ਹੋਏ ਪਰਮਿੰਦਰ ਢੀਂਡਸਾ

ਸੰਗਰੂਰ 8 ਜੂਨ। ਸ਼?ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੀ ਅੰਤਿਮ ਅਰਦਾਸ ਮੌਕੇ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਬੇਹੱਦ ਭਾਵਕੁ ਹੋ ਗਏ। ਉਨ੍ਹਾਂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵੀ ਪੁੱਤਰ ਵਾਸਤੇ ਇਸ ਤੋਂ ਕੋਈ ਕਠਿਨ ਘੜੀ ਨਹੀਂ ਹੋ ਸਕਦੀ। ਮੈਂ ਭਾਗਾਂ ਵਾਲਾ ਹੈ ਅਤੇ ਪਰਮਾਤਮਾ ਦਾ ਸ਼ੁਕਰਾਨਾ ਕਰਦਾ ਹਾਂ ਕਿ ਮੈਨੂੰ ਸ. ਸੁਖਦੇਵ ਸਿੰਘ ਢੀਂਡਸਾ ਵਰਗਾ ਪਿਓ ਮਿਲਿਆ। ਅੱਜ ਜੋ ਵੀ ਕੁੱਝ ਮੈਂ ਹਾਂ, ਮੈਂ ਸਮਝਦਾ ਹਾਂ ਕਿ ਮੇਰੇ 'ਚ ਕੋਈ ਕਾਬਲੀਅਤ ਨਹੀਂ, ਸਿਰਫ ਇੱਕੋ ਕਾਬਲੀਅਤ ਹੈ ਕਿ ਮੈਂ ਸ. ਸੁਖਦੇਵ ਸਿੰਘ ਢੀਂਡਸਾ ਦਾ ਪੁੱਤਰ ਹਾਂ। ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਜੋ ਉਨ੍ਹਾਂ ਨੇ ਸਾਡੇ ਪਰਿਵਾਰ ਵਾਸਤੇ ਕੀਤਾ ਹੈ, ਉਹ ਕਹਿਣਾ ਸੰਭਵ ਨਹੀਂ ਹੈ ਪਰ ਮੈਨੂੰ ਬਹੁਤ ਪਿਆਰ ਮਿਲਿਆ ਹੈ ਅਤੇ ਜ਼ਿੰਦਗੀ 'ਚ ਕਿਸੇ ਚੀਜ਼ ਦੀ ਕਮੀ ਨਹੀਂ ਆਉਣ ਦਿੱਤੀ। ਉਨ੍ਹਾਂ ਮਨ ਭਰਦਿਆਂ ਕਿਹਾ ਕਿ ਜਿੰਨਾ ਪਿਆਰ ਸਾਨੂੰ ਸਾਡੇ ਮਾਂ-ਪਿਓ ਤੋਂ ਮਿਲਿਆ ਹੈ, ਦੁਨੀਆ ਦੇ ਹਰ ਬੱਚੇ ਨੂੰ ਮਾਪਿਆਂ ਤੋਂ ਇੰਨਾ ਹੀ ਪਿਆਰ ਮਿਲੇ। ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਅੱਜ ਸ. ਸੁਖਦੇਵ ਸਿੰਘ ਢੀਂਡਸਾ ਦੀ ਅੰਤਿਮ ਅਰਦਾਸ 'ਚ ਸ਼ਾਮਲ ਹੋਣ ਲਈ ਹਜ਼ਾਰਾਂ ਦੀ ਗਿਣਤੀ 'ਚ ਉਨ੍ਹਾਂ ਦੇ ਸਾਥੀ ਵਿਦੇਸ਼ਾਂ ਤੋਂ ਆਏ ਹਨ, ਜਿਨ੍ਹਾਂ ਦਾ ਮੈਂ ਧੰਨਵਾਦ ਕਰਦਾ ਹਾਂ। ਸ. ਸੁਖਦੇਵ ਸਿੰਘ ਢੀਂਡਸਾ ਨੇ ਜ਼ਿੰਦਗੀ 'ਚ ਕਦੇ ਕਿਸੇ ਦਾ ਮਾੜਾ ਨਹੀਂ ਕੀਤਾ ਅਤੇ ਕਿਸੇ ਨੂੰ ਗਲਤ ਸਲਾਹ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਸ. ਢੀਂਡਸਾ ਦਾ ਸੁਫ਼ਨਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਅਕਾਲੀ ਦਲ ਹਮੇਸ਼ਾ ਤਕੜਾ ਅਤੇ ਮਜ਼ਬੂਤ ਅਤੇ ਇਸ ਲਈ ਅਸੀਂ ਹਮੇਸ਼ਾ ਯਤਨਸ਼ੀਲ ਰਹਾਂਗੇ।